ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਮਾਘ-ਫੱਗਣ, ਨਾਨਕਸ਼ਾਹੀ ੫੪੧ ਫਰਵਰੀ 2010

ਜਿਲਦ ੫੩ ਅੰਕ ੧੦

*ਸੰਪਾਦਕ*
ਸਿਮਰਜੀਤ ਸਿੰਘ
*ਐਮ.ਏ., ਐਮ.ਐਮ.ਸੀ.*

*ਸਹਾਇਕ ਸੰਪਾਦਕ*
ਸੁਰਿੰਦਰ ਸਿੰਘ ਨਿਮਾਣਾ
*ਐਮ.ਏ.,ਬੀ.ਐਡ.*

## ਚੰਦਾ

| | |
|---|---|
| ਸਾਲਾਨਾ (ਦੇਸ਼) | ੨੦ ਰੁਪਏ |
| ਲਾਈਫ਼ (ਦੇਸ਼) | ੨੦੦ ਰੁਪਏ |
| ਸਾਲਾਨਾ ਵਿਦੇਸ਼ | ੫੦੦ ਰੁਪਏ |
| ਲਾਈਫ਼ ਵਿਦੇਸ਼ | ੫੦੦੦ ਰੁਪਏ |
| ਪ੍ਰਤੀ ਕਾਪੀ | ੨ ਰੁਪਏ |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਅੰਮ੍ਰਿਤਸਰ-੧੪੩੦੦੬

**Secretary**
**Dharam Parchar Committee**
**(S.G.P.C.)**
**Amritsar-143006**

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919
website : www.sgpc.net e-mail : gurmat_parkash@yahoo.co.in

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School Libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੩ |
| ਦਿਸ਼ਾ ਨਿਰਦੇਸ਼ | | ੪ |
| ਦਿਸ਼ਾ ਨਿਰਦੇਸ਼ | | ੫ |
| ਆਦੇਸ਼ | | ੬ |
| ਸੰਪਾਦਕੀ | | ੭ |
| ਗੁਰੂ ਨਾਨਕ ਦੇਵ ਜੀ ਦੀ ਸਮਾਜਿਕ ਦੇਣ | -ਪ੍ਰੋ. ਨਰਿੰਦਰ ਕੌਰ | ੧੧ |
| ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ | -ਡਾ. ਹਰਨਾਮ ਸਿੰਘ ਸ਼ਾਨ | ੧੩ |
| ਸਿੱਖ ਧਰਮ ਵਿਚ ਭਾਣਾ ਮੰਨਣ ਦਾ ਸੰਕਲਪ | -ਡਾ. ਸ਼ਮਸ਼ੇਰ ਸਿੰਘ | ੧੯ |
| ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ | -ਸ. ਕੁਲਵੰਤ ਸਿੰਘ | ੨੩ |
| ਵੱਡਾ ਘੱਲੂਘਾਰਾ-ਖਾਲਸੇ ਦੀ ਚੜ੍ਹਦੀ ਕਲਾ ਦੀ ਗਾਥਾ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੨੯ |
| ਵੱਡਾ ਘੱਲੂਘਾਰਾ | -ਡਾ. ਹਰਬੰਸ ਸਿੰਘ | ੩੪ |
| ਸਭਰਾਉਂ ਦੀ ਜੰਗ | -ਗਿ. ਸੋਹਣ ਸਿੰਘ ਸੀਤਲ | ੪੦ |
| ਸਰਦਾਰ ਚਤਰ ਸਿੰਘ ਅਟਾਰੀ ਵਾਲਾ | -ਡਾ. ਕਿਰਪਾਲ ਸਿੰਘ | ੫੪ |
| ਬੱਬਰ ਅਕਾਲੀ ਲਹਿਰ ਅਤੇ ਉਸ ਦਾ ਪਿਛੋਕੜ | -ਸ. ਦੀਦਾਰ ਸਿੰਘ | ੬੬ |
| ਸਾਕਾ ਨਨਕਾਣਾ ਸਾਹਿਬ-ਇਕ ਨਜ਼ਰੀਆ | -ਪ੍ਰੋ. ਦਲਜੀਤ ਸਿੰਘ | ੬੯ |
| ਸਮਾਜ ਵਿਕਾਸ ਵੱਲ ਜਾਂ ਨਿਘਾਰ ਵੱਲ? | -ਬੀਬੀ ਵਰਿੰਦਰਜੀਤ ਕੌਰ | ੭੩ |
| ਪੰਥ-ਰਤਨ ਮਾਸਟਰ ਤਾਰਾ ਸਿੰਘ ਜੀ | -ਸ. ਰੂਪ ਸਿੰਘ | ੭੮ |
| ਭਲਾ ਕਰਨ ਦੀ ਪ੍ਰੇਰਨਾ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੮੭ |
| ਨਫ਼ਰਤ ਨਹੀਂ, ਪਿਆਰ! (ਕਵਿਤਾ) | -ਸ. ਸਵਰਨ ਸਿੰਘ ਕੋਮਲ | ੮੯ |
| ਖ਼ਬਰਨਾਮਾ | | ੯੦ |
| ਧਰਮ ਪ੍ਰਚਾਰ ਕਮੇਟੀ ਦੀਆਂ ਧਰਮ ਪ੍ਰਚਾਰ ਸਰਗਰਮੀਆਂ | | ੯੨ |

ਗੁਰਬਾਣੀ ਵਿਚਾਰ

# ਦਫਤਰਿ ਲੇਖਾ ਮਾਂਗੀਐ...

*ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ ॥*
*ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ ॥੧੮੭॥ (ਪੰਨਾ ੧੩੭੪)*

ਭਗਤ ਕਬੀਰ ਜੀ ਇਸ ਪਾਵਨ ਸਲੋਕ ਵਿਚ ਮਜ਼੍ਹਬੀ ਕੱਟੜਤਾ ਦੀ ਤਤਕਾਲੀ ਪ੍ਰਵਿਰਤੀ ਨੂੰ ਨਕਾਰਦੇ ਹੋਏ ਜਬਰ-ਜ਼ੁਲਮ ਕਰਨ ਵਾਲੇ ਤਤਕਾਲੀ ਸਾਸ਼ਕਾਂ-ਪ੍ਰਸਾਸ਼ਕਾਂ ਨੂੰ ਇਸ ਕੁਰਾਹੇ ਅਥਵਾ ਕੁਕਰਮ ਬਦਲੇ ਅਕਾਲ ਪੁਰਖ ਦੇ ਦੰਡ-ਵਿਧਾਨ ਦੀ ਹੋਂਦ ਤੇ ਕਾਰਜਸ਼ੀਲਤਾ ਸੰਬੰਧੀ ਚਾਨਣਾ ਪਾਉਂਦੇ ਹੋਏ ਇਹ ਕੁਕਰਮ ਤਿਆਗਣ ਵਾਸਤੇ ਨਿਰਮਲ ਪ੍ਰੇਰਨਾ ਬਖਸ਼ਿਸ਼ ਕਰਦੇ ਹਨ।

ਭਗਤ ਕਬੀਰ ਜੀ ਫ਼ਰਮਾਨ ਕਰਦੇ ਹਨ ਕਿ ਹੇ ਕਬੀਰ, ਜੇਕਰ ਤੂੰ ਕਿਸੇ ਵੀ ਰੱਬ ਦੇ ਪੈਦਾ ਕੀਤੇ ਜੀਵ ’ਤੇ ਬਲ ਪ੍ਰਯੋਗ ਕਰਦਾ ਹੈਂ ਤਾਂ ਇਹ ਯਕੀਨਨ ਤੇਰੇ ਵੱਲੋਂ ਕੀਤਾ ਜਾਣ ਵਾਲਾ ਜ਼ੁਲਮ, ਜਬਰ, ਅਨਿਆਂ ਤੇ ਅਤਿਆਚਾਰ ਹੈ ਬੇਸ਼ੱਕ ਤੂੰ ਇਸ ਕਰਮ ਨੂੰ ਸਹੀ ਠਹਿਰਾਉਣ ਵਾਸਤੇ ਇਸ ਨੂੰ ਹਲਾਲ ਭਾਵ ਪੂਰੀ ਤਰ੍ਹਾਂ ਉਚਿਤ ਸਮਝਣ ਦਾ ਭਰਮ ਪਾਲ਼ੀ ਬੈਠਾ ਹੈਂ। ਆਪਣੇ ਦੁਆਰਾ ਕੀਤੇ ਜਾਣ ਵਾਲੇ ਜ਼ੁਲਮ ਨੂੰ ਤੂੰ ਆਪਣੀ ਤਰਫੋਂ ਜਿੰਨਾ ਮਰਜ਼ੀ ਉਚਿਤ ਠਹਿਰਾਈ ਜਾ ਪਰੰਤੂ ਜੋ ਬਲ-ਪ੍ਰਯੋਗ ਹੈ ਉਹ ਹੇ ਮਨੁੱਖ! ਤੇਰੇ ਵੱਲੋਂ ਕੀਤਾ ਜ਼ੁਲਮ-ਜਬਰ ਹੀ ਹੈ, ਤੇਰੇ ਆਪਣੇ ਦੁਆਰਾ ਇਸ ਨੂੰ ਹਲਾਲ ਸਮਝਣ ਜਾਂ ਕਹਿਣ ਨਾਲ ਹੋ ਸਕਦਾ ਹੈ ਕਿ ਤੂੰ ਅਸਥਾਈ ਤੌਰ ’ਤੇ ਸਵੈ-ਸੰਤੁਸ਼ਟੀ ਮਹਿਸੂਸ ਕਰੇਂ ਪਰੰਤੂ ਖੁਦਾ ਪੂਰਨ ਨਿਆਂਕਾਰ ਹੈ। ਖੁਦਾ ਦੇ ਦਫ਼ਤਰ ਦਾ ਆਪਣਾ ਸੰਪੂਰਨ ਦੰਡ ਵਿਧਾਨ ਅਤੇ ਅਮਲ ਹੈ। ਤੈਨੂੰ ਆਪਣੇ ਦੁਆਰਾ ਕੀਤੇ ਕਰਮ ਵਾਸਤੇ ਹਿਸਾਬ ਚੁਕਾਉਣਾ ਹੀ ਪਵੇਗਾ। ਤੂੰ ਝੂਠੀਆਂ ਸਵੈ-ਸੰਤੁਸ਼ਟੀਆਂ ਮਹਿਸੂਸ ਕਰ ਕੇ ਉਸ ਅੰਤਮ ਨਿਆਂਕਾਰ ਖੁਦਾ ਦੇ ਦੰਡ-ਵਿਧਾਨ ਤੋਂ ਕਿਸੇ ਤਰ੍ਹਾਂ ਵੀ ਬਚ ਨਹੀਂ ਸਕਦਾ। ਜਦ ਤੇਰੇ ਤੋਂ ਤੇਰੇ ਦੁਆਰਾ ਕੀਤੇ ਜ਼ੋਰ, ਜਬਰ, ਜ਼ੁਲਮ ਦਾ ਹਿਸਾਬ ਮੰਗਿਆ ਜਾਵੇਗਾ ਤਾਂ ਤੂੰ ਕੀ ਜਵਾਬ ਦੇਵੇਂਗਾ? ਤੇਰਾ ਕੀ ਹਾਲ ਹੋਵੇਗਾ? ਭਾਵ ਤੈਨੂੰ ਕੀਤੇ ਕਰਮ ਦਾ ਦੰਡ ਭੁਗਤਣਾ ਹੀ ਪਵੇਗਾ। ਉਸ ਖੁਦਾ ਦਾ ਇੰਨਾ ਸ਼ਕਤੀਸ਼ਾਲੀ ਵਿਧਾਨ ਹੈ ਕਿ ਉਸ ਤੋਂ ਕਿਸੇ ਸੂਰਤ ਵਿਚ ਵੀ ਬਚਾਅ ਸੰਭਵ ਨਹੀਂ। ਕਹਿਣ ਤੋਂ ਭਾਵ ਮਜ਼੍ਹਬ ਦੇ ਨਾਂ ’ਤੇ ਕਿਸੇ ਵੀ ਜੀਵ ਜਾਂ ਮਨੁੱਖ-ਮਾਤਰ ’ਤੇ ਜ਼ੁਲਮ-ਜਬਰ ਦਾ ਹਿਸਾਬ-ਕਿਤਾਬ ਜ਼ੁਲਮੀ ਤੇ ਜਾਬਰ ਨੂੰ ਚੁਕਾਉਣਾ ਹੀ ਪੈਂਦਾ ਹੈ।

■

# ਦਿਸ਼ਾ ਨਿਰਦੇਸ਼

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੋਟਿਸ ਵਿਚ ਆ ਰਿਹਾ ਹੈ ਕਿ ਗੁਰਦੁਆਰਾ ਸਾਹਿਬਾਨ ਵਿਖੇ ਭਾਰੀ ਗਿਣਤੀ ਵਿਚ ਰੁਮਾਲੇ ਇਕੱਤਰ ਹੋਏ ਹਨ ਤੇ ਹੋ ਰਹੇ ਹਨ, ਜਿਨ੍ਹਾਂ ਦੀ ਸੰਭਾਲ ਵਿਚ ਭਾਰੀ ਦਿਕਤ ਪੇਸ਼ ਆ ਰਹੀ ਹੈ। ਇਸ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਤੇ ਸੰਮੂਹ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਤੇ ਸੰਗਤਾਂ ਨੂੰ ਰਾਏ ਦਿੱਤੀ ਜਾਂਦੀ ਹੈ ਕਿ ਇਕੱਤਰ ਹੋਏ ਲੋੜ ਤੋਂ ਵੱਧ ਰੁਮਾਲੇ, ਜੋ ਗੁਰੂ ਸਾਹਿਬ ਦੇ ਸੁਸ਼ੋਭਿਤ ਕਰਨ ਲਈ ਵਰਤੋਂ ਵਿਚ ਨਹੀਂ ਆ ਰਹੇ, ਉਨ੍ਹਾਂ ਦਾ ਪੂਰਨ ਸਤਿਕਾਰ ਸਹਿਤ ਯੋਗ ਢੰਗ ਨਾਲ ਸਸਕਾਰ ਕਰਕੇ ਉਨ੍ਹਾਂ ਦੀ ਰਾਖ਼ ਜਲ ਪ੍ਰਵਾਹ ਕਰ ਦਿੱਤੀ ਜਾਵੇ।

ਸੰਮੂਹ ਸੰਗਤਾਂ ਨੂੰ ਇਹ ਵੀ ਰਾਏ ਦਿੱਤੀ ਜਾਂਦੀ ਹੈ ਕਿ ਜੇਕਰ ਹੋ ਸਕੇ ਤਾਂ ਰੁਮਾਲਾ ਸਾਹਿਬ ਭੇਟ ਕਰਨ ਦੀ ਬਜਾਏ ਗੁਰਦੁਆਰਾ ਸਾਹਿਬ ਵਿਖੇ ਜਿਸ ਵਸਤੂ ਦੀ ਲੋੜ ਹੋਵੇ, ਉਹ ਭੇਟ ਕੀਤੀ ਜਾਵੇ ਜਾਂ ਮਾਇਆ ਭੇਟ ਕਰਕੇ ਰਸੀਦ ਪ੍ਰਾਪਤ ਕਰ ਲਈ ਜਾਵੇ।

ਸਹੀ/-
ਗੁਰਬਚਨ ਸਿੰਘ
ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ।

# ਦਿਸ਼ਾ ਨਿਰਦੇਸ਼

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੋਟਿਸ ਵਿਚ ਆ ਰਿਹਾ ਹੈ ਕਿ ਕਈ ਸੰਗਤਾਂ 'ਜੁਗੋ ਜੁਗ ਅਟੱਲ ਜਾਗਤ ਜੋਤ ਤਖ਼ਤ ਚਵਰ ਦੇ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਸਰੂਪ ਗੁਰਦੁਆਰਾ ਸਾਹਿਬਾਨ ਵਿਖੇ ਭੇਟ ਕਰਦੀਆਂ ਹਨ ਜਦ ਕਿ ਗੁਰਦੁਆਰਾ ਸਾਹਿਬ ਵਿਖੇ ਪਹਿਲਾਂ ਹੀ ਪਾਵਨ ਸਰੂਪ ਮੌਜੂਦ ਹੁੰਦੇ ਹਨ। ਕਈ ਵਾਰ ਅਜਿਹੇ ਸਰੂਪ ਵੀ ਬਿਰਧ ਸਰੂਪਾਂ ਵਿਚ ਸਸਕਾਰ ਲਈ ਭੇਜ ਦਿੱਤੇ ਜਾਂਦੇ ਹਨ, ਜਿਹੜੇ ਬਿਰਧ ਨਹੀਂ ਹੁੰਦੇ ਹਨ ਅਤੇ ਪਾਠ ਕੀਤਾ ਜਾ ਸਕਦਾ ਹੈ। ਇਸ ਲਈ ਸਮੂਹ ਸੰਗਤਾਂ ਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਗੁਰਦੁਆਰਾ ਸਾਹਿਬ ਵਿਖੇ ਕੇਵਲ ਜਿੱਥੇ ਬਹੁਤ ਜ਼ਰੂਰਤ ਹੋਵੇ ਤਾਂ ਹੀ ਹੋਰ ਪਾਵਨ ਸਰੂਪ ਲਿਜਾਇਆ ਜਾਵੇ। ਇਹ ਵੀ ਵਿਦਿਤ ਕੀਤਾ ਜਾਂਦਾ ਹੈ ਕਿ ਬਿਰਧ ਸਰੂਪ ਹੋਣ ਦੀ ਸੂਰਤ ਵਿਚ 'ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ' ਨੂੰ ਲਿਖਿਆ ਜਾਵੇ। ਉਹ ਇਸ ਸਬੰਧੀ ਯੋਗ ਪ੍ਰਬੰਧ ਕਰਾਉਣਗੇ। ਪਾਵਨ ਸਰੂਪ ਲੈਣ ਆਉਣ ਵਾਲੀ ਸੰਗਤ ਨੂੰ ਇਹ ਵੀ ਪ੍ਰੇਰਨਾ ਕੀਤੀ ਜਾਂਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਪ੍ਰਾਪਤ ਕਰਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਨ ਸਤਿਕਾਰ ਦਾ ਪੂਰਨ ਧਿਆਨ ਰੱਖਿਆ ਜਾਵੇ। ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਬੰਧਤ ਵਿਭਾਗ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਧਰਮ ਪ੍ਰਚਾਰ ਕਮੇਟੀ ਦੇ ਹਲਕਾ ਪ੍ਰਚਾਰਕ ਦੀ ਰੀਪੋਰਟ ਅਤੇ ਹਲਕੇ ਦੇ ਮੈਂਬਰ ਸਾਹਿਬ ਸ਼੍ਰੋਮਣੀਕਮੇਟੀ ਜਾਂ ਮੈਂਬਰ ਸਾਹਿਬ ਧਰਮ ਪ੍ਰਚਾਰ ਕਮੇਟੀ ਦੀ ਤਸਦੀਕ ਉਪਰੰਤ ਹੀ ਪਾਵਨ ਸਰੂਪ ਦਿੱਤਾ ਜਾਇਆ ਕਰੇ।

ਸਹੀ/-
ਗੁਰਬਚਨ ਸਿੰਘ
ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

# ਆਦੇਸ਼

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਗੁਰੂ-ਪੰਥ ਦੇ ਪ੍ਰਤੀਨਿਧ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਪ੍ਰੋਫੈਸਰ ਦਰਸ਼ਨ ਸਿੰਘ ਜੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਬੰਧੀ, ਗੁਰਦੁਆਰਾ ਸਾਹਿਬ ਰੋਚੈਸਟਰ, ਨਿਊਯਾਰਕ (ਯੂ.ਐਸ.ਏ.) ਵਿਖੇ ਕੀਤੀਆਂ ਘਟੀਆ ਨਿੰਦਣਯੋਗ ਟਿੱਪਣੀਆਂ ਬਾਰੇ ਸਪੱਸ਼ਟੀਕਰਨ ਲੈਣ ਸਬੰਧੀ ਕੀਤੀ ਗਈ। ਪ੍ਰੋਫੈਸਰ ਦਰਸ਼ਨ ਸਿੰਘ ਨੂੰ ਅੱਜ ੨੨ ਮੱਘਰ, ਸੰਮਤ ਨਾਨਕਸ਼ਾਹੀ ੫੪੧ ਮੁਤਾਬਿਕ ੫ ਦਸੰਬਰ, ੨੦੦੯ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨਿੱਜੀ ਰੂਪ 'ਚ ਹਾਜ਼ਰ ਹੋ ਕੇ ਸਪੱਸ਼ਟੀਕਰਣ ਦੇਣ ਲਈ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਾਕੀਦ ਕੀਤੀ ਗਈ ਸੀ। ਪੰਜ ਸਿੰਘ ਸਾਹਿਬਾਨ ਦਿੱਤੇ ਸਮੇਂ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਇੰਤਜ਼ਾਰ ਕਰਦੇ ਰਹੇ ਪਰ ਅਖੌਤੀ ਪ੍ਰੋਫੈਸਰ ਦਰਸ਼ਨ ਸਿੰਘ ਨੇ ਨਿੱਜੀ ਹਉਮੈ-ਹੰਕਾਰ ਤੇ ਖ਼ੁਦਗਰਜ਼ੀ ਦਾ ਪ੍ਰਗਟਾ ਕਰਕੇ ਪੰਜ ਸਿੰਘ ਸਾਹਿਬਾਨ ਦੇ ਪੇਸ਼ ਨਹੀਂ ਹੋਇਆ ਜੋ ਕਿ ਗੁਰੂ-ਪੰਥ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਯਾਦਾ ਤੇ ਸਿਧਾਂਤ ਦੀ ਘੋਰ ਉਲੰਘਣਾ ਹੈ। ਇਸ ਕਾਰਨ ਗੁਰੂ-ਨਿੰਦਕ ਪ੍ਰੋ. ਦਰਸ਼ਨ ਸਿੰਘ ਰਾਗੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ। ਜਦੋਂ ਤਕ ਪ੍ਰੋ. ਦਰਸ਼ਨ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨਿੱਜੀ ਰੂਪ ਵਿਚ ਹਾਜ਼ਰ ਹੋ ਕੇ ਤਨਖਾਹ ਨਹੀਂ ਲਗਵਾ ਲੈਂਦਾ ਉਸ ਸਮੇਂ ਤੀਕ ਇਸ ਨੂੰ ਕਿਸੇ ਧਾਰਮਿਕ ਸਮਾਗਮ, ਗੁਰਦੁਆਰੇ, ਸਭਾ-ਸੁਸਾਇਟੀਆਂ 'ਚ ਸਮਾਂ ਅਤੇ ਸਹਿਯੋਗ ਨਾ ਦਿੱਤਾ ਜਾਵੇ। ੭ ਜਨਵਰੀ, ੨੦੧੦ ਤੀਕ ਜੇਕਰ ਪ੍ਰੋ. ਦਰਸ਼ਨ ਸਿੰਘ ਗੁਰੂ-ਪੰਥ ਦੇ ਹੁਕਮ ਨੂੰ ਸਵੀਕਾਰਦਿਆਂ ਨਿੱਜੀ ਰੂਪ ਵਿਚ ਪੇਸ਼ ਹੋ ਕੇ ਤਨਖਾਹ ਨਹੀਂ ਲਗਵਾ ਲੈਂਦਾ ਤਾਂ ਪੰਥਕ ਰਵਾਇਤਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸਮੂੰਹ ਸਿੱਖ ਸੰਗਤਾਂ ਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਗੁਰੂ-ਪੰਥ ਵੱਲੋਂ ਹੋਏ ਇਸ ਆਦੇਸ਼ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ।

ਸਹੀ/-
(ਇਕਬਾਲ ਸਿੰਘ)
ਜਥੇਦਾਰ ਤਖ਼ਤ ਸ੍ਰੀ ਹਰਿਮੰਦਰ ਜੀ,
ਪਟਨਾ ਸਾਹਿਬ (ਬਿਹਾਰ)

ਸਹੀ/-
(ਗੁਰਬਚਨ ਸਿੰਘ)
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ

ਸਹੀ/-
(ਤਰਲੋਚਨ ਸਿੰਘ)
ਜਥੇਦਾਰ
ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,
ਸ੍ਰੀ ਅਨੰਦਪੁਰ ਸਾਹਿਬ।

ਸਹੀ/-
(ਬਲਵੰਤ ਸਿੰਘ)
ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ,
ਤਲਵੰਡੀ ਸਾਬੋ (ਬਠਿੰਡਾ)

ਸਹੀ/-
(ਪ੍ਰਤਾਪ ਸਿੰਘ)
ਜਥੇਦਾਰ
ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ,
ਨਾਂਦੇੜ (ਮਹਾਂਰਾਸ਼ਟਰ)

ਸੰਪਾਦਕੀ

# ਘੱਲੂਘਾਰਿਆਂ ਅਤੇ ਮੋਰਚਿਆਂ ਵਾਲਾ ਸੰਘਰਸ਼ਮਈ ਇਤਿਹਾਸ : ਸਿੱਖ-ਪੰਥ ਦੀ ਗੌਰਵਸ਼ਾਲੀ ਵਿਰਾਸਤ

*ਸੰਘਰਸ਼ ਜਾਂ ਜੱਦੋਜਹਿਦ ਕਰਨਾ ਮਨੁੱਖ ਦੇ ਭਾਗਾਂ ਵਿਚ ਪਰਮਾਤਮਾ ਨੇ ਖੁਦ ਲਿਖਿਆ ਹੋਇਆ ਹੈ। ਸੰਘਰਸ਼ ਰੂਪੀ ਭੱਠੀ ਵਿਚ ਤਪ ਕੇ ਹੀ ਮਨੁੱਖ-ਮਾਤਰ ਦਾ ਵਿਅਕਤਿਤਵ ਨਿਖਰ ਸਕਦਾ ਹੈ। ਸੰਘਰਸ਼ ਹੀ ਵਾਸਤਵ ਵਿਚ ਮਨੁੱਖਾ ਜੀਵਨ ਵਿਚ ਵਿਕਾਸ ਤੇ ਵਿਗਾਸ ਦਾ ਇਕ ਮੂਲ ਕਾਰਕ ਜਾਂ ਪ੍ਰੇਰਕ ਹੈ। ਇਸ ਧਰਤੀ 'ਤੇ ਮਨੁੱਖ ਨੂੰ ਆਪਣੀ ਹੋਂਦ ਬਣਾਈ ਰੱਖਣ ਵਾਸਤੇ ਸਦਾ ਹੀ ਉੱਦਮ, ਉਪਰਾਲਾ ਤੇ ਹੀਲਾ-ਵਸੀਲਾ ਕਰਨਾ ਪੈਂਦਾ ਹੈ। ਜਿਹੜਾ ਮਨੁੱਖ-ਮਾਤਰ ਇਸ ਸੱਚਾਈ ਨੂੰ ਜਾਣਦਾ ਤੇ ਪਛਾਣਦਾ ਹੈ ਉਹੀ ਵਿਕਾਸ-ਮਾਰਗ 'ਤੇ ਗਤੀਸ਼ੀਲ ਰਹਿ ਸਕਦਾ ਹੈ। ਚਲਦੇ ਰਹਿਣਾ ਹੀ ਜੀਵਨ ਦਾ ਸੂਚਕ ਹੈ। ਜੀਵਨ ਵਿਚ ਖੜੋਤ ਰੜਕਦੀ ਹੈ। ਇਸ ਕਰਕੇ ਮਨੁੱਖ ਨੂੰ ਕਦੇ ਵੀ ਸੰਘਰਸ਼ ਤੋਂ ਕੰਨੀ ਨਹੀਂ ਕਤਰਾਉਣੀ ਚਾਹੀਦੀ।*

*ਮਨੁੱਖ-ਮਾਤਰ ਮੁੱਖ ਤੌਰ 'ਤੇ ਦੋ ਮੁਹਾਜ਼ਾਂ 'ਤੇ ਸੰਘਰਸ਼ ਕਰਦਾ ਹੈ—ਵਿਅਕਤੀਗਤ ਪੱਧਰ 'ਤੇ ਅਤੇ ਸਮੂਹਿਕ ਪੱਧਰ 'ਤੇ। ਦੋਨਾਂ ਤਰ੍ਹਾਂ ਦੇ ਸੰਘਰਸ਼ ਦਾ ਆਪਣਾ-ਆਪਣਾ ਮਹੱਤਵ ਹੈ। ਸਮੂਹਿਕ ਪੱਧਰ 'ਤੇ ਕੀਤਾ ਜਾਣ ਵਾਲਾ ਸੰਘਰਸ਼ ਵਿਆਪਕ ਸਰੂਪ-ਸੁਭਾਅ ਵਾਲਾ ਹੋਣ ਕਰਕੇ ਵਧੇਰੇ ਮਹੱਤਵ ਰੱਖਦਾ ਹੈ।*

*ਉਂਞ ਤਾਂ ਇਸ ਸੰਸਾਰ ਵਿਚ ਲੱਗਭਗ ਹਰੇਕ ਕੌਮ ਨੂੰ ਸੰਘਰਸ਼ ਕਰਨਾ ਹੀ ਪੈਂਦਾ ਰਿਹਾ ਹੈ, ਪਰ ਕੁਝ ਕੁ ਕੌਮਾਂ ਐਸੀਆਂ ਹਨ ਜਿਨ੍ਹਾਂ ਦਾ ਸੰਘਰਸ਼ ਨਾਲ ਸਦੀਵੀ ਤੇ ਅਨਿੱਖੜਵਾਂ ਸੰਬੰਧ ਰਿਹਾ ਹੈ। ਸਿੱਖ-ਪੰਥ ਨੂੰ ਸੰਸਾਰ ਦੀਆਂ ਅਜਿਹੀਆਂ ਕੌਮਾਂ ਵਿਚ ਗਿਣਿਆ ਜਾਂਦਾ ਹੈ। ਸਿੱਖ-ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਨੂੰ ਇਕ ਅਦੁੱਤੀ ਉਦਾਹਰਣ ਦੇ ਰੂਪ ਵਿਚ ਆਪਣੇ ਸਾਜੇ-ਨਿਵਾਜੇ ਸਿੱਖ-ਪੰਥ ਅੱਗੇ ਪ੍ਰਸਤੁਤ ਕਰਦਿਆਂ ਇਸ ਨੂੰ ਕੂੜ ਤੇ ਜਾਬਰ ਤਾਕਤਾਂ ਵਿਰੁੱਧ ਸੰਘਰਸ਼ ਕਰਨ ਤੇ ਹੱਕ-ਸੱਚ ਨੂੰ ਸਥਾਪਤ ਕਰਨ ਹਿਤ ਇਕ ਅਜਿਹੀ ਗੁੜ੍ਹਤੀ ਬਖਸ਼ਿਸ਼ ਕੀਤੀ ਕਿ ਕੂੜ ਖਿਲਾਫ ਅੜਨਾ ਤੇ ਲੜਨਾ ਸਿੱਖ-ਪੰਥ ਦਾ ਸੁਭਾਅ ਹੀ ਬਣ ਗਿਆ। ਗੁਰੂ ਨਾਨਕ ਨਾਮ-ਲੇਵਾ ਸਿੱਖ ਆਪਣੇ ਸਾਹਮਣੇ ਕੂੜ ਦਾ ਵਰਤਾਰਾ ਵਰਤਦਾ ਵੇਖ ਕੇ ਇਸ ਖਿਲਾਫ ਕਾਰਜਸ਼ੀਲ ਹੋਣ ਤੋਂ ਰਹਿ ਹੀ ਨਹੀਂ ਸਕਦਾ। ਉਸ ਦੇ ਗੁਰੂ ਦੁਆਰਾ ਉਸ*

ਨੂੰ ਦਿੱਤਾ ਗਿਆ ਭਰੋਸਾ ਕਿ 'ਕੂੜ ਨੇ ਅੰਤ ਨੂੰ ਖ਼ਤਮ ਹੋਣਾ ਹੀ ਹੁੰਦੈ ਤੇ ਅੰਤਮ ਜਿੱਤ ਸੱਚ ਦੀ ਹੀ ਹੋ ਕੇ ਰਹਿਣੀ ਹੈ' ਉਸ ਦੇ ਸਦਾ ਸਾਹਮਣੇ ਰਹਿੰਦਾ ਹੈ। ਨਿਰਾ ਸਾਹਮਣੇ ਹੀ ਨਹੀਂ, ਇਹ ਉਸ ਦੇ ਲੂੰ-ਲੂੰ ਵਿਚ ਵੱਸਿਆ ਵੀ ਹੋਇਆ ਹੈ। ਇਸੇ ਸੰਬੰਧ ਵਿਚ ਸਿੱਖ-ਪੰਥ ਦਾ ਹੁਣ ਤਕ ਦਾ ਇਤਿਹਾਸ ਮੁੱਖ ਤੌਰ 'ਤੇ ਕੂੜ-ਕੁਸਤ ਰੂਪੀ ਤਾਕਤਾਂ ਦੇ ਖਿਲਾਫ ਹੱਕ-ਸੱਚ ਦੀ ਮੁੜ-ਸਥਾਪਤੀ ਹਿਤ ਅੜਨ, ਲੜਨ ਤੇ ਜੂਝਣ ਦਾ ਇਤਿਹਾਸ ਹੈ।

ਸਿੱਖ-ਪੰਥ ਦੇ ਸੰਘਰਸ਼ਾਂ ਭਰੇ ਇਤਿਹਾਸ ਵਿਚ ਫਰਵਰੀ ਦਾ ਮਹੀਨਾ ਹਰ ਵਰ੍ਹੇ ਆ ਕੇ ਪੰਥਕ ਪੱਧਰ 'ਤੇ ਹੱਕ-ਸੱਚ ਦੀ ਮੁੜ-ਸਥਾਪਤੀ ਵਾਸਤੇ ਲੜੇ ਗਏ ਬਹੁਤ ਹੀ ਸਖ਼ਤ ਸੰਘਰਸ਼ ਦੀ ਦਾਸਤਾਨ ਯਾਦ ਕਰਾਉਂਦਾ ਹੈ। ਇਸੇ ਮਹੀਨੇ ਸਿੱਖ-ਪੰਥ 'ਤੇ ਅਫਗਾਨ ਹਮਲਾਵਰ ਅਹਿਮਦ ਸ਼ਾਹ ਅਬਦਾਲੀ ਨੇ ਸੰਨ ੧੭੬੨ ਈ. ਵਿਚ ਬਹੁਤ ਵੱਡੀ ਗਿਣਤੀ ਵਿਚ ਆਪਣੀਆਂ ਫੌਜਾਂ ਦੁਆਰਾ ਹਮਲਾ ਕਰ ਕੇ ਸਿੱਖ-ਪੰਥ ਦੇ ਵਜੂਦ ਨੂੰ ਮਿਟਾਉਣ ਦੇ ਮੰਦੇ ਇਰਾਦੇ ਨੂੰ ਅਮਲ 'ਚ ਲਿਆਉਣ ਦਾ ਯਤਨ ਕੀਤਾ। ਮਲੇਰਕੋਟਲੇ ਦੇ ਲਾਗੇ ਕੁੱਪ-ਰੋਹੀੜੇ ਵਿਖੇ ਉਸ ਨੇ ਇਕ ਵੱਡੇ ਸਿੱਖ-ਸਮੂਹ ਨੂੰ ਘੇਰ ਕੇ ਸਿੱਖ-ਪੰਥ ਦੀ ਨਸਲਕੁਸ਼ੀ ਕਰਨ ਦੀ ਕੋਝੀ ਕਰਤੂਤ ਕੀਤੀ। ਇਹ ਸਿੱਖ ਸਮੂਹ ਸਿੱਖ ਪਰਵਾਰਾਂ ਦਾ ਸਮੂਹ ਸੀ, ਜਿਸ ਵਿਚ ਬਹੁਤ ਵੱਡੀ ਗਿਣਤੀ ਵਿਚ ਸਿੱਖ ਔਰਤਾਂ, ਬੱਚੇ ਅਤੇ ਬਜ਼ੁਰਗ ਸ਼ਾਮਲ ਸਨ। ਸਿੰਘਾਂ ਦੀ ਗਿਣਤੀ ਅਬਦਾਲੀ ਦੀਆਂ ਫੌਜਾਂ ਦੀ ਗਿਣਤੀ ਦੇ ਸਾਹਮਣੇ ਬਹੁਤ ਘੱਟ ਸੀ। ਅਬਦਾਲੀ ਅਣਕਿਆਸੀ ਤੇਜ਼ ਚਾਲ ਨਾਲ ਸਿੱਖ ਸਮੂਹ 'ਤੇ ਆ ਹਮਲਾਵਰ ਹੋਇਆ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਸਰਦਾਰ ਚੜ੍ਹਤ ਸਿੰਘ ਜਿਹੇ ਸਿੱਖ ਸਰਦਾਰਾਂ ਦੀ ਅਗਵਾਈ ਵਿਚ ਫਿਰ ਵੀ ਸਿੱਖ ਯੋਧਿਆਂ ਨੇ ਅਬਦਾਲੀ ਦੇ ਹਮਲੇ ਨੂੰ ਠੱਲ੍ਹਣ ਵਾਸਤੇ ਬਹੁਤ ਜ਼ੋਰਦਾਰ ਤੇ ਬੇਮਿਸਾਲ ਜੱਦੋਜਹਿਦ ਕੀਤੀ। ਸਿੱਖ ਇਤਿਹਾਸ ਦੇ ਰਚੇਤਿਆਂ ਨੇ ਲਿਖਿਆ ਹੈ ਕਿ ਸਿੱਖ ਪਰਵਾਰਾਂ ਨੂੰ ਸਿੰਘਾਂ ਨੇ ਬਚਾਉਣ ਦੀ ਇਸ ਤਰ੍ਹਾਂ ਕੋਸ਼ਿਸ਼ ਕੀਤੀ ਜਿਵੇਂ ਕੁਕੜੀ ਆਪਣੇ ਚੂਚਿਆਂ ਨੂੰ ਬਚਾਉਂਦੀ ਹੈ। ਪਰ ਫਿਰ ਵੀ ਸਿੱਖ-ਪੰਥ ਦਾ ਅਥਾਹ ਕੌਮੀ ਨੁਕਸਾਨ ਇਸ ਘੱਲੂਘਾਰੇ ਵਿਚ ਹੋਇਆ। ਲੱਗਭਗ ਤੀਹ ਹਜ਼ਾਰ ਦੀ ਗਿਣਤੀ ਵਿਚ ਜਾਨੀ ਨੁਕਸਾਨ ਨੂੰ ਸਹਿ ਕੇ ਆਪਣਾ ਵਜੂਦ ਬਚਾਈ ਰੱਖਣਾ ਅਤੇ ਆਪਣਾ ਮਾਨਸਿਕ ਤੇ ਆਤਮਿਕ ਸਮਤੋਲ ਕਾਇਮ ਰੱਖਣਾ ਸੰਸਾਰ ਭਰ ਵਿਚ ਸਿਰਫ ਤੇ ਸਿਰਫ ਗੁਰੂ ਨਾਨਕ ਨਾਮ-ਲੇਵਾ ਸਿੱਖ-ਪੰਥ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਜੇ-ਨਿਵਾਜੇ ਖਾਲਸਾ ਪੰਥ ਦੇ ਹਿੱਸੇ ਹੀ ਆਇਆ

ਹੈ। ਇਹ ਚੇਤੇ ਰਹੇ ਕਿ ਇਸ ਘੱਲੂਘਾਰੇ ਦੇ ਕੁਝ ਮਹੀਨੇ ਮਗਰੋਂ ਹੀ ਸਿੰਘਾਂ ਨੇ ਅੰਮ੍ਰਿਤਸਰ ਵਿਖੇ ਅਬਦਾਲੀ ਦੀਆਂ ਫੌਜਾਂ 'ਤੇ ਹਮਲਾ ਕਰ ਕੇ ਉਸ ਨੂੰ ਇਹ ਅਹਿਸਾਸ ਕਰਾਇਆ ਕਿ ਸਿੱਖ-ਪੰਥ 'ਚ ਅਜੇ ਵੀ ਉਸ ਨੂੰ ਖਿਝਾਉਣ ਤੇ ਦੌੜਾਉਣ ਦਾ ਦਮ ਤੇ ਜੇਰਾ ਹੈ। ਇਸ ਮਗਰੋਂ ਅਬਦਾਲੀ ਸਿੱਖ-ਪੰਥ ਵੱਲ ਬੁਰੀ ਨੀਅਤ ਨਾਲ ਤੱਕਣ ਦਾ ਜੇਰਾ ਨਹੀਂ ਸੀ ਕਰ ਸਕਿਆ ਤੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਅਪਮਾਨ ਬਦਲੇ ਆਪਣੀ ਕੀਤੀ ਦਾ ਫਲ ਭੋਗਦਾ ਹੋਇਆ ਇਸ ਫਾਨੀ ਦੁਨੀਆਂ ਤੋਂ ਕੂਚ ਕਰ ਗਿਆ ਸੀ। ਖਾਲਸੇ ਨੇ ਵਿਭਿੰਨ ਸਿੱਖ ਮਿਸਲਾਂ ਅਧੀਨ ਪੰਜਾਬ 'ਤੇ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਤੇ ਪੰਜਾਬ ਤੋਂ ਬਾਹਰ ਦੂਰ-ਦੂਰ ਤਕ ਅਕਾਲ ਪੁਰਖ ਦੀ ਫਤਹਿ ਦੇ ਝੰਡੇ ਝੁਲਾ ਦਿੱਤੇ ਸਨ।

ਵੀਹਵੀਂ ਸਦੀ ਵਿਚ ਅੰਗਰੇਜ਼ ਸ਼ਾਸਕਾਂ-ਪ੍ਰਸ਼ਾਸਕਾਂ ਦੇ ਜ਼ੁਲਮ-ਜਬਰ ਖਿਲਾਫ ਗੁਰੂ ਨਾਨਕ ਨਾਮ-ਲੇਵਾ ਸਿੱਖ-ਪੰਥ ਨੂੰ ਕਈ ਮੋਰਚੇ ਲਾਉਣੇ ਪਏ। ਇਨ੍ਹਾਂ ਵਿੱਚੋਂ ਸਾਕਾ ਨਨਕਾਣਾ ਸਾਹਿਬ ਅਤੇ ਜੈਤੋ ਦਾ ਮੋਰਚਾ ਅਭੁੱਲ ਸਿੱਖ ਇਤਿਹਾਸ ਦੀ ਸਿਰਜਨਾ ਕਰਦੇ ਸਾਡੇ ਦ੍ਰਿਸ਼ਟੀਗੋਚਰ ਹੁੰਦੇ ਹਨ।

ਬਦੇਸ਼ੀ ਸ਼ਾਸਕ ਸਿੱਖ-ਪੰਥ ਦੇ ਜਾਨਾਂ ਤੋਂ ਪਿਆਰੇ ਗੁਰਦੁਆਰੇ ਸਾਹਿਬਾਨ ਦੀ ਪਵਿੱਤਰਤਾ ਨੂੰ ਭੰਗ ਕਰਨ ਦੇ ਕੋਝੇ ਯਤਨ ਕਰ ਰਹੇ ਸਨ। ਸਮੇਂ ਦੇ ਬੀਤਣ ਨਾਲ ਗੁਰਦੁਆਰਿਆਂ ਦੇ ਮਹੰਤ ਐਸ਼ਪ੍ਰਸਤ ਹੋ ਕੇ ਸਿੱਖ ਸੰਗਤ ਦੇ ਸਿੱਖੀ ਜਜ਼ਬਾਤਾਂ ਨੂੰ ਜ਼ੋਰਦਾਰ ਠੇਸ ਲਾ ਰਹੇ ਸਨ। ਉਹ ਪਵਿੱਤਰ ਗੁਰਦੁਆਰਿਆਂ ਵਿਚ ਗੈਰ-ਆਚਰਣਕ ਕਰਤੂਤਾਂ ਕਰ ਰਹੇ ਸਨ। ਨਨਕਾਣਾ ਸਾਹਿਬ ਦਾ ਮਹੰਤ ਨਰੈਣ ਦਾਸ ਬਹੁਤ ਹੀ ਵਿਗੜ ਚੁੱਕਿਆ ਸੀ। ਜਦੋਂ ਸਿੱਖ ਸੰਗਤਾਂ ਨੇ ਉਸ ਦੇ ਨਾਪਾਕ ਹੱਥਾਂ 'ਚੋਂ ਪ੍ਰਬੰਧ ਖੋਹ ਕੇ ਸਿੱਖ-ਪੰਥ ਦੇ ਹੱਥ ਵਿਚ ਦੇਣ ਦਾ ਬੀੜਾ ਚੁੱਕਿਆ ਤਾਂ ਤਤਕਾਲੀ ਹਾਕਮਾਂ ਦੀ ਸ਼ਹਿ ਨਾਲ ਉਸ ਨੇ ਗੁਰਦੁਆਰਾ ਸਾਹਿਬ ਦੀ ਹਦੂਦ ਵਿਚ ਗੁੰਡੇ ਬਦਮਾਸ਼ ਰੱਖ ਲਏ। ਇਉਂ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ ਵਿਚ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਲੈਣ ਲਈ ਸ਼ਾਂਤਮਈ ਰਹਿਣ ਦਾ ਪ੍ਰਣ ਕਰ ਕੇ ਗਏ ਜਥੇ ਨੂੰ ਬੰਦੂਕਾਂ, ਛਵ੍ਹੀਆਂ ਤੇ ਗੰਡਾਸਿਆਂ ਨਾਲ ਹਮਲਾ ਕਰ ਕੇ ਸ਼ਹੀਦ ਕਰ ਦਿੱਤਾ। ਇਸ ਸਾਕੇ ਵਿਚ ਸੈਂਕੜੇ ਸਿੱਖ ਸ਼ਹੀਦ ਹੋਏ ਪਰ ਓੜਕ ਨੂੰ ਤਤਕਾਲੀ ਨਿਜ਼ਾਮ ਨੂੰ ਸਿੱਖੀ ਸਿਦਕ ਅੱਗੇ ਝੁਕਣਾ ਪਿਆ ਤੇ ਇਉਂ ਨਨਕਾਣਾ ਸਾਹਿਬ ਦਾ ਪ੍ਰਬੰਧ ਸਿੱਖ-ਪੰਥ ਦੇ ਆਪਣੇ ਹੱਥਾਂ ਵਿਚ ਆ ਸਕਿਆ।

ਜੈਤੋ ਦਾ ਮੋਰਚਾ ਤਤਕਾਲੀ ਅੰਗਰੇਜ਼ ਸਰਕਾਰ ਦੀ ਗੁਰਦੁਆਰਾ ਸ੍ਰੀ ਗੰਗਸਰ

*ਜੈਤੋ (ਫਰੀਦਕੋਟ) ਵਿਖੇ ਨਜਾਇਜ਼ ਦਖਲਅੰਦਾਜ਼ੀ ਦੇ ਪ੍ਰਤੀਕਰਮ ਵਜੋਂ ਭਖਿਆ ਜਦ ਕਿ ਗੁਰੂ ਨਾਨਕ ਨਾਮ-ਲੇਵਾ ਸਿੱਖ, ਸਿੱਖ-ਪੰਥ ਦੇ ਨਾਲ ਚੱਟਾਨ ਵਾਂਗ ਖੜ੍ਹੇ ਰਹਿਣ ਵਾਲੇ ਪੰਥਕ ਭਾਵਨਾ ਦੇ ਧਾਰਨੀ ਨਾਭੇ ਦੇ ਸਿੱਖ ਰਾਜਾ, ਸ. ਰਿਪੁਦਮਨ ਸਿੰਘ ਨਾਲ ਹੋ ਰਹੇ ਰਾਜਨੀਤਿਕ ਪੱਧਰ 'ਤੇ ਅਨਿਆਂ ਦੇ ਖਿਲਾਫ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟ ਕਰ ਰਹੇ ਸਨ। ਇਸ ਸਮੇਂ ਸਿੱਖ ਸੰਗਤਾਂ ਨੇ ਸਿੱਖ-ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ਸ਼ਾਂਤਮਈ ਸੰਘਰਸ਼ ਕੀਤਾ। ਇਹ ਸੰਘਰਸ਼ ਬਹੁਤ ਲੰਮਾ ਹੋ ਗਿਆ। ਤਤਕਾਲੀ ਸਰਕਾਰ ਨੇ ਹਰੇਕ ਪੈਂਤੜਾ ਇਸ ਸੰਘਰਸ਼ ਨੂੰ ਨਾਕਾਮ ਕਰਨ ਵਾਸਤੇ ਵਰਤਿਆ ਪਰ ਓੜਕ ਸਿੱਖੀ ਸਿਦਕ ਅੱਗੇ ਸਰਕਾਰ ਨੂੰ ਝੁਕਣਾ ਹੀ ਪਿਆ। ਇਹ ਚੇਤੇ ਰਹੇ ਕਿ ਇਸ ਇਤਿਹਾਸਕ ਸਿੱਖ ਸੰਘਰਸ਼ ਵਿਚ ਸਿੱਖਾਂ ਦਾ ਜ਼ੋਰਦਾਰ ਸਮਰਥਨ ਗੈਰ-ਸਿੱਖ ਰਾਜਨੀਤਿਕ ਆਗੂਆਂ ਨੇ ਵੀ ਕੀਤਾ। ਫਰਵਰੀ ੧੯੨੪ ਈ. ਦਾ ਇਸ ਮੋਰਚੇ ਵਿਚ ਖਾਸ ਸਮਾਂ ਹੈ। ੨੧ ਫਰਵਰੀ ੧੯੨੪ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਤੋਂ ਜੈਤੋ ਵਿਖੇ ਪਹੁੰਚੇ ੫੦੦ ਸਿੰਘਾਂ ਦੇ ਸ਼ਹੀਦੀ ਜਥੇ ਨੂੰ ਪੁਲਸ ਨੇ ਗੋਲੀਆਂ ਚਲਾ ਕੇ ਵੱਡਾ ਗੋਲੀ ਕਾਂਡ ਵਰਤਾਇਆ। ੧੦੦ ਦੇ ਕਰੀਬ ਸਿੰਘ ਸ਼ਹੀਦ ਹੋਏ ਅਤੇ ੨੦੦ ਦੇ ਕਰੀਬ ਸਿੰਘ ਫੱਟੜ ਹੋਏ। ਇਸ ਮਗਰੋਂ ਵੀ ਲੱਗਭਗ ਡੇਢ ਸਾਲ ਤਕ ਸਿੱਖ-ਪੰਥ ਨੂੰ ਘੋਰ ਸੰਘਰਸ਼ 'ਚੋਂ ਗੁਜ਼ਰਨਾ ਪਿਆ ਪਰੰਤੂ ਓੜਕ ਸਰਕਾਰ ਨੂੰ ੨੭ ਜੁਲਾਈ ੧੯੨੫ ਈ. ਨੂੰ ਗੋਡੇ ਟੇਕਣੇ ਪਏ। ਗੁਰਦੁਆਰਾ ਗੰਗਸਰ ਵਿਖੇ ਸਰਕਾਰ ਦੁਆਰਾ ਸ੍ਰੀ ਅਖੰਡ ਪਾਠ ਸਾਹਿਬ 'ਤੇ ਲਾਈ ਗਈ ਪਾਬੰਦੀ ਹਟਾਉਣ ਦੇ ਐਲਾਨ ਨਾਲ ੭ ਅਗਸਤ ੧੯੨੫ ਈ. ਨੂੰ ੧੦੧ ਸ੍ਰੀ ਅਖੰਡ ਪਾਠ ਸਾਹਿਬ ਸੰਪੂਰਨ ਕਰਦੇ ਹੋਇਆਂ ਜੈਤੋ ਦੇ ਮੋਰਚੇ ਨੂੰ ਫਤਹਿ ਕੀਤਾ ਗਿਆ। ਘੱਲੂਘਾਰਿਆਂ ਅਤੇ ਮੋਰਚਿਆਂ ਨਾਲ ਭਰਪੂਰ ਸਾਡਾ ਗੌਰਵਸ਼ਾਲੀ ਸਿੱਖ ਇਤਿਹਾਸ ਸਾਨੂੰ ਵਰਤਮਾਨ ਵਿਚ ਵੀ ਹਰ ਪ੍ਰਕਾਰ ਦੇ ਸਮਕਾਲੀ ਜ਼ੁਲਮ, ਜਬਰ ਤੇ ਅਨਿਆਂ ਵਿਰੁੱਧ ਅੜਨ, ਲੜਨ ਤੇ ਹੱਕ-ਸੱਚ ਦੀ ਮੁੜ-ਸਥਾਪਤੀ ਕਰਨ ਹਿਤ ਤਨਦੇਹੀ ਨਾਲ ਯਤਨਸ਼ੀਲ ਹੋਣ ਵਾਸਤੇ ਪ੍ਰੇਰਨਾ ਬਖਸ਼ਦਾ ਆ ਰਿਹਾ ਹੈ।*

■

# ਗੁਰੂ ਨਾਨਕ ਦੇਵ ਜੀ ਦੀ ਸਮਾਜਿਕ ਦੇਣ

*-ਪ੍ਰੋ. ਨਰਿੰਦਰ ਕੌਰ**

ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਸ ਸਮੇਂ ਹੋਇਆ ਜਦੋਂ ਸਮਾਜ ਨੂੰ ਅਗਵਾਈ ਦੇਣ ਵਾਲੀਆਂ ਸਭ ਤੋਂ ਅਹਿਮ ਸ੍ਰੇਣੀਆਂ ਵਿਚ ਹਾਕਮ ਵਰਗ ਅਤੇ ਪੁਜਾਰੀ ਵਰਗ ਆਪਣੇ ਫ਼ਰਜ਼ਾਂ ਨੂੰ ਭੁੱਲ ਕੇ ਅਤੇ ਆਪਣੇ ਸਵਾਰਥਾਂ ਦੀ ਦਲਦਲ ਵਿਚ ਖਚਿਤ ਹੋ ਕੇ ਪਰਜਾ ਨੂੰ ਗਿਆਨ ਅਤੇ ਇਨਸਾਫ ਦੀ ਥਾਂ ਅਗਿਆਨਤਾ ਅਤੇ ਬੇਈਮਾਨੀ ਦੇ ਅੰਧੇਰੇ ਵਿਚ ਧਕੇਲ ਰਹੇ ਸਨ। ਇਸ ਅੰਧਕਾਰਮਈ ਵਾਤਾਵਰਨ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਅਗਿਆਨ ਤੋਂ ਮੁਕਤੀ ਦਿਵਾਉਣ ਵਾਲੇ ਤੇ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਜਗਤ ਦੇ ਨਿਸਤਾਰਕ ਦੇ ਰੂਪ ਵਿਚ ਹੋਇਆ। ਅਜਿਹੀ ਸੰਕਟਮਈ ਸਥਿਤੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ, ਅਤੇ ਉਨ੍ਹਾਂ ਨੇ ਹਨ੍ਹੇਰੇ ਵਿਚ ਭਟਕਦੇ ਹੋਏ ਲੋਕਾਂ ਦੇ ਜੀਵਨ ਨੂੰ ਰੁਸ਼ਨਾਇਆ। ਭਾਈ ਗੁਰਦਾਸ ਜੀ ਨੇ ਤਾਂ ਆਪ ਦੇ ਪ੍ਰਕਾਸ਼ ਸੰਬੰਧੀ ਆਪਣੀ ਵਾਰ ਵਿਚ ਇਉਂ ਵਰਣਨ ਕੀਤਾ ਹੈ :

*ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।*
*ਜਿਉ ਕਰਿ ਸੂਰਜੁ ਨਿਕਲਿਆ। ਤਾਰੇ ਛਪਿ ਅੰਧੇਰੁ ਪਲੋਆ।*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤੀ ਜਨਤਾ ਦੋਹਰੇ ਦਮਨ ਚੱਕਰ ਦਾ ਸ਼ਿਕਾਰ ਹੋ ਰਹੀ ਸੀ। ਇਕ ਪਾਸੇ ਬ੍ਰਾਹਮਣਵਾਦ ਅਥਵਾ ਪ੍ਰੋਹਿਤ ਸ੍ਰੇਣੀ ਦੇ ਜਾਤ-ਪਾਤ ਤੇ ਵਹਿਮ-ਭਰਮ ਬਹੁਤ ਭਾਰੂ ਸਨ ਤੇ ਦੂਜੇ ਪਾਸੇ ਵਿਦੇਸ਼ੀ ਅਤੇ ਗੈਰ-ਧਰਮੀ ਸ਼ਾਸਕਾਂ ਤੇ ਮੌਲਾਣਿਆਂ ਨੇ ਲੋਕਾਂ ਦੇ ਨੱਕ ਵਿਚ ਦਮ ਕਰ ਰੱਖਿਆ ਸੀ। ਹਰ ਪਾਸੇ ਘੋਰ ਨਿਰਾਸ਼ਾ, ਅੰਧ-ਵਿਸ਼ਵਾਸ ਅਤੇ ਪਾਖੰਡ ਪ੍ਰਧਾਨ ਸੀ। ਅਜਿਹੀ ਪਿਛਾਂਹ-ਖਿਚੂ ਸੋਚ ਨੂੰ ਬਦਲਣ ਅਤੇ ਧਰਮ ਦੀ ਰਾਖੀ ਲਈ ਰਾਏ ਭੋਇ ਦੀ ਤਲਵੰਡੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ ।

*ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ।*
*ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਇਆ ਖ਼ਾਬ ਸੇ।*

ਡਾ ਇਕਬਾਲ ਅਨੁਸਾਰ ਇਹ ਮਰਦ-ਏ-ਕਾਮਿਲ ਸ੍ਰੀ ਗੁਰੂ ਨਾਨਕ ਦੇਵ ਜੀ ਸਨ ਜਿਨ੍ਹਾਂ ਦਾ ਆਗਮਨ ਮਾਨਵ ਚੇਤੰਨਤਾ ਨੂੰ ਨਵੇਂ ਸਿਰੇ ਤੋਂ ਜਗਾਉਣ ਵਾਸਤੇ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਗਤੀਸ਼ੀਲ ਅਗਵਾਈ ਨਾਲ ਵਿਚਾਰਧਾਰਾ ਨੂੰ ਨਿਰੰਤਰ ਸਮਾਜਿਕ ਸੰਘਰਸ਼ ਦਾ ਵਾਹਨ ਬਣਾਇਆ ਅਤੇ ਇਕ ਵੱਖਰੀ ਜਿਹੀ ਹੀ ਜਾਗਰੂਕ ਮਾਨਵਤਾ ਦੀ ਸ੍ਰੇਣੀ ਉਤਪੰਨ ਕਰਨ ਲਈ ਲਗਾਤਾਰ ਸੰਘਰਸ਼ ਕੀਤਾ। ਸ੍ਰੀ

** ਧਰਮ ਵਿਭਾਗ, ਮਾਤਾ ਗੁਜਰੀ ਕਾਲਜ, ਫ਼ਤਹਿਗੜ੍ਹ ਸਾਹਿਬ।*

ਗੁਰੂ ਨਾਨਕ ਦੇਵ ਜੀ ਅਜਿਹੇ ਮਹਾਨ ਕ੍ਰਾਂਤੀਕਾਰੀ ਧਾਰਮਿਕ ਆਗੂ ਸਨ ਜਿਨ੍ਹਾਂ ਦੀ ਸੋਚ ਵਿਸ਼ਵ-ਵਿਆਪੀ ਘੇਰੇ ਵਾਲੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੇ ਮਨੁੱਖਾਂ ਨੂੰ ਇਕ ਮੁਕੰਮਲ ਫਲਸਫਾ ਦਿੱਤਾ ਜਿਸ ਦਾ ਉਦੇਸ਼ ਮਨੁੱਖ ਦੀ ਸੰਪੂਰਨ ਕਾਇਆ ਕਲਪ ਕਰਨਾ ਅਤੇ ਸਰਬਪੱਖੀ ਇਨਕਲਾਬ ਲਿਆਉਣਾ ਸੀ। ਗੁਰੂ ਸਾਹਿਬ ਨੇ ਜਨ ਸਾਧਾਰਨ ਨੂੰ ਵਹਿਮਾਂ ਤੇ ਭਰਮਾਂ ਵਿਚ ਗ੍ਰਸੇ ਹੋਏ ਕਰਮ-ਕਾਂਡ ਦੇ ਚੱਕਰ ਵਿਚ ਫਸੇ ਹੋਏ ਵੇਖ ਕੇ 'ਚੜ੍ਹਿਆ ਸੋਧਣਿ ਧਰਤਿ ਲੁਕਾਈ' ਦਾ ਆਦਰਸ਼ ਅਰੰਭਿਆ। ਦੁਬਿਧਾ ਦੀ ਇਸ ਦਲਦਲ ਵਿਚੋਂ ਭਾਰਤ ਵਾਸੀਆਂ ਨੂੰ ਕੱਢਣ ਲਈ ਗੁਰੂ ਜੀ ਨੇ ਪ੍ਰਚਾਰ-ਫੇਰੀ ਅਰੰਭੀ। ਭਾਈ ਗੁਰਦਾਸ ਜੀ ਦੇ ਬਚਨ ਹਨ :

*ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।*
*ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ।*
*ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।*
*ਚੜ੍ਹਿਆ ਸੋਧਣਿ ਧਰਤਿ ਲੁਕਾਈ॥*

ਗੁਰੂ ਜੀ ਨੇ ਸਮਾਜ ਨੂੰ ਬਦਲਣ ਦਾ ਟੀਚਾ ਮਿੱਥ ਕੇ ਆਪਣੇ ਕ੍ਰਾਂਤੀਕਾਰੀ ਚਿੰਤਨ ਰਾਹੀ ਮਾਨਵ ਧਰਮ ਦਾ ਸੰਦੇਸ਼ ਦਿੰਦਿਆ ਸਮਾਜਿਕ ਪਰਿਵਰਤਨ ਲਿਆਉਣ ਦੀ ਸਫਲ ਕੋਸ਼ਿਸ਼ ਕੀਤੀ।

ਗੁਰੂ ਸਾਹਿਬ ਦੇ ਨਵੀਨ ਸਿਧਾਂਤਾਂ ਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ ਅਤੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਉਨ੍ਹਾਂ ਨੇ ਸਿੱਖ ਧਰਮ ਨੂੰ ਅਧਿਆਤਮਿਕਤਾ ਤਕ ਹੀ ਸੀਮਤ ਨਹੀਂ ਰੱਖਿਆ, ਸਗੋਂ ਮਨੁੱਖੀ-ਜੀਵਨ ਦੀ ਹਰ ਪੱਖ ਤੋਂ ਅਗਵਾਈ ਕਰਨ ਵਾਲਾ ਧਰਮ ਬਣਾਇਆ। ਉਨ੍ਹਾਂ ਨੇ ਮਨੁੱਖ ਨੂੰ ਦਇਆ , ਸੇਵਾ, ਸੰਤੋਖ, ਆਤਮ-ਨਿਰਭਰ ਤੇ ਸਵੈ-ਮਾਣ ਵਾਲਾ ਜੀਵਨ ਜਿਉਣ ਦੇ ਯੋਗ ਬਣਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮਕਾਲੀ ਸਮਾਜ ਵਿਚ ਆਰਥਿਕ ਅਸਮਾਨਤਾ, ਲੁੱਟ-ਖਸੁੱਟ ਨੂੰ ਦੇਖਦਿਆਂ 'ਨਾਮ ਜਪੋ,ਕਿਰਤ ਕਰੋ, ਅਤੇ ਵੰਡ ਛਕੋ' ਦੇ ਬੁਨਿਆਦੀ ਸਿਧਾਂਤ ਦਾ ਪ੍ਰਚਾਰ ਕੀਤਾ। ਉਨ੍ਹਾਂ ਅਨੁਸਾਰ ਪਵਿੱਤਰ ਕਮਾਈ ਉਹੀ ਹੈ ਜਿਹੜੀ ਤਨਦੇਹੀ ਨਾਲ ਮਿਹਨਤ ਕਰ ਕੇ ਕੀਤੀ ਗਈ ਹੋਵੇ। ਉਨ੍ਹਾਂ ਕਰਤਾਰਪੁਰ ਵਿਖੇ ਆਪਣੇ ਹੱਥੀਂ ਖੇਤੀ ਕਰ ਕੇ ਮਨੁੱਖਤਾ ਨੂੰ ਕਿਰਤ ਕਰਨ ਦਾ ਸੰਦੇਸ਼ ਦਿੰਦਿਆਂ ਫ਼ਰਮਾਇਆ:

*ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੋਇ॥ (ਪੰਨਾ ੧੨੪੫)*

ਗੁਰੂ ਜੀ ਦੇ ਇਸ ਸਿਧਾਂਤ ਵਿਚੋਂ ਸਰਬੱਤ ਦੇ ਭਲੇ ਦੀ ਖਾਹਿਸ਼ ਉਜਾਗਰ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਕੇਵਲ ਸਿੱਖਾਂ ਦੇ ਹੀ ਨਹੀਂ ਸਗੋਂ ਸਾਰੀ ਮਨੁੱਖ-ਜਾਤੀ ਦੇ ਸੱਚੇ ਮਾਰਗ ਦਰਸ਼ਕ ਹਨ ਜਿਨ੍ਹਾਂ ਨੇ ਭਰਮ-ਭੁਲੇਖਿਆਂ ਵਿਚ ਭਟਕ ਰਹੀ ਜਨਤਾ ਦਾ ਸਹੀ ਮਾਰਗ-ਦਰਸ਼ਨ ਕਰ ਕੇ ਉਸ ਨੂੰ ਪਰਮਾਰਥ ਦੇ ਰਾਹ ਤੋਰਿਆ। ਉਨ੍ਹਾਂ ਇਸ ਮੰਤਵ ਦੀ ਪੂਰਤੀ ਲਈ ਧਰਮਸਲਾਵਾਂ ਬਣਵਾਈਆਂ; ਲੰਗਰ, ਸੰਗਤ ਅਤੇ ਸੇਵਾ, ਸਿਮਰਨ ਦੇ ਅਜਿਹੇ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ, ਜੋ ਅੱਜ ਦੇ ਯੁੱਗ ਵਿਚ ਵੀ ਮਨੁੱਖਤਾ ਨੂੰ ਸੇਧ ਦੇ ਰਹੇ ਹਨ। ■

# ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ

*-ਡਾ. ਹਰਨਾਮ ਸਿੰਘ ਸ਼ਾਨ**

ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਦਸਵੇਂ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਦੇ ਪਲੇਠੇ ਭਾਵ ਪਹਿਲੇ ਜਾਂ ਸਭ ਤੋਂ ਵੱਡੇ ਸਪੁੱਤਰ ਸਨ। ਉਨ੍ਹਾਂ ਦਾ ਮੁਬਾਰਕ ਜਨਮ ੨੯ ਮਾਘ ੧੭੪੩ ਬਿਕਰਮੀ (ਮੁਤਾਬਕ ੧੬੯੬ ਈ.) ਨੂੰ ਮਾਤਾ ਸੁੰਦਰੀ ਜੀ ਦੀ ਕੁੱਖੋਂ ਪਾਉਂਟਾ ਸਾਹਿਬ ਵਿਖੇ ਹੋਇਆ ਸੀ। ਉਹ ਦੀਨ-ਦੁਨੀ ਦੇ 'ਸੱਚੇ ਪਾਤਸ਼ਾਹ' ਦੇ ਸੁੱਚੇ ਤੇ ਸੂਰਬੀਰ ਸਪੁੱਤਰ ਸਨ। ਇਸ ਲਈ ਉਨ੍ਹਾਂ ਦੀ ਉਮੱਤ ਉਨ੍ਹਾਂ ਨੂੰ ਮੁੱਢੋਂ ਹੀ ਅਤੀ ਪਿਆਰ ਤੇ ਸਤਿਕਾਰ ਸਹਿਤ ਸਾਹਿਬਜ਼ਾਦਾ ਦੇ ਆਦਰ-ਸ਼ਹੂਕ ਲਕਬ ਨਾਲ ਚਿਤਾਰਦੀ ਤੇ ਸਨਮਾਨਦੀ ਰਹੀ ਹੈ।

ਸਾਹਿਬਜ਼ਾਦਾ ਅਜੀਤ ਸਿੰਘ, ਇਸ ਤੋਂ ਇਲਾਵਾ, ਇਕ ਅਤਿ ਵਿਸ਼ੇਸ਼ ਤੇ ਮਹਾਨ ਵਿਰਸੇ ਦੇ ਵੀ ਵਾਰਸ ਸਨ। ਉਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ, ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਕੜਪੋਤੇ, ਮੀਰੀ-ਪੀਰੀ ਦੇ ਮਾਲਕ, ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੜਪੋਤੇ ਅਤੇ ਲਾਸਾਨੀ ਬਲੀਦਾਨੀ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪੋਤੇ ਹੋਣ ਦਾ ਅਦੁੱਤੀ ਮਾਣ ਤੇ ਸਥਾਨ ਵੀ ਪ੍ਰਾਪਤ ਸੀ।

ਇਸੇ ਲਈ ਉੱਚ-ਕੋਟੀ ਦੀ ਸੁੱਚਤਾ, ਸੁਚੱਜਤਾ, ਸੂਰਬੀਰਤਾ ਤੇ ਬਲੀਦਾਨਤਾ ਆਦਿ ਦੀ ਭਰਵੀਂ ਅੰਸ਼ ਉਨ੍ਹਾਂ ਦੇ ਰਗ-ਰੇਸ਼ੇ ਵਿਚ ਮੂਲੋਂ ਹੀ ਰਚੀ ਹੋਈ ਸੀ ਅਤੇ ਨਾਲੇ ਉਹ ਆਪਣੀ ਮਹਾਨ ਦਾਦੀ, ਮਾਤਾ ਗੁਜਰੀ ਜੀ ਦੀ ਗੋਦ ਵਿਚ ਖੇਡ ਕੇ ਵੱਡੇ ਹੋਏ ਸਨ। ਉਨ੍ਹਾਂ ਨੇ ਆਪਣੇ ਪਾਵਨ ਪੁਰਖਿਆਂ ਤੇ ਪਿਤਾਮਿਆਂ ਦੇ ਹੇਠ ਲਿਖੇ ਸਿਧਾਂਤਕ ਵਾਕ ਵੀ ਉਨ੍ਹਾਂ ਤੋਂ ਕਈ ਵਾਰ ਸੁਣੇ ਤੇ ਸਮਝੇ ਹੋਣਗੇ:

*- ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥* *(ਪੰਨਾ ੧੪੧੨)*
*- ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥* *(ਪੰਨਾ ੧੪੨੭)*

ਉਨ੍ਹਾਂ ਨੇ ਆਪਣੇ 'ਕਾਦਰੇ ਹਰਕਾਰ' ਤੇ ਖਾਲਸੇ ਦੇ ਸਾਜਨਹਾਰ ਗੁਰੂ-ਪਿਤਾ ਦੇ ਮੁਖਾਰਬਿੰਦ ਤੋਂ ਵੀ ਉਹ ਬੇਮਿਸਾਲ ਵਰ, ਉਹ ਬੇਜੋੜ ਪ੍ਰਤਿੱਗਿਆ ਤੇ ਪ੍ਰਾਰਥਨਾ ਵੀ ਕਈ ਵਾਰ ਸੁਣੀ-ਸਮਝੀ ਹੋਵੇਗੀ, ਜੋ ਉਨ੍ਹਾਂ ਨੇ ਭਰਵੇਂ ਸਿਦਕ ਤੇ ਭਰਪੂਰ ਸ਼ਰਧਾ ਨਾਲ ਅਕਾਲ ਪੁਰਖ ਨੂੰ ਸੰਬੋਧਨ ਕਰਦਿਆਂ ਇਉਂ ਉਚਾਰੀ ਹੋਈ ਸੀ:

*...ਨਾ ਡਰੋ ਅਰਿ ਸੋ ਜਬ ਜਾਇ ਲਰੋ,*
*ਨਿਸਚੈ ਕਰਿ ਅਪੁਨੀ ਜੀਤ ਕਰੋਂ।...*

*# ੬੦੫, ਸੈਕਟਰ ੧੬-ਡੀ, ਚੰਡੀਗੜ੍ਹ-੧੬੦੦੧੫. ਮੋ: ੯੪੧੨੨-੨੭੬੦੫*

*ਜਬ ਆਵ ਕੀ ਅਉਧ ਨਿਦਾਨ ਬਨੈ,*
*ਅਤਿ ਹੀ ਰਨ ਮੈਂ ਤਬ ਜੂਝ ਮਰੋਂ।* *(ਚੰਡੀ ਚਰਿਤ੍ਰ, ਪਦ ਨੰ: ੧੭)*

ਇਸ ਅਦੁੱਤੀ ਸੰਬੋਧਨ ਵਿੱਚੋਂ ਡੁੱਲ੍ਹ-ਡੁੱਲ੍ਹ ਪੈ ਰਹੀ ਭਗਤੀ, ਸ਼ਕਤੀ ਤੇ ਨੇਕ ਚਲਨੀ; ਸਵੈ-ਮਾਨ, ਸਵੈ-ਵਿਸ਼ਵਾਸ ਤੇ ਸਵੈ-ਤਿਆਗ; ਨਿਰਭੈਤਾ, ਨਿਰਵੈਰਤਾ ਤੇ ਦ੍ਰਿੜ੍ਹਤਾ: ਪਰਉਪਕਾਰਤਾ ਅਤੇ ਬਲੀਦਾਨਤਾ ਆਦਿ ਨਾਲ ਓਤਪੋਤ ਚੜ੍ਹਦੀ-ਕਲਾ ਵਾਲੇ ਜਜ਼ਬੇ ਦੇ ਜਲਵੇ ਵੀ ਉਨ੍ਹਾਂ ਆਪਣੇ ਅੱਖੀਂ ਕਈ ਵਾਰ ਵੇਖੇ ਹੋਣਗੇ। ਉਨ੍ਹਾਂ ਨੇ ਤਾਂ ਉਸ ਦੇ ਕ੍ਰਾਂਤੀਕਾਰੀ ਤੇ ਲੋਕ-ਹਿਤਕਾਰੀ ਅੰਸ਼ ਵੀ ਆਪਣੇ ਹਿਰਦੇ ਦੀਆਂ ਧੁਰ ਡੂੰਘਾਈਆਂ ਵਿਚ ਸਮੋ ਲਏ ਹੋਣਗੇ। ਤਦੇ ਤਾਂ ਜਦੋਂ ਸੰਨ ੧੭੦੪ ਈ. ਦੀਆਂ ਭਰ ਸਰਦੀਆਂ ਵਿਚ, ਅਨਿਆਂ ਤੇ ਅਤਿਆਚਾਰ ਨਾਲ ਆਖ਼ਰੀ ਟੱਕਰ ਲੈਣ ਦਾ ਸਮਾਂ ਆਇਆ ਅਤੇ ਜਦੋਂ "ਅਤਿ ਹੀ ਰਨ ਮੈਂ ਤਬ ਜੂਝ ਮਰੋਂ" ਦੀ ਵੰਗਾਰ ਪਈ ਤਾਂ ਉਹ ਜ਼ਰਾ ਨਹੀਂ ਝਿਜਕੇ; ਜ਼ਰਾ ਨਹੀਂ ਅਟਕੇ; ਅਤੇ ਦੇਸ਼, ਕੌਮ ਤੇ ਮਨੁੱਖਤਾ ਵਾਸਤੇ ਆਪਣਾ ਫ਼ਰਜ਼ ਨਿਭਾਉਣ ਲਈ ਰਣਭੂਮੀ ਵਿਚ ਜਾ ਨਿੱਤਰੇ ਸਨ।

ਉਦੋਂ ਉਹ ਉਨ੍ਹੀਂ ਕੁ ਵਰਿਆਂ ਦੇ ਬੜੇ ਸੁੰਦਰ, ਸੁਨੱਖੇ ਤੇ ਮਸਫੁੱਟਦੇ ਜਵਾਨ ਸਨ। ਇਕ ਘੋਰ ਬਦਨੀਤੀ ਤੇ ਵਿਸਾਹਘਾਤ ਦੇ ਸ਼ਿਕਾਰ ਹੋ ਕੇ, ਆਪਣੇ ਮਾਪਿਆਂ ਤੇ ਉਨ੍ਹਾਂ ਦੀ ਉੱਮਤ ਸਮੇਤ ਆਪਣੀ ਕਰਮ-ਭੂਮੀ, ਅਨੰਦਪੁਰ ਸਾਹਿਬ ਤੋਂ ਨਿਕਲ ਆਏ ਸਨ। ਰਾਹ ਵਿਚ ਪਿੱਛੇ ਆ ਰਹੇ ਵੈਰੀ-ਦਲ ਨਾਲ ਟੱਕਰਾਂ ਲੈਂਦੇ ਉਹ ਸਰਸਾ ਨਦੀ ਦੇ ਕੰਢੇ ਪਹੁੰਚ ਗਏ ਸਨ। ਮੀਂਹ ਵਾਂਗ ਵਰ੍ਹਦੀਆਂ ਗੋਲੀਆਂ ਦੀ ਬੁਛਾੜ ਤੋਂ ਬਚਣ ਲਈ, ਉਹ ਰਾਹ ਘੇਰੇ ਬੈਠੀ ਹੜਿਆਈ ਸਰਸਾ ਨਦੀ ਨੂੰ ਪਾਰ ਕਰਨ ਲਈ ਰੱਬ-ਆਸਰੇ ਠਿੱਲ੍ਹ ਪਏ ਸਨ। ਉਸ ਦੀ ਸ਼ੂਕਦੀ ਫੇਟ ਤੋਂ ਬਚ ਕੇ ਮਸਾਂ ਪਾਰ ਹੁੰਦਿਆਂ ਹੀ, ਪਤਾ ਲੱਗਾ ਕਿ ਉਹ ਆਪਣੀ ਪਾਵਨ ਦਾਦੀ, ਮੁਬਾਰਕ ਮਾਂ, ਦੋ ਨਿੱਕੇ ਭਰਾਵਾਂ ਅਤੇ ਬਾਕੀ ਦੇ ਸ਼ਾਹ-ਸਵਾਰਾਂ ਤੋਂ ਨਿੱਖੜ ਚੁੱਕੇ ਸਨ। ਆਪਣੇ 'ਬਾਦਸ਼ਾਹ-ਦਰਵੇਸ਼' ਪਿਤਾ, ਛੋਟੇ ਵੀਰ ਜੁਝਾਰ ਸਿੰਘ ਅਤੇ ਕੁਝ ਗਿਣਵੇਂ ਸਾਥੀਆਂ ਨਾਲ ਵੱਸਦੇ ਮੀਂਹ, ਭਿੱਜਦੇ ਕੱਪੜੀਂ, ਠਰੇ-ਭੁੱਖੇ ਤੇ ਥੱਕੇ-ਟੁੱਟੇ ਸਰੀਰਾਂ ਨੂੰ ਠੇਲ੍ਹਦੇ ਰੋਪੜ ਵੱਲ ਤੁਰ ਪਏ ਸਨ। ਉਥੇ ਪੁੱਜਦਿਆਂ ਹੀ, ਸਥਾਨਕ ਪਠਾਣਾਂ ਨੇ ਉਨ੍ਹਾਂ ਨਾਲ ਆਢਾ ਲਿਆ ਤੇ ਜਦੋਂ ਉਹ ਦਿਨ ਡੁੱਬਦੇ ਚਮਕੌਰ ਪਹੁੰਚੇ ਤਾਂ ਉਨ੍ਹਾਂ ਨਾਲ ਪਿਤਾ ਤੇ ਭਰਾ ਤੋਂ ਛੁਟ ਕੇਵਲ ਚਾਲੀ ਸਿੰਘ ਹੀ ਬਾਕੀ ਰਹਿ ਗਏ ਸਨ। ਵੈਰੀ-ਦਲ ਤੇ ਮੁਲਖਈਆ ਪਿੱਛੋਂ ਮਾਰੋ-ਮਾਰ ਕਰਦਾ, ਵਾਹੋ-ਦਾਹੀ ਆ ਰਿਹਾ ਸੀ। ਇਹ ਅਜੀਬ ਕੁੜਿੱਕੀ ਤੇ ਘੋਰ ਸਥਿਤੀ ਵਿਚ ਫਸਿਆਂ ਨੇ, ਫਿਰ ਵੀ ਨਾ ਹਿੰਮਤ ਹਾਰੀ ਅਤੇ ਨਾ ਹੀ ਹੌਸਲਾ ਛੱਡਿਆ ਸੀ। ਛੱਡਦੇ ਵੀ ਕਿਵੇਂ ਜਦ ਕਿ ਉਨ੍ਹਾਂ ਦੇ ਸ਼ਹੀਦ ਦਾਦਾ ਤੇ ਮਹਾਂਬਲੀ ਪਿਤਾ ਨੇ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਸਾਥੀਆਂ ਨੂੰ ਇੰਨਾ ਨਿਰਭੈ ਤੇ ਦ੍ਰਿੜ੍ਹ ਬਣਾ ਦਿੱਤਾ ਸੀ ਕਿ ਉਹ ਜੀਵਨ ਦੇ ਸਭ ਤੋਂ ਵੱਡੇ ਭੈ, ਮੌਤ, ਨਾਲ ਵੀ ਮੱਥਾ ਡਾਹੁਣ ਲਈ, ਉਨ੍ਹਾਂ ਦੇ ਹੀ ਸਿਖਾਏ ਹੇਠ-ਲਿਖੇ ਸਬਕ ਅਨੁਸਾਰ, ਬਿਲਕੁਲ ਤਿਆਰ-ਬਰ-ਤਿਆਰ

ਸਨ:

*ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ,*
*ਤੋ ਕਿਹ ਕੁੰਟ ਕਹੋ ਭਜਿ ਜਈਐ...* *(ਬਚਿਤ੍ਰ ਨਾਟਕ, ਬੰਦ ਨੰ: ੯੬)*

ਸ਼ਹੀਦ ਪਿਤਾ-ਪੜਦਾਦੇ ਦੇ ਯੋਗ ਵਾਰਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਤੁਰੰਤ ਹੀ, ਉਥੇ ਹੀ ਅਟਕਣ, ਅੰਤਮ ਸੁਆਸਾਂ ਤਕ ਜੂਝਣ ਤੇ ਜੀਂਦੇ-ਜੀਅ ਵੈਰੀ ਦੇ ਹੱਥ ਨਾ ਆਉਣ ਦਾ ਫੈਸਲਾ ਕਰ ਲਿਆ ਸੀ। ਪਿੰਡ ਦੀ ਇਕ ਹਵੇਲੀ, ਇਸ ਬੇਮਿਸਾਲ ਧਰਮ-ਯੁੱਧ ਦੇ ਬਚੇ ਹੋਏ, ਇਨ੍ਹਾਂ ਗਿਣਵੇਂ ਪਰਵਾਨਿਆਂ ਦੀ ਗੜ੍ਹੀ ਬਣ ਗਈ ਸੀ। ਸਵੇਰ ਹੁੰਦਿਆਂ ਹੀ, ਲੱਖਾਂ ਹਥਿਆਰਬੰਦ ਫੌਜੀਆਂ ਨੇ ਇਹਨੂੰ ਚੁਫੇਰਿਓਂ ਘੇਰ ਲਿਆ ਸੀ। ਵੈਰੀ-ਦਲ ਨੂੰ ਗੜ੍ਹੀ ਤੋਂ ਪਰੇਡੇ ਰੱਖਣ ਲਈ, ਪਹਿਲਾਂ ਤੀਰ ਵਰਤੇ ਗਏ ਸਨ। ਜਦੋਂ ਉਹ ਮੁੱਕ ਗਏ ਸਨ ਤਾਂ ਹੱਥੋਂ-ਹੱਥ ਲੜਾਈ ਸ਼ੁਰੂ ਹੋ ਗਈ ਸੀ। ਇਨ੍ਹਾਂ ਮੁੱਠੀ-ਭਰ ਮਰਜੀਵੜਿਆਂ ਦੇ ਨਿੱਕੇ-ਨਿੱਕੇ ਜਥੇ ਗੜ੍ਹੀ ਵਿੱਚੋਂ ਵਾਰੋ-ਵਾਰ ਨਿਕਲਣ, ਜੂਝਣ ਤੇ ਸ਼ਹੀਦ ਹੋਣ ਲੱਗ ਪਏ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਲੇਠੇ ਪੁੱਤਰ ਤੇ ਬੀਰ ਬਹਾਦਰ ਬਾਬਾ ਅਜੀਤ ਸਿੰਘ ਜੀ ਨੇ ਉਨ੍ਹਾਂ ਨੂੰ ਆਪਣੀਆਂ ਅੱਖਾਂ ਸਾਹਵੇਂ ਜੂਝਦਿਆਂ ਅਤੇ ਦੇਸ਼-ਕੌਮ ਤੇ ਧਰਮ-ਕਰਮ ਦੀ ਰੱਖਿਆ ਲਈ ਪੁਰਜ਼ਾ-ਪੁਰਜ਼ਾ ਹੁੰਦਿਆਂ ਵੇਖਿਆ। ਉਨ੍ਹਾਂ ਦਾ ਬੀਰ-ਰਸੀ ਖ਼ੂਨ ਖੌਲਿਆ, ਸੀਨਾ ਉਭਰਿਆ ਅਤੇ ਡੌਲੇ ਫਰਕੇ। ਬੜੇ ਦਾਈਏ ਤੇ ਜ਼ੇਰੇ ਨਾਲ ਗੁਰੂ-ਪਿਤਾ ਨੂੰ ਬੇਨਤੀ ਕੀਤੀ : "ਸੱਚੇ ਪਾਤਸ਼ਾਹ! ਹੁਣ ਮੇਰੇ ਲਈ ਵੀ ਸਮਾਂ ਆ ਗਿਆ ਹੈ ਇਸ ਧਰਮ-ਯੁੱਧ ਵਿਚ ਸ਼ਾਮਲ ਹੋਣ ਦਾ, ਇਨ੍ਹਾਂ ਮਰਜੀਵੜਿਆਂ ਵਾਂਗ ਇਸ ਰਣਭੂਮੀ ਵਿਚ ਕੁੱਦਣ ਤੇ ਜੂਝਣ ਦਾ। ਹੁਣ ਮੈਨੂੰ ਵੀ ਆਗਿਆ ਤੇ ਅਸੀਸ ਨਾਲ ਨਿਵਾਜੋ ਤਾਂ ਜੋ ਮੈਂ ਵੀ ਇਨ੍ਹਾਂ ਬਾਕੀ ਰਹਿੰਦੇ ਜਾਨਬਾਜ਼ਾਂ ਦੇ ਸਿਦਕੀ ਤੇ ਮਜ਼ਬੂਤ ਮੋਢਿਆਂ ਨਾਲ ਆਪਣੇ ਜਵਾਨ ਮੋਢੇ ਜੋੜ ਕੇ ਆਪਣਾ ਫਰਜ਼ ਨਿਭਾ ਸਕਾਂ।" ਰਵਾਇਤ ਦੱਸਦੀ ਹੈ ਕਿ ਗੁਰੂ-ਪਿਤਾ ਨੇ ਬੜੇ ਰਮਜ਼ ਭਰੇ ਲਹਿਜ਼ੇ ਵਿਚ ਆਖਿਆ, "ਮੇਰੇ ਸੂਰਬੀਰ ਨੌਨਿਹਾਲ! ਅਜਿਹੀ ਫਰਜ਼-ਅਦਾਇਗੀ ਦਾ ਮੌਕਾ ਤੈਨੂੰ ਵੀ ਜ਼ਰੂਰ ਮਿਲੇਗਾ। ਪਰ ਅਜੇ ਤੇਰੀ ਉਮਰ ਇਸ ਦੇ ਹਾਣ ਦੀ ਨਹੀਂ ਜਾਪਦੀ।"

ਕਹਿੰਦੇ ਹਨ, ਸਾਹਿਬਜ਼ਾਦਾ ਅਜੀਤ ਸਿੰਘ ਨੇ ਦੋਵੇਂ ਹੱਥ ਜੋੜ ਕੇ ਸਨਿਮਰ ਅਰਜ਼ ਕੀਤੀ: "ਸੱਚੇ ਪਾਤਸ਼ਾਹ ਮੇਰੀ ਉਮਰ ਆਪ ਜੀ ਦੀ ਉਸ ਸਮੇਂ ਦੀ ਉਮਰ ਤੋਂ ਹੁਣ ਦੂਣੀ ਹੋ ਗਈ ਹੈ ਜਿਸ ਨਿੱਕੀ ਜਿਹੀ ਉਮਰ ਵਿਚ ਆਪ ਜੀ ਨੇ ਆਪਣੇ ਮੁਬਾਰਕ ਗੁਰੂ-ਪਿਤਾ ਅਤੇ ਮੇਰੇ ਪਾਵਨ ਦਾਦਾ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਨੂੰ ਸ਼ਹਾਦਤ ਦਾ ਜਾਮ ਪੀਣ ਲਈ, ਖ਼ੁਦ ਆਪ ਪ੍ਰੇਰਿਆ ਤੇ ਤੋਰਿਆ ਸੀ। ਅਕਾਲ ਪੁਰਖ ਦੀ ਮਿਹਰ ਤੇ ਆਪ ਦੀ ਅਸੀਸ ਸਦਕਾ ਮੈਂ ਆਪ ਜੀ ਨੂੰ ਯਕੀਨ ਦੁਆਉਂਦਾ ਹਾਂ ਕਿ ਮੇਰੀ ਉਮਰ ਮੇਰੇ ਕਰਤੱਵ ਦੀ ਪਾਲਣਾ ਵਿਚ ਕਿਤੇ ਕੋਈ ਰੋਕ ਨਹੀਂ ਪਾ ਸਕੇਗੀ।" 'ਬੇਕਸਾਂ ਰਾ

ਯਾਰ' ਗੁਰੂ-ਪਿਤਾ ਨੇ ਜਦੋਂ ਆਪਣੇ ਭਰ-ਜਵਾਨ ਤੇ ਬਲਵਾਨ ਪੁੱਤਰ ਵੱਲ ਭਰਵੀਂ ਤੇ ਜਲਾਲੀ ਨਜ਼ਰ ਨਾਲ ਵੇਖਿਆ ਤਾਂ ਕਹਿੰਦੇ ਹਨ, ਉਸ ਕਥਨੀ ਤੇ ਕਰਨੀ ਦੇ ਸੂਰੇ ਨੌਨਿਹਾਲ ਨੇ ਆਪਣੀ ਹਿੱਕ ਥਾਪੜ ਕੇ ਆਖਿਆ, "ਸੱਚੇ ਪਾਤਸ਼ਾਹ! ਮੈਂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਕੜਪੋਤਾ ਹਾਂ; ਮੈਂ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪੜਪੋਤਾ ਹਾਂ; ਮੈਂ ਮਹਾਨ ਬਲੀਦਾਨੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਪੋਤਾ ਹਾਂ, ਮੈਂ ਪੰਥ ਦੇ ਵਾਲੀ ਤੇ ਚੜ੍ਹਦੀ ਕਲਾ ਦੇ ਪੁੰਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਲੇਠਾ ਪੁੱਤਰ ਹਾਂ; ਮੈਂ ਮਾਤਾ ਸੁੰਦਰੀ ਜੀ ਦਾ ਲਾਲ ਅਤੇ ਮਾਤਾ ਗੁਜਰੀ ਜੀ ਦਾ ਨੌਨਿਹਾਲ ਹਾਂ। ਮੈਂ ਆਪਣੇ ਫਰਜ਼ ਦੀ ਅਦਾਇਗੀ ਵਿਚ ਕੋਈ ਆਂਚ ਨਹੀਂ ਆਉਣ ਦਿਆਂਗਾ, ਮੈਂ ਗੁਰੂ ਨਾਨਕ ਦੇ ਦਰ-ਘਰ ਨੂੰ ਲੀਕ ਨਹੀਂ ਲੱਗਣ ਦਿਆਂਗਾ, ਮੈਂ ਖ਼ਾਲਸੇ ਦੀ ਚਿੱਟੀ ਚਾਦਰ ਨੂੰ ਕਦੇ ਦਾਗ਼ੀ ਨਹੀਂ ਹੋਣ ਦਿਆਂਗਾ। ਮੇਰਾ ਤਾਂ ਨਾਂ ਹੀ ਆਪ ਨੇ 'ਅਜੀਤ ਸਿੰਘ' ਰੱਖਿਆ ਹੈ ਜਿਸ ਦਾ ਭਾਵ 'ਨਾ ਜਿੱਤਿਆ ਜਾ ਸਕਣ ਵਾਲਾ ਸ਼ੇਰ' ਹੈ। ਮੈਂ ਫਿਰ ਯਕੀਨ ਦੁਆਉਂਦਾ ਹਾਂ ਕਿ ਆਪ ਦੀ ਦੱਸੀ ਹੋਈ ਪ੍ਰਤਿੱਗਿਆ ਅਨੁਸਾਰ, ਮੈਂ ਵੈਰੀ ਤੋਂ ਕਦੇ ਨਹੀਂ ਡਰਾਂਗਾ ਅਤੇ ਆਪ ਦੇ ਫ਼ਰਮਾਨ ਮੁਤਾਬਕ 'ਨਿਸਚੈ ਕਰਿ ਅਪੁਨੀ ਜੀਤ' ਲੜਾਂਗਾ। ਅੱਵਲ ਤਾਂ ਮੈਨੂੰ ਕੋਈ ਜਿੱਤ ਨਹੀਂ ਸਕੇਗਾ ਪਰ ਜੇ ਕਦੇ ਕੋਈ ਮੇਰੇ ਉੱਤੇ ਭਾਰੂ ਹੋ ਗਿਆ ਤਾਂ ਹਾਰਿਆ ਹੋਇਆ ਮੂੰਹ ਵਿਖਾਉਣ ਲਈ ਰਣਭੂਮੀ ਤੋਂ ਜੀਂਦਾ ਕਦੇ ਨਹੀਂ ਮੁੜਾਂਗਾ।" ਮਿਰਜ਼ਾ ਮੁਹੰਮਦ ਅਬਦੁਲ ਦੇ ਲਫਜ਼ਾਂ ਵਿਚ....

*ਮੁਝ ਕੋ ਭੀ ਦੀਜੇ ਹੁਕਮ, ਕਿ ਜੌਹਰ ਦਿਖਾਊਂ ਮੈਂ।*
*ਜਾਏ ਬਲਾ ਸੇ ਜਾਨ ਪੇ, ਵਾਪਸ ਨ ਆਊਂ ਮੈਂ।...*
*ਨਾਮ ਕਾ ਅਜੀਤ ਹੂੰ, ਜੀਤਾ ਨਾ ਜਾਊਂਗਾ।*
*ਜੀਤਾ ਤੋ ਖ਼ੈਰ ਹਾਰ ਕੇ, ਜੀਤਾ ਨਾ ਆਊਂਗਾ।* *(ਜੌਹਰਿ ਤੇਗ)*

ਸਾਹਿਬਜ਼ਾਦਾ ਅਜੀਤ ਸਿੰਘ ਨੇ ਇਸ ਐਲਾਨ ਤੇ ਇਕਰਾਰ ਨੂੰ ਚਮਕੌਰ ਦੇ ਰਣਤੱਤੇ ਵਿਚ ਜੂਝ ਕੇ ਜਿਵੇਂ ਸੱਚ ਕਰ ਵਿਖਾਇਆ, ਉਸ ਦਾ ਜ਼ਿਕਰ ਕਰਦਿਆਂ ਹਕੀਮ ਅੱਲਾ ਯਾਰ ਖਾਂ ਜੋਗੀ ਨੇ ਲਿਖਿਆ ਹੈ:

*ਜਿਸ ਸੱਮਤ ਗਯਾ, ਰਣ ਕਾ ਯਿਹ ਨਕਸ਼ਾ ਬਦਲ ਆਇਆ।*
*ਪਲਟਨ ਪਲਟ ਆਇਆ, ਯਿਹ ਰਸਾਲਾ ਕੁਚਲ ਆਇਆ।*

*(ਗੰਜਿ ਸ਼ਹੀਦਾਂ, ੯੨)*

ਉਸ ਦੀ ਅਜਿਹੀ ਸੂਰਬੀਰਤਾ ਤੇ ਚੜ੍ਹਦੀ ਕਲਾ ਨੂੰ ਵੇਖ ਕੇ, ਗੜ੍ਹੀ ਤੋਂ ਕਮਾਨ ਕਰ ਰਹੇ ਗੁਰੂ-ਪਿਤਾ ਨੇ ਜੋ ਸ਼ਾਬਾਸ਼ ਭੇਜੀ, ਉਸ ਨੂੰ ਵੀ ਉਨ੍ਹਾਂ ਨੇ ਇਉਂ ਕਾਨੀਬੰਦ ਕੀਤਾ ਹੈ:

*ਸ਼ਾਬਾਸ਼ ਪਿਸਰ ਖ਼ੂਬ ਦਲੇਰੀ ਸੇ ਲੜੇ ਹੋ!*

*ਹਾਂ, ਕਿਉਂ ਨ ਹੋ ਗੋਬਿੰਦ ਕੇ .ਫ਼ਰਜ਼ੰਦ ਬੜੇ ਹੋ!!* *(ਗੰਜਿ ਸ਼ਹੀਦਾਂ, ੯੪)*

ਮਹਾਨ ਪਿਤਾ ਦੇ ਇਸ ਮਹਾਨ ਸਪੁੱਤਰ ਨੇ ਆਪਣੇ ਗੁਰੂ-ਪਿਤਾ ਜੀ ਦੇ ਹੀ ਹੇਠ-ਲਿਖੇ ਨਿਸਚੇ ਤੇ ਪ੍ਰਣ ਨੂੰ ਅਮਲੀ ਜਾਮਾ ਪੁਆਉਂਦਿਆਂ, ਉਨ੍ਹਾਂ ਦੇ ਵੇਖਦੇ-ਵੇਖਦੇ ਬੀਰ ਬਹਾਦਰਾਂ ਵਾਂਗ ਸਨਮੁਖ ਲੜ ਕੇ ਆਪਣੇ ਆਪ ਨੂੰ ਦੇਸ਼-ਕੌਮ ਤੇ ਧਰਮ-ਕਰਮ ਦੀ ਦਰਵੱਟਵੀਂ ਉੱਤੇ ਇਉਂ ਨਿਛਾਵਰ ਕਰ ਦਿੱਤਾ:

*ਜਬ ਆਵ ਕੀ ਅਉਧ ਨਿਦਾਨ ਬਨੈ,*
*ਅਤਿ ਹੀ ਰਨ ਮੈਂ ਤਬ ਜੂਝ ਮਰੋਂ।* *(ਚੰਡੀ ਚਰਿਤ੍ਰ, ਨੰ: ੧੭)*

ਅਤੇ ਉਸ ਦੇ ਮਹਾਂਬਲੀ ਤੇ 'ਏਜ਼ਦੀ ਮਨਜ਼ੂਰ' ਪਿਤਾ ਨੇ ਅਕਾਲ ਪੁਰਖ ਦੀ ਇਸ ਮਿਹਰ ਦਾ ਸ਼ੁਕਰੀਆ ਅਦਾ ਕਰਦਿਆਂ ਬਰਮਲਾਅ ਆਖਿਆ:

*ਮੁਝ ਪਰ ਸੇ ਆਜ ਤੇਰੀ, ਅਮਾਨਤ ਅਦਾ ਹੁਈ।*
*ਬੇਟੇ ਕੀ ਜਾਨ ਧਰਮ ਕੀ ਖਾਤਰ ਫਿਦਾ ਹੁਈ।* *(ਜ਼ੋਹਿਰਦੇ ਤੇਗ਼, ਬੰਦ ਨੰ. ੯੮)*

੮ ਪੋਹ, ੧੭੬੧ ਬਿ: (੧੭੦੪ ਈ.) ਨੂੰ ਅੱਖੀਂ-ਡਿੱਠੀ ਉਸ ਦੀ ਇਸ ਬੇਜੋੜ ਅਦਾਇਗੀ ਨੇ ਉਸ ਦੇ ਛੋਟੇ ਭਰਾ, ਪੰਦਰਾਂ ਕੁ ਵਰ੍ਹਿਆਂ ਦੇ ਸ਼ਹੀਦੀ-ਮਰਦਾਨਗੀ ਤੇ ਫਰਜ਼ ਦੇ ਪੁਤਲੇ, ਸਾਹਿਬਜ਼ਾਦਾ ਜੁਝਾਰ ਸਿੰਘ ਦੀ ਖ਼ਾਲਸਾਈ ਸਪਿਰਿਟ ਨੂੰ ਵੀ ਪਲੋ-ਪਲੀ ਇੰਨਾ ਉਤੇਜਿਤ ਕਰ ਦਿੱਤਾ ਕਿ ਉਸ ਨੇ ਵੀ, ਅੱਲਾ ਯਾਰ ਖਾਂ ਦੇ ਲਫ਼ਜ਼ਾਂ ਵਿਚ, ਦੋਵੇਂ ਹੱਥ ਜੋੜ ਕੇ ਇਉਂ ਬੇਨਤੀ ਕੀਤੀ:

*ਇਸ ਵਕਤ ਕਹਾ ਨੰਨ੍ਹੇਂ ਸੇ ਮਾੱਸੂਮ ਪਿਸਰ ਨੇ,*
*ਰੁਖ਼ਸਤ ਹਮੇਂ ਦਿਲਵਾਉ ਪਿਤਾ ਜਾਏਂਗੇ ਮਰਨੇ!* *(ਗੰਜਿ ਸ਼ਹੀਦਾਂ, ੯੬)*

ਨੌਜਵਾਨ ਬੇਟਿਆਂ ਦੀ ਅਜਿਹੀ ਸੂਰਬੀਰਤਾ ਤੇ ਮੂੰਹ-ਮੰਗੀ ਸ਼ਹਾਦਤ ਨੇ ਗੁਰੂ-ਪਿਤਾ ਦੇ ਨਿਸਚੇ ਨੂੰ ਵੀ ਮਾਨੋ ਹੋਰ ਦ੍ਰਿੜ੍ਹ ਕਰ ਦਿੱਤਾ, ਉਨ੍ਹਾਂ ਦੀ ਚੜ੍ਹਦੀ ਕਲਾ ਵਾਲੀ ਸਪਿਰਿਟ ਹੋਰ ਪ੍ਰਜਵੱਲਤ ਹੋ ਗਈ... ਇੰਨੀ ਤੇ ਅਜਿਹੀ ਕਿ ਸਮੇਂ ਦੀ ਸਭ ਤੋਂ ਵੱਡੀ ਸਲਤਨਤ ਦੇ ਸ਼ਹਿਨਸ਼ਾਹ ਔਰੰਗਜ਼ੇਬ ਨੂੰ ਉਸ ਦੀ ਨੀਚਤਾ ਤੇ ਕਾਇਰਤਾ ਦਾ ਅਹਿਸਾਸ ਕਰਾਉਣ ਅਤੇ ਆਪਣੀ ਚੜ੍ਹਦੀ-ਕਲਾ ਦੇ ਜਲੌ ਦਰਸਾਉਣ ਲਈ, ਉਨ੍ਹਾਂ ਨੇ ਇਕ ਇਨਕਲਾਬੀ ਚਿੱਠੀ ਰਾਹੀਂ ਵੰਗਾਰਦਿਆਂ ਤੇ ਲਲਕਾਰਦਿਆਂ ਆਖਿਆ :

*ਚੇ ਸ਼ੁਦ ਗਰ ਸ਼ਗ਼ਾਲੇ ਬ ਮਕਰੋ ਰਿਆ॥*
*ਹਮੀਂ ਕੁਸ਼ਤ ਦੋ ਬੱਚਾਏ ਸ਼ੇਰ ਰਾ॥*
*ਚੂੰ ਸ਼ੇਰੇ ਜ਼ਿਆਂ ਜ਼ਿੰਦਾ ਮਾਂਨਦ ਹਮੇਂ॥*
*ਜ਼ਤੂ ਇੰਤਕਾਮੇ ਸਤਾਨਦ ਹਮੇਂ॥* *(ਫ਼ਤਹਨਾਮਾ ਕ੍ਰਿਤ ਗੁਰੂ ਗੋਬਿੰਦ ਸਿੰਘ)*

ਅਰਥਾਤ : ਕੀ ਹੋਇਆ ਜੇ ਇਕ ਗਿੱਦੜ ਨੇ ਸ਼ੇਰ ਦੇ ਦੋ ਬੱਚਿਆਂ ਨੂੰ ਧੋਖੇ ਤੇ ਧ੍ਰੋਹ ਨਾਲ ਮਾਰ ਦਿੱਤਾ ਹੈ? ਸ਼ੇਰ ਅਜੇ ਜੀਉਂਦਾ ਹੈ ਅਤੇ ਉਨ੍ਹਾਂ ਦੇ ਅਦਲੇ-ਬਦਲੇ ਗਿਣ ਕੇ ਲੈ ਸਕਦਾ ਹੈ।"

ਔਰੰਗਜ਼ੇਬ ਨੂੰ ਜੋ ਚਿੱਠੀ ਗੁਰੂ ਸਾਹਿਬ ਨੇ ਲਿਖੀ ਉਸ ਵਿਚ ਉਸ ਦੇ ਫੌਜਦਾਰਾਂ ਦੇ ਵਿਸਾਹਘਾਤ ਤੇ ਚਮਕੌਰ ਵਿਚ ਜੂਝੇ ਉਕਤ ਗਿਣਵੇਂ ਸਾਥੀਆਂ ਦੀ ਜਾਨਬਾਜ਼ੀ ਦਾ ਜ਼ਿਕਰ ਕਰਦਿਆਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਮਾਣ ਨਾਲ ਆਖਿਆ: "ਜੇ ਮੈਂ ਤੁਹਾਡੀਆਂ ਕੁਰਾਨ ਉੱਤੇ ਹੱਥ ਰੱਖ ਕੇ ਚੁੱਕੀਆਂ ਸਹੁੰਆਂ ਉੱਤੇ ਇਤਬਾਰ ਨਾ ਕਰਦਾ, ਤਾਂ ਮੈਂ ਜਾਨ ਨਾਲੋਂ ਵੀ ਪਿਆਰੀ ਸੈਨਾ ਨੂੰ ਇਉਂ ਬਰਬਾਦ ਨਾ ਕਰਾਉਂਦਾ। ਆਖ਼ਰ ਚਾਲੀ ਭੁੱਖੇ ਤੇ ਨਿਹੱਥੇ, ਬੇਬਸ ਤੇ ਬੇਖ਼ਬਰ ਬੰਦੇ ਤੁਹਾਡੀ ਦਸ-ਲੱਖੀ ਹਥਿਆਰਬੰਦ ਸੈਨਾ ਦੇ ਅਚਾਨਕ ਤੇ ਵਿਸਾਹਘਾਤੀ ਹੱਲੇ ਸਾਹਵੇਂ ਕੀ ਕਰ ਸਕਦੇ ਸਨ?"

*ਗੁਰਸਨਹ ਚਿਹ ਕਾਰੇ ਕੁੱਨਦ ਚਿਹਲ ਨਰ।*
*ਕਿ ਦਹ ਲੱਕ ਬਿਆਯਦ ਬਰੋ ਬੇਖ਼ਬਰ।* *(ਜ਼ਫ਼ਰਨਾਮਾ, ਬੰਦ ਨੰ: ੧੯)*

"ਫਿਰ ਵੀ ਉਹ ਅੰਤਲੇ ਸੁਆਸਾਂ ਤਕ ਲੜੇ। ਕਿਸੇ ਨੇ ਈਨ ਨਾ ਮੰਨੀ, ਕਿਸੇ ਨੇ ਪਿੱਠ ਨਾ ਵਿਖਾਈ। ਅਜਿਹੀ ਹਾਲਤ ਵਿਚ ਮੈਨੂੰ ਆਪ ਤਲਵਾਰ ਸੂਤ ਕੇ ਮੈਦਾਨ ਵਿਚ ਨਿੱਤਰਨ ਤੋਂ ਸਿਵਾ ਹੋਰ ਕੋਈ ਚਾਰਾ ਨਜ਼ਰ ਨਾ ਆਇਆ ਤੇ ਇਹ ਹੈ ਵੀ ਯੋਗ, ਕਿਉਂਕਿ ਜਦੋਂ ਕੋਈ ਸਥਿਤੀ ਸਫ਼ਾਈ ਤੇ ਸੁਲਾਹਕੁਲੀ ਦੇ ਸਾਰੇ ਹੀਲੇ ਵਰਤਿਆਂ ਵੀ ਸੁਧਰ ਨਾ ਸਕੇ ਅਤੇ ਵੈਰੀ ਆਪਣੀ ਬਦਨੀਤੀ ਤੋਂ ਟਲਦਾ ਨਜ਼ਰ ਨਾ ਆਏ, ਤਾਂ ਮਰਦਾਂ ਵਾਂਗ ਤਲਵਾਰ ਨੂੰ ਵਰਤਣਾ ਤੇ ਜੂਝਣਾ ਧਰਮ ਹੋ ਜਾਂਦਾ ਹੈ।"

*ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ,*
*ਹਲਾਲੱਸਤ ਬੁਰਦਨ ਬ-ਸ਼ਮਸ਼ੀਰ ਦਸਤ।* *(ਜ਼ਫ਼ਰਨਾਮਾ, ਬੰਦ ਨੰ: ੨੨)*

ਸੋ, ਚਮਕੌਰ ਸਾਹਿਬ ਦਾ ਉਪਰੋਕਤ ਧਰਮ-ਯੁੱਧ ਸਿੱਖ ਇਤਿਹਾਸ ਦਾ ਇਕ ਵੱਡਾ ਮੋੜ ਸਿੱਧ ਹੋਇਆ, ਬੀਰ ਨਾਇਕ ਸਾਹਿਬਜ਼ਾਦਾ ਅਜੀਤ ਸਿੰਘ ਦੀ ਪਾਈ ਲਲਕਾਰ ਤੇ ਦਿੱਤੀ ਸ਼ਹਾਦਤ ਨੇ ਸਿੱਖ-ਸੰਘਰਸ਼ ਲਈ ਅਜਿਹੇ ਪੂਰਨੇ ਪਾ ਦਿੱਤੇ ਜੋ ਸਿੱਖ ਸਰੂਪ ਤੇ ਖ਼ਾਲਸਾਈ ਸਪਿਰਿਟ ਨੂੰ ਬਰਕਰਾਰ ਰੱਖਣ ਲਈ ਸਦਾ ਇਕ ਰਾਹ-ਦਸੇਰੇ ਤੇ ਚਾਨਣ-ਮੁਨਾਰੇ ਦਾ ਕੰਮ ਕਰਦੇ ਰਹੇ ਹਨ।

■

---

## ਸਹਾਇਤਾ

੧੦੨, ਗੱਨਗਕ ਇਨਕਲੇਵ, ਸਿਕੰਦਰਾਬਾਦ ਨਿਵਾਸੀ ਬ੍ਰਿਗੇਡੀਅਰ ਜੇ.ਐਸ. (ਅਹੂਜਾ) ਵੱਲੋਂ ਸਵਰਗੀ ਸ. ਹਰਵੰਦ ਸਿੰਘ (ਅਹੂਜਾ) ਸਪੁੱਤਰ ਸਵਰਗੀ ਸ. ਗੁਰਬਚਨ ਸਿੰਘ (ਅਹੂਜਾ) ਫਰੁਕਾ ਨਿਵਾਸੀ ਜ਼ਿਲ੍ਹਾ ਸਰਗੋਧਾ ਅਤੇ ਸਵਰਗਵਾਸੀ ਬੀਬੀ ਸੁਰਜੀਤ ਕੌਰ ਪਤਨੀ ਸ. ਹਰਵੰਦ ਸਿੰਘ ਅਤੇ ਉਨ੍ਹਾਂ ਦੀ ਸਪੁੱਤਰੀ ਸਵਰਗਵਾਸੀ ਗੁਰਮੀਤ ਕੌਰ ਦੀ ਯਾਦ ਵਿਚ ੫੦,੦੦੦/- ਰੁਪਏ (ਗੁਰਮਤਿ ਪ੍ਰਕਾਸ਼ ਮਾਸਿਕ-ਪੱਤਰ) ਧਰਮ ਪ੍ਰਚਾਰ ਲਈ ਭੇਟ ਕੀਤੇ।

# ਸਿੱਖ ਧਰਮ ਵਿਚ ਭਾਣਾ ਮੰਨਣ ਦਾ ਸੰਕਲਪ

*-ਡਾ. ਸ਼ਮਸ਼ੇਰ ਸਿੰਘ**

ਸਿੱਖ ਧਰਮ ਦੀ ਵਿਚਾਰਧਾਰਾ ਇਕ ਵਿਲੱਖਣ ਕਿਸਮ ਦੀ ਵਿਚਾਰਧਾਰਾ ਹੈ। ਇਸ ਦੇ ਸਿਧਾਂਤ ਬਹੁਪੱਖੀ ਹਨ, ਇਨ੍ਹਾਂ ਸਿਧਾਂਤਾਂ ਦੀਆਂ ਪਰਤਾਂ ਬੜੀਆਂ ਡੂੰਘੀਆਂ ਹਨ। ਇਨ੍ਹਾਂ ਸਿਧਾਂਤਾਂ ਦਾ ਬਹੁਪੱਖੀ ਅਧਿਐਨ ਸਮੇਂ ਦੀ ਮੰਗ ਹੈ। ਸਿੱਖ ਵਿਦਵਾਨਾਂ ਦਾ ਵੀ ਫਰਜ਼ ਬਣਦਾ ਹੈ ਕਿ ਇਨ੍ਹਾਂ ਡੂੰਘਾਈਆਂ ਤਕ ਜਾ ਕੇ ਗੁਰਮਤਿ ਦੇ ਅਨੁਭਵੀ ਖਿਆਲਾਂ ਨੂੰ ਸਰਲ ਰੂਪ ਵਿਚ ਸੰਸਾਰ ਦੇ ਲੋਕਾਂ ਤਾਈਂ ਸਾਂਝਾ ਕੀਤਾ ਜਾਵੇ।

ਭਾਣਾ ਹੁਕਮ, ਰਜਾ, ਭਾਣੈ, ਆਗਿਆ ਸ਼ਬਦ ਗੁਰਬਾਣੀ ਵਿਚ ਕਈ ਥਾਵਾਂ 'ਤੇ ਸਮਾਨ ਅਰਥੀ ਰੂਪ ਵਿਚ ਆਏ ਹਨ। ਇਨ੍ਹਾਂ ਸ਼ਬਦਾਂ ਦੇ ਅੱਖਰ, ਭੇਦ, ਆਪੋ ਆਪਣੇ ਅਰਥ ਦਰਸਾਉਂਦੇ ਹਨ ਪ੍ਰੰਤੂ ਮੂਲ ਰੂਪ ਵਿਚ ਆਪਣੇ ਧੁਰੇ ਭਾਵ ਮੁੱਖ ਵਿਚਾਰ ਨਾਲ ਜੁੜੇ ਰਹਿੰਦੇ ਹਨ।

ਅਕਾਲ ਪੁਰਖ ਦਾ ਭਾਣਾ, ਗੁਰੂ ਦਾ ਭਾਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰ ਇਤਿਹਾਸ ਵਿਚ ਬੜੇ ਵਿਸਥਾਰ ਰੂਪ ਵਿਚ ਮਿਲਦਾ ਹੈ। ਇਸ ਭਾਣੇ ਦਾ ਸੰਬੰਧ ਮਨੁੱਖੀ ਜੀਵਨ ਨਾਲ ਜੁੜਿਆ ਹੋਇਆ ਹੈ। ਇਸ ਦੀ ਮਾਨਤਾ, ਜੀਵਨ ਸਫ਼ਲਤਾ, ਮਾਰਗ ਦਰਸ਼ਨ ਦਰਸਾਉਂਦੀ ਹੈ ਅਤੇ ਭਾਣੇ ਤੋਂ ਬੇਮੁਖਤਾ, ਦੁੱਖ, ਆਵਾਗਵਨ, ਔਝੜ ਆਦਿ ਪੱਖ ਦਾ ਵਰਣਨ ਕਰਦੀ ਹੈ।

ਗੁਰਮਤਿ ਨੇ ਭਾਣੇ ਨੂੰ ਇਕ ਉੱਤਮ ਦਾਤ ਕਿਹਾ ਹੈ। ਭਾਣਾ ਮੰਨਣਾ ਗੁਰੂ ਦਾ ਉੱਤਮ ਉਪਦੇਸ਼ ਹੈ। ਭਾਣਾ ਸਵੀਕਾਰ ਕਰਨਾ ਅੰਤ ਸਮੇਂ ਨੂੰ ਵੀ ਸਹਾਈ ਹੁੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਕਥਨ ਹੈ:

*- ਭਾਣੇ ਜੇਵਡ ਹੋਰ ਦਾਤਿ ਨਾਹੀ ਸਚੁ ਆਖਿ ਸੁਣਾਇਆ॥ (ਪੰਨਾ ੧੦੯੩)*
*- ਭਾਣੇ ਤੇ ਸਭਿ ਸੁਖ ਪਾਵੈ ਸੰਤਹੁ ਅੰਤੇ ਨਾਮੁ ਸਖਾਈ॥ (ਪੰਨਾ ੯੧੦)*

ਇਹ ਸਾਰਾ ਸੰਸਾਰ ਪ੍ਰਭੂ-ਭਾਣੇ ਅੰਦਰ ਹੀ ਸਾਜਿਆ ਗਿਆ ਹੈ ਅਤੇ ਭਾਣੇ ਅੰਦਰ ਹੀ ਸਮੇਟਿਆ ਜਾਣਾ ਹੈ। ਸਭ ਜੀਵ-ਜੰਤੂ ਤੇ ਪ੍ਰਕਿਰਤੀ ਭਾਣੇ ਅੰਦਰ ਹੀ ਚਲ ਰਹੀ ਹੈ। ਇਸ ਵਿਚਾਰ ਲਈ ਗੁਰਬਾਣੀ ਅੰਦਰ 'ਭੈ' ਸ਼ਬਦ ਵੀ ਆਇਆ ਹੈ। ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦਾ ਪਵਿੱਤਰ ਫ਼ਰਮਾਨ ਹੈ:

*ਭਾਣੈ ਮਿਟੀ ਸਾਜਿ ਕੈ ਭਾਣੈ ਜੋਤਿ ਧਰੇਇ॥ (ਪੰਨਾ ੯੬੩)*

ਇਸੇ ਵਿਚਾਰ ਅਧੀਨ ਗੁਰਮਤਿ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਜਿਹੜਾ

** ਪਿੰਡ ਸ਼ੇਖੂਪੁਰਾ, ਨੇੜੇ ਪੰਜਾਬੀ ਯੂਨੀਵਰਸਿਟੀ, ਪਟਿਆਲਾ।*

ਮਨੁੱਖ ਆਪਣੇ ਭਾਣੇ ਅੰਦਰ ਚੱਲਦਾ ਹੈ ਭਾਵ ਆਪਣੇ ਮਨ ਪਿੱਛੇ ਲੱਗ ਕੇ ਕਾਰ ਕਰਦਾ ਹੈ ਉਹ ਦੁੱਖ ਪਾਉਂਦਾ ਹੈ, ਭਟਕਦਾ ਰਹਿੰਦਾ ਹੈ ਅਤੇ ਜਨਮ-ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਦਾ ਕਥਨ ਹੈ:

*ਭਾਣੈ ਚਲੈ ਆਪਣੈ ਬਹੁਤੀ ਲਹੈ ਸਜਾਇ॥* (ਪੰਨਾ ੯੪੯)

ਗੁਰਮਤਿ ਨੇ ਇਸ ਵਿਚਾਰ ਨੂੰ ਸਪਸ਼ਟ ਕੀਤਾ ਹੈ ਕਿ ਜੀਵਨ ਦੇ ਹਰ ਖੇਤਰ ਵਿਚ ਅਕਾਲ ਪੁਰਖ ਦਾ ਭਾਣਾ ਕੰਮ ਕਰ ਰਿਹਾ ਹੈ। ਪ੍ਰਭੂ-ਭਾਣੇ ਅਨੁਸਾਰ ਹੀ ਜੀਵ ਸੇਵਾ 'ਚ ਲੱਗਦਾ ਹੈ ਅਤੇ ਸੱਚ ਦੀ ਸੋਝੀ ਪ੍ਰਾਪਤ ਕਰਦਾ ਹੈ। ਪ੍ਰਭੂ-ਭਾਣੇ ਅੰਦਰ ਮਨੁੱਖਾ ਜਨਮ ਦੇ ਕੀਮਤੀ ਪਦਾਰਥ ਦੀ ਪ੍ਰਾਪਤੀ ਕਰਦਾ ਹੈ ਅਤੇ ਮਤਿ ਦੀ ਉਤਮਤਾ ਪ੍ਰਾਪਤ ਕਰਦਾ ਹੈ। ਇਸ ਪ੍ਰਥਾਇ ਸ੍ਰੀ ਗੁਰੂ ਅਮਰਦਾਸ ਜੀ ਦਾ ਫ਼ਰਮਾਨ ਹੈ:

*ਹਰਿ ਕੈ ਭਾਣੈ ਜਨੁ ਸੇਵਾ ਕਰੈ ਬੂਝੈ ਸਚੁ ਸੋਈ॥*
*ਹਰਿ ਕੈ ਭਾਣੈ ਸਾਲਾਹੀਐ ਭਾਣੈ ਮੰਨਿਐ ਸੁਖੁ ਹੋਈ॥*
*ਹਰਿ ਕੈ ਭਾਣੈ ਜਨਮੁ ਪਦਾਰਥੁ ਪਾਇਆ ਮਤਿ ਊਤਮ ਹੋਈ॥*
*ਨਾਨਕ ਨਾਮੁ ਸਲਾਹਿ ਤੂੰ ਗੁਰਮੁਖਿ ਗਤਿ ਹੋਈ॥* (ਪੰਨਾ ੩੬੫)

ਭਾਣੇ ਦਾ ਸਿਧਾਂਤ, ਸਿਧਾਂਤਕ ਨਹੀਂ, ਇਹ ਤਾਂ ਗੁਰੂ ਸਾਹਿਬਾਨ ਦੇ ਜੀਵਨ-ਅਨੁਭਵ ਦਾ ਪ੍ਰਗਟਾਵਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਭੂ-ਭਾਣੇ ਅੰਦਰ ਰਹਿ ਕੇ ਸਭ ਕੁਝ ਸਵੀਕਾਰ ਕੀਤਾ ਅਤੇ ਦੇਸ਼, ਕੌਮ, ਧਰਮ ਦੀ ਖ਼ਾਤਰ ਜੀਵਨ ਕੁਰਬਾਨ ਕਰ ਦਿੱਤਾ, ਪ੍ਰਭੂ-ਭਾਣੇ ਨੂੰ ਮਿੱਠਾ ਕਰਕੇ ਮੰਨਿਆ, ਪ੍ਰਭੂ-ਭਾਣਾ ਸਿਰ-ਮੱਥੇ ਪ੍ਰਵਾਨ ਕੀਤਾ। ਇਸ ਪ੍ਰਕਾਰ ਦੀ ਦਿੱਤੀ ਕੁਰਬਾਨੀ ਤੋਂ ਸਿੱਖ ਕੌਮ ਨੇ ਬਹੁਤ ਕੁਝ ਸਿੱਖਿਆ ਅਤੇ ਸਮਾਂ ਆਉਣ 'ਤੇ ਵੱਡੀਆਂ ਕੁਰਬਾਨੀਆਂ ਦਿੱਤੀਆਂ। ਗੁਰੂ-ਕਥਨ ਇਥੇ ਵਰਣਨ ਯੋਗ ਹੈ:

*ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥* (ਪੰਨਾ ੩੯੪)

ਇਸੇ ਸੰਦਰਭ ਵਿਚ ਗੁਰੂ-ਕਥਨ ਹੈ:

*ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ॥* (ਪੰਨਾ ੧੦੦੦)

ਗੁਰਮਤਿ ਅਨੁਸਾਰ ਪ੍ਰਭੂ-ਭਾਣਾ, ਸਾਰੇ ਸੰਸਾਰ 'ਤੇ ਵਿਆਪਕ ਵਾਪਰ ਰਿਹਾ ਹੈ:

*ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ॥*
*ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ॥*
*ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ॥*
*ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ॥*
*ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ॥* (ਪੰਨਾ ੭੬੨)

ਭਾਣਾ ਬੁੱਝਣਾ ਤੇ ਮੰਨਣਾ, ਗੁਰੂ-ਉਪਦੇਸ਼ ਮੰਨਣ ਨਾਲ ਹੀ ਸੰਭਵ ਦੱਸਿਆ ਗਿਆ ਹੈ। ਭਾਣੇ ਵਿਚ ਆਉਣਾ ਜਾਂ ਮੰਨਣਾ ਵੀ ਉਸ ਦੀ ਕਿਰਪਾ ਦੁਆਰਾ ਹੀ ਸੰਭਵ ਹੈ। ਗੁਰਮੁਖ ਪ੍ਰਭੂ-ਭਾਣੇ ਨੂੰ ਸਵੀਕਾਰ ਕਰਦਾ ਹੈ, ਸੁਖ ਪਾਉਂਦਾ ਹੈ ਅਤੇ ਜੀਵਨ ਸਫਲਾ

ਬਣਾਉਂਦਾ ਹੈ:

*ਜੋ ਤੁਧੁ ਕਰਣਾ ਸੋ ਕਰਿ ਪਾਇਆ॥*
*ਭਾਣੇ ਵਿਚਿ ਕੋ ਵਿਰਲਾ ਆਇਆ॥*
*ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ॥*
*ਗੁਰਮੁਖਿ ਤੇਰਾ ਭਾਣਾ ਭਾਵੈ॥ ਸਹਜੇ ਹੀ ਸੁਖੁ ਸਚੁ ਕਮਾਵੈ॥*
*ਭਾਣੇ ਨੋ ਲੋਚੈ ਬਹੁਤੇਰੀ ਆਪਣਾ ਭਾਣਾ ਆਪਿ ਮਨਾਇਦਾ॥*
*ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ॥*
*ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ॥*
*ਭਾਣੇ ਵਿਚਿ ਵਡੀ ਵਡਿਆਈ ਭਾਣਾ ਕਿਸਹਿ ਕਰਾਇਦਾ॥* *(ਪੰਨਾ ੧੦੬੩)*

ਸਿੱਖੀ ਦੇ ਪਹਿਲੇ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਇਸ ਸਿਧਾਂਤ ਦੀ ਵਿਆਖਿਆ ਆਪਣੀਆਂ ਵਾਰਾਂ ਵਿਚ ਬੜੇ ਵਿਸਥਾਰ ਸਹਿਤ ਕੀਤੀ ਹੈ। ਪ੍ਰਭੂ ਖਸਮ ਨੂੰ ਉਹੀ ਚੰਗਾ ਲੱਗਦਾ ਹੈ ਜੋ ਭਾਣੇ ਵਿਚ ਰਹਿੰਦਾ ਹੈ। ਭਾਣਾ ਪ੍ਰਭੂ ਆਪ ਹੀ ਮਨਾਉਂਦਾ ਹੈ। ਭਾਈ ਗੁਰਦਾਸ ਦਾ ਜੀ ਕਥਨ ਹੈ:

*ਖਸਮੈ ਸੋਈ ਭਾਂਵਦਾ ਖਸਮੈ ਦਾ ਜਿਸੁ ਭਾਣਾ ਭਾਵੈ।*
*ਭਾਣਾ ਮੰਨੈ ਮੰਨੀਐ ਅਪਣਾ ਭਾਣਾ ਆਪਿ ਮਨਾਵੈ।*
*ਦੁਨੀਆ ਵਿਚਿ ਪਰਾਹੁਣਾ ਦਾਵਾ ਛਡਿ ਰਹੈ ਲਾ ਦਾਵੈ।*
*ਸਾਧਸੰਗਤਿ ਮਿਲਿ ਹੁਕਮਿ ਕਮਾਵੈ॥* *(ਵਾਰ ੨੯/੧੩)*

ਭਾਣੇ ਵਿਚ ਰਹਿਣ ਵਾਲਾ ਵਿਅਕਤੀ ਇਸ ਸੰਸਾਰ ਜਿਹੜਾ ਚੱਲਣਹਾਰ ਹੈ ਨੂੰ ਆਪਣਾ ਦਾਹਵਾ ਛੱਡ ਕੇ ਪ੍ਰਾਹੁਣਾ ਬਣ ਕੇ ਹੀ ਰਹਿੰਦਾ ਹੈ ਭਾਵ ਇਸ ਸੰਸਾਰ ਨੂੰ ਚਲਾਏਮਾਨ ਮੰਨਦਾ ਹੈ ਅਤੇ ਵਿਥਾਰ ਨਹੀਂ ਕਰਦਾ ਜੈਸਾ ਕਿ ਗੁਰੂ-ਵਾਕ ਹੈ:

*ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ॥* *(ਪੰਨਾ ੭੮੭)*

ਸਿੱਖ-ਇਤਿਹਾਸ 'ਚੋਂ ਇਸ ਵਿਚਾਰ ਦੀ ਪੁਸ਼ਟੀ ਬਹੁਤ ਥਾਈਂ ਮਿਲਦੀ ਹੈ। ਸ੍ਰੀ ਗੁਰੂ ਅੰਗਦ ਦੇਵ ਪਾਤਸ਼ਾਹ ਜੀ ਭਾਈ ਜੀਵੇ ਨਾਮ ਦੇ ਸਿੱਖ ਨੂੰ ਉਪਦੇਸ਼ ਕਰ ਰਹੇ ਹਨ ਕਿ ਪ੍ਰਭੂ ਦੀ ਰਜ਼ਾ ਵਿਚ ਰਹਿਣਾ ਹੀ ਸਿੱਖੀ ਦਾ ਮੁੱਖ ਧਰਮ ਹੈ ਜਿਸ ਤਰ੍ਹਾਂ ਪਤੀਬ੍ਰਤਾ ਇਸਤਰੀ ਪਤੀ ਦੀ ਆਗਿਆ ਵਿਚ ਖੁਸ਼ ਰਹਿੰਦੀ ਹੈ। ਇਸ ਦਾ ਕਥਨ ਸਾਨੂੰ ਭਾਈ ਸੰਤੋਖ ਸਿੰਘ ਜੀ ਦੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਮਿਲਦਾ ਹੈ:

*ਸਤਿਗੁਰੁ ਅਰ ਪ੍ਰਭੁ ਜਥਾ ਰਜਾਇ।*
*ਤਿਸ ਪਰ ਰਾਜੀ ਰਹਿਨ ਸਦਾਇ।*
*ਮੁੱਖਯ ਧਰਮ ਸਿੱਖੀ ਕੋ ਏਹੀ।*
*ਜੋ ਧਾਰਹਿ ਸਿਖ ਗੁਰੁ ਸਨੇਹੀ।*
*ਜਿਮ ਪਤਿੱਬ੍ਰਤਾ ਇਸਤ੍ਰੀ ਲੱਛਨ।*

*ਪਤਿ ਆਗਯਾ ਮਹਿਂ ਸੁਖੀ ਬਿਚੱਛਨ।*
*ਪ੍ਰਭੁ ਆਗਯਾ ਮਹਿਂ ਤਥਾ ਸਦੀਵਾ।*
*ਰਹੁ ਰਾਜ਼ੀ ਬਨਿ ਗੁਰਮੁਖ ਜੀਵਾ।*
*ਜਪ ਤਪ ਬਰਤ ਦਾਨ ਫਲ ਸਾਰੇ।*
*ਇਸਤੇ ਪ੍ਰਾਪਤਿ ਹੋਇਂ ਸੁਖਾਰੇ।*
*ਸਿਮਰਹੁ ਸੱਤਿਨਾਮ ਕਰਿ ਪ੍ਰੀਤਿ।*
*ਤਯਾਗਹੁ ਤਨਹੰਤਾ ਇਮੁ ਨੀਤਿ॥*

*(ਗੁ. ਪ੍ਰ. ਸੂਰਜ ਗ੍ਰੰਥ, ਰਾਸਿ. ੧, ਅੰਸੂ ੧੧)*

ਭਾਈ ਸੰਤੋਖ ਸਿੰਘ ਜੀ, ਨੇ ਮਨੁੱਖਾ ਜਨਮ ਦੇ ਚੌਥੇ ਪਦਾਰਥ ਭਾਵ ਮੁਕਤੀ ਲਈ ਤਿੰਨ ਸਾਧਨ ਮੰਨੇ ਹਨ। ਉਨ੍ਹਾਂ ਵਿਚ ਪ੍ਰਭੂ ਭਾਣਾ ਮੰਨਣਾ ਸਭ ਤੋਂ ਪਹਿਲਾਂ ਇਕ ਨੰਬਰ 'ਤੇ ਰੱਖਿਆ ਹੈ। ਭਾਈ ਭਿਖਾਰੀ ਜੀ ਇਕ ਗੁਰਸਿੱਖ ਨੂੰ ਕਹਿੰਦੇ ਹਨ ਕਿ

੧. ਭਾਣਾ ਮੰਨਣਾ
੨. ਸਤਿਨਾਮੁ ਅਰਾਧਣਾ
੩. ਤਨਹੰਤਾ ਤਿਆਗਣ ਨਾਲ ਹੀ ਮੁਕਤੀ ਸੰਭਵ ਹੈ।

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਭਾਣਾ ਮੰਨਣਾ ਕਿਤਨਾ ਮਹੱਤਵਪੂਰਨ ਹੈ:

*ਤਾਂਤੇ ਭੋ ਗੁਰਮੁਖ ਸੁਨਿ ਲੀਜੈ।*
*ਭਾਣਾ ਮਾਨਨਿ ਮਨ ਥਿਰ ਕੀਜੈ।*
*ਸੱਤਿਨਾਮ ਕੋ ਸਿਮਰਨ ਕਰਨੋ।*
*ਤਨਹੰਤਾ ਕੋ ਰਿਦੈ ਬਿਸਰਨੋ।*
*ਮੁਕਤੀ ਕੇ ਸਾਧਨ ਏ ਤੀਨ।*
*ਕਹੈਂ ਗੁਰੂ ਅਰੁ ਸੰਤ ਪ੍ਰਬੀਨ।* *(ਗੁ.ਪ੍ਰ. ਸੂਰਜ ਗ੍ਰੰਥ, ਰਾਸਿ ੩, ਅਧਿ. ੬੯)*

ਛੇਵੇਂ ਸਤਿਗੁਰਾਂ ਨੇ ਵੀ ਸੰਗਤ ਤਾਈ ਪ੍ਰਭੂ-ਭਾਣੇ ਅੰਦਰ ਰਹਿਣ ਦਾ ਉਪਦੇਸ਼ ਕੀਤਾ। ਸਿੱਖ-ਇਤਿਹਾਸ ਅੰਦਰ ਝਾਤੀ ਮਾਰਿਆਂ ਇਹ ਸਪਸ਼ਟ ਹੁੰਦਾ ਹੈ ਕਿ ਥਾਂ ਪਰ ਥਾਂ ਪ੍ਰਭੂ-ਭਾਣਾ ਮੰਨਣ ਦਾ ਆਦੇਸ਼ ਤੇ ਉਪਦੇਸ਼ ਹੈ। ਇਹ ਭਾਣੇ ਦਾ ਵਿਚਾਰ ਸਾਡੇ ਜੀਵਨ ਦੇ ਬਹੁਪੱਖਾਂ ਨਾਲ ਜੁੜਿਆ ਹੋਇਆ ਹੈ। ਛੇਵੇਂ ਪਾਤਸ਼ਾਹ ਦਾ ਵਾਕ ਇਥੇ ਵਰਣਨਯੋਗ ਹੈ:

*ਔਰ ਸਿੱਖ ਹਮਰੀ ਸੁਨਿ ਲੀਜੈ ਹੋਇ ਮ੍ਰਿਤੁ ਕੁਲ ਰੁਦਨ ਨ ਕੀਜੈ॥*
*ਸਤਿਗੁਰ ਭਾਣੈ ਅਨੰਦ ਧਾਰੋ ਸੱਤਿਨਾਮੁ ਮੁਖਿ ਮੰਤ੍ਰ ਉਚਾਰੋ॥*

*(ਗੁਰਬਿਲਾਸ ਪਾ. ਛੇਵੀਂ, ਅਧਿ. ੧੯)*

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਚਖੰਡ ਪਿਆਨੇ ਸਮੇਂ

*(ਬਾਕੀ ਸਫ਼ਾ ੨੮ 'ਤੇ)*

# ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ

*-ਸ. ਕੁਲਵੰਤ ਸਿੰਘ**

ਪੰਜਾਬ ਦੀ ਧਰਤੀ ਗੁਰੂਆਂ, ਭਗਤਾਂ, ਰਿਸ਼ੀਆਂ-ਮੁਨੀਆਂ, ਪੀਰਾਂ-ਫ਼ਕੀਰਾਂ ਦੀ ਧਰਤੀ ਹੈ। ਇਸ ਪਾਵਨ ਧਰਤੀ ਉੱਪਰ ਹੀ ਦਸ ਗੁਰੂ ਸਾਹਿਬਾਨ ਨੇ ੨੩੯ ਸਾਲਾਂ ਦੀ ਲੰਬੀ ਮਿਹਨਤ ਅਤੇ ਘਾਲ-ਕਮਾਈ ਦੁਆਰਾ ਸਮੁੱਚੀ ਮਨੁੱਖ ਜਾਤੀ ਨੂੰ ਪਾਖੰਡਾਂ, ਵਹਿਮਾਂ-ਭਰਮਾਂ ਤੇ ਫਜ਼ੂਲ ਦੇ ਕਰਮ-ਕਾਂਡਾਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦਿਆਂ ਨਵੇਂ-ਨਿਰੋਏ, ਸਾਵੇਂ-ਪੱਧਰੇ ਤੇ ਲੋਕ-ਹਿਤੈਸ਼ੀ ਸਮਾਜ ਸਿਰਜਣ ਦਾ ਤਹੱਈਆ ਕੀਤਾ। ਇਸ ਪਾਵਨ ਧਰਤੀ ਉੱਪਰ ਹੀ ਮਾਨਵਤਾ ਦੇ ਰਹਿਬਰ, ਗਿਆਨ ਦੇ ਖ਼ਜ਼ਾਨੇ, ਜੁਗੋ-ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ ਗਈ ਜੋ ਸਮੁੱਚੀ ਮਾਨਵਤਾ ਨੂੰ ਪਰਸਪਰ ਪ੍ਰੇਮ ਪਿਆਰ, ਦਇਆ, ਪਰਉਪਕਾਰ ਅਤੇ ਨਿਰਵੈਰਤਾ ਨਾਲ ਜਿਊਣਾ ਸਿਖਾਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਜਿੱਥੇ ਕਿਸੇ ਵੀ ਪ੍ਰਕਾਰ ਦੇ ਊਚ-ਨੀਚ, ਜਾਤ-ਪਾਤ ਦੇ ਭੇਦ-ਭਾਵ ਤੋਂ ਮੁਕਤ ਹੋ ਕੇ ਸਮੁੱਚੀ ਮਾਨਵ ਜਾਤੀ ਦੀ ਭਲਾਈ ਲਈ ਗੱਲ ਕਰਦੀਆਂ ਹਨ, ਉਥੇ ਇਹ ਹਰ ਤਰ੍ਹਾਂ ਦੇ ਫਜ਼ੂਲ ਦੇ ਕਰਮ-ਕਾਂਡਾਂ, ਪਾਖੰਡਾਂ, ਭੇਖਾਂ, ਕਿਰਤਹੀਣਤਾ ਦੀ ਸਖਤ ਨਿਖੇਧੀ ਵੀ ਕਰਦੀਆਂ ਹਨ। ਕਿਰਤ ਤੇ ਸਮਾਜ ਨਾਲੋਂ ਟੁੱਟ ਚੁੱਕੇ ਪਾਖੰਡੀ ਤੇ ਢੌਂਗੀ ਅਖੌਤੀ ਬਾਬਿਆਂ ਦੇ ਬਹੁ-ਰੂਪੀਏ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਨ ਹੈ ਕਿ ਕਿਰਤ ਤੇ ਸਮਾਜ ਨਾਲੋਂ ਟੁੱਟ ਚੁੱਕੇ ਅਜਿਹੇ ਪਾਖੰਡੀਆਂ ਦੇ ਕਾਰਜਹੀਣ ਭੇਖ ਉਨ੍ਹਾਂ ਨੂੰ ਭਵ-ਸਾਗਰ ਤੋਂ ਪਾਰ ਨਹੀਂ ਲੰਘਾ ਸਕਦੇ:

*ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ॥*
*ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ॥*
*ਇਕਿ ਨਗਨ ਫਿਰਹਿ ਦਿਨੁ ਰਾਤਿ ਨੀਂਦ ਨ ਸੋਵਹੀ॥*
*ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ॥*
*ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ॥* *(ਪੰਨਾ ੧੨੮੪)*

ਇਸ ਪ੍ਰਕਾਰ ਗੁਰਬਾਣੀ ਵਿਚ ਹਰ ਤਰ੍ਹਾਂ ਦੇ ਵਿਖਾਵੇ ਵਾਲੇ ਭੇਖਾਂ ਦਾ ਖੰਡਨ ਕੀਤਾ ਗਿਆ ਹੈ ਅਤੇ ਵਿਕਾਰਾਂ ਤੋਂ ਰਹਿਤ ਉੱਦਮੀ ਤੇ ਗ੍ਰਿਹਸਤੀ ਜ਼ਿੰਦਗੀ ਜਿਉਣ ਉੱਪਰ ਬਲ ਦਿੱਤਾ ਗਿਆ ਹੈ। ਹਰ ਪ੍ਰਕਾਰ ਦੇ ਭੇਖ ਧਾਰਨ ਨੂੰ ਅਧਿਆਤਮਕ ਪ੍ਰਾਪਤੀ ਨਾਲ ਜੋੜਨ ਨੂੰ ਗੁਰਬਾਣੀ ਵਿਚ ਨਕਾਰਿਆ ਗਿਆ ਹੈ, ਇਸ ਗੱਲ ਦੀ ਪੁਸ਼ਟੀ ਡਾ. ਕੁਲਵੰਤ ਕੌਰ ਇਸ ਤਰ੍ਹਾਂ ਕਰ ਰਹੇ ਹਨ:

** ਰੀਸਰਚ ਸਕਾਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ। ਮੋ: ੯੪੬੪੧-੫੩੯੬੨*

"ਗੁਰਬਾਣੀ ਹਰ ਪ੍ਰਕਾਰੀ ਉਚੇਚ, ਬਣਾਵਟ, ਵਿਖਾਵੇ ਅਤੇ ਦੰਭ ਦੀ ਵਿਰੋਧੀ ਹੈ ਅਤੇ ਸੰਜਮ ਦੀ ਉਪਦੇਸ਼ਕ, ਭਾਵੇਂ ਇਹ ਪਹਿਨਣ ਹੰਢਾਉਣ ਪੱਖੋਂ ਹੈ ਜਾਂ ਖਾਣ-ਪਾਣ ਪੱਖੋਂ। ਜਦੋਂ ਤੱਕ ਮਨ ਸੱਚਾ ਨਹੀਂ, ਖੋਟਾਂ ਤੋਂ ਮੁਕਤ ਨਹੀਂ, ਉਦੋਂ ਤੱਕ ਹਰ ਪ੍ਰਕਾਰ ਦਾ ਵਿਖਾਵਾ ਬੇਮਾਅਨਾ ਹੈ। ਮੱਧਕਾਲੀਨ ਪੰਜਾਬੀ ਸਭਿਆਚਾਰ ਵਿਚ ਕੁਝ ਦੰਭੀ ਆਗੂਆਂ ਨੇ ਆਪਣੇ ਹਲਵੇ-ਮੰਡੇ ਚਲਾਈ ਰੱਖਣ ਲਈ ਅਜਿਹੇ ਭੇਖਾਂ ਪ੍ਰਤੀ ਲੋਕਾਈ ਨੂੰ ਰੁਚਿਤ ਰੱਖਣ ਦੇ ਨਿਰੰਤਰ ਉਪਰਾਲੇ ਕੀਤੇ। ਗੇਰੂਏ ਰੰਗੀ ਖਿੰਥਾ ਪਹਿਨਣ ਤੋਂ ਇਲਾਵਾ, ਕੇਸ ਕਟਵਾ ਕੇ ਘਰੜ ਕਰਾਉਣ, ਜਟਾਂ ਵਧਾਉਣ, ਭਸਮ ਰਮਾਉਣ, ਬਿਭੂਤੀ ਮਲਣ, ਤਿਲਕ ਲਾਉਣ, ਰੁਦਰਾਖਸ਼ ਦੀ ਮਾਲਾ ਪਹਿਨਣ, ਕੰਨ ਪੜਵਾਉਣ, ਅਲਫ ਨੰਗੇ ਰਹਿਣ ਅਤੇ ਮੋਨੀ ਹੋ ਕੇ ਇਕਾਂਤਾਂ ਵਿਚ ਵਿਚਰਨ ਵਾਲਿਆਂ ਨੂੰ ਵੀ ਗੁਰਬਾਣੀ ਨੇ ਨਹੀਂ ਬਖ਼ਸ਼ਿਆ। ਬਹੁ-ਪ੍ਰਕਾਰੀ ਅਤੇ ਬਹੁਰੰਗੀ ਕੱਪੜਿਆਂ ਤੋਂ ਇਲਾਵਾ ਰੁੱਤ, ਸਮਾਜਿਕ ਵਿਧਾਨ ਅਤੇ ਹੈਸੀਅਤ ਮੁਤਾਬਿਕ ਕੱਪੜਿਆਂ ਦੇ ਬਿਲਕੁਲ ਤਿਆਗ ਨਾਲ ਕਿਸੇ ਵੀ ਅਧਿਆਤਮਕ ਪ੍ਰਾਪਤੀ ਨੂੰ ਜੋੜਨਾ ਬੜੀ ਮੂਰਖਤਾ ਹੈ।"[੧]

ਕਾਰਜਹੀਣ ਭੇਖਾਂ ਦੇ ਨਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕਿਰਤਹੀਣ ਭੇਖਾਂ ਦਾ ਵੀ ਖੰਡਨ ਕਰਦੀ ਹੈ। ਇਸ ਵਿਚ ਕਿਸੇ ਵੀ ਧਰਮ ਦਾ ਖੰਡਨ ਨਹੀਂ ਕੀਤਾ ਗਿਆ ਸਗੋਂ ਧਾਰਮਿਕ ਫ਼ਿਰਕਿਆਂ ਦੀ ਕਿਰਤਹੀਣਤਾ ਦਾ ਖੰਡਨ ਕੀਤਾ ਗਿਆ ਹੈ। ਧਾਰਮਿਕ ਫ਼ਿਰਕੇ ਦੇ ਅਜਿਹੇ ਲੋਕ ਸਮਾਜ ਉੱਪਰ ਬੋਝ ਹੁੰਦੇ ਹਨ, ਜੋ ਕਿਰਤਹੀਣ ਹੋ ਕੇ ਭਿੱਖਿਆ ਮੰਗ ਕੇ ਗੁਜ਼ਾਰਾ ਕਰਦੇ ਹਨ। ਅਜਿਹੇ ਮਨੁੱਖ ਸੰਨਿਆਸੀ ਨਹੀਂ ਸਗੋਂ ਅਸਫਲ ਮਨੁੱਖ ਹਨ।

ਸਾਰੇ ਹੀ ਗੁਰੂ ਸਾਹਿਬਾਨ ਨੇ ਕਾਰਜਹੀਣ ਭੇਖ ਵਾਲੇ ਡੇਰਾਵਾਦੀਆਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਬਾਣੀ ਵਿਚ ਫ਼ਰਮਾਨ ਕਰਦੇ ਹਨ:

*ਰੇ ਮਨ ਐਸੋ ਕਰ ਸੰਨਿਆਸਾ॥*
*ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥੧॥ਰਹਾਉ॥*
*ਜਤ ਕੀ ਜਟਾ ਜੋਗ ਕੋ ਮੰਜਨੁ ਨੇਮ ਕੇ ਨਖਨ ਬਢਾਓ॥*
*ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥੧॥*
*ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥*
*ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ॥੨॥*
*ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ॥*
*ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ॥*

ਅਰਥਾਤ ਹੇ ਮਨ! ਦਿਖਾਵੇ ਮਾਤਰ ਕਾਰਜਹੀਣ ਭੇਖ ਦੀ ਥਾਂ ਅਜਿਹਾ ਸੰਨਿਆਸ ਧਾਰਨ ਕਰੋ ਕਿ ਜੋ ਆਪਣੇ ਹੀ ਘਰ ਨੂੰ ਬਨ ਸਮਝ ਕੇ ਇਸ ਵਿਚ ਵਿਚਰਦਿਆਂ ਮਨ

ਨੂੰ ਵਿਸ਼ੇ-ਵਿਕਾਰਾਂ ਤੇ ਹੋਰ ਬੁਰਾਈਆਂ ਤੋਂ ਬਚਾ ਕੇ ਰੱਖੇ। ਜਤ ਦੀ ਜਟਾ, ਜੋਗ ਭਾਵ ਪਰਮਾਤਮਾ ਨੂੰ ਮਿਲਣ ਦਾ ਮਜਨ ਜਾਂ ਇਸ਼ਨਾਨ ਹੋਵੇ ਅਤੇ ਨੇਮ ਦੇ ਨਹੁੰ ਵਧਾਏ ਜਾਣ। ਪਰਮਾਤਮਾ ਦੇ ਨਾਮ ਰੂਪੀ ਗੁਰੂ ਤੋਂ ਉਪਦੇਸ਼ ਲੈ ਕੇ ਨਾਮ ਰੂਪੀ ਬਿਭੂਤੀ ਸਰੀਰ ਨੂੰ ਚੜ੍ਹਾਈ ਜਾਵੇ। ਖਾਣ ਤੇ ਸੌਣ ਵਿਚ ਸੰਜਮ ਹੋਣ ਦੇ ਨਾਲ-ਨਾਲ ਖਿਮਾ ਅਤੇ ਪ੍ਰੇਮ ਦਾ ਸਰੀਰ ਵਿਚ ਵਾਸਾ ਹੋਵੇ। ਸੀਲ ਤੇ ਸੰਤੋਖ ਦੇ ਧਾਰਨੀ ਹੋ ਕੇ ਤਿੰਨਾਂ ਗੁਣਾਂ ਦੇ ਅਸਰਾਂ ਤੋਂ ਆਜ਼ਾਦ ਜੀਵਨ ਨਿਬਾਹਿਆ ਜਾਵੇ। ਜਿਹੜਾ ਪੁਰਸ਼ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਹਠ ਨੂੰ ਮਨ ਤੋਂ ਦੂਰ ਰੱਖਦਾ ਹੈ, ਉਹ ਆਪਣੀ ਆਤਮਾ ਦੇ ਦਰਸ਼ਨ ਕਰਦਾ ਹੋਇਆ ਪਰਮ ਪੁਰਖ ਪਰਮਾਤਮਾ ਦੀ ਪ੍ਰਾਪਤੀ ਕਰ ਲੈਂਦਾ ਹੈ, ਭਾਵ ਉਸ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਲੈਂਦਾ ਹੈ।

ਜੇਕਰ ਸਮਾਜਿਕ ਬੁਰਾਈਆਂ ਲਈ ਜ਼ਿੰਮੇਵਾਰ ਕਾਰਕਾਂ ਦੀ ਪਰਖ ਕੀਤੀ ਜਾਵੇ ਤਾਂ ਕਿਰਤਹੀਣ ਵਿਹਲੜ ਭਿਖਾਰੀ ਅਤੇ ਮਾਇਆ ਕੇ ਦੀਵਾਨੇ ਪ੍ਰਾਣੀ ਭਾਵ ਹਰ ਪ੍ਰਕਾਰ ਦੀਆਂ ਹੇਰਾਫੇਰੀਆਂ ਕਰਨ ਵਾਲੇ ਧਨੀ ਲੋਕ ਹੀ ਇਸ ਦੇ ਜਿੰਮੇਵਾਰ ਹਨ। ਪ੍ਰਿੰਸੀਪਲ ਗੰਗਾ ਸਿੰਘ ਇਸ ਸੰਬੰਧ ਵਿਚ ਲਿਖਦੇ ਹਨ:

"ਸਮਾਜ ਦਾ ਦੂਸਰਾ ਰੋਗ ਵਿਹਲੜ ਭਿਖਾਰੀ ਹਨ, ਜੋ ਬਹੁਤ ਧਨੀ ਅਯਾਸਾਂ ਦੇ ਦਾਨ ਦਾ ਪ੍ਰਾਪੇਗੰਡਾ ਕਰਦੇ, ਉਨ੍ਹਾਂ ਦੇ ਭੰਡਾਰਿਆਂ ਵਿੱਚੋਂ ਅਣਮੁੱਲੇ ਸੁਆਦਿਸ਼ਟ ਖਾਣੇ ਖਾਂਦੇ ਅਤੇ ਗੱਪਾਂ ਮਾਰਨ ਤੇ ਸੌਣ ਵਿਚ ਵਕਤ ਗੁਜ਼ਾਰਦੇ ਹਨ। ਇਹ ਵੱਧ ਖਾਣ ਜਾਂ ਖਾਧਾ ਹੋਇਆ ਪਚਾਣ ਅਤੇ ਬੇਕਾਰ ਵਕਤ ਲੰਘਾਉਣ ਲਈ ਆਮ ਤੌਰ 'ਤੇ ਨਸ਼ਿਆਂ ਦੀ ਵਰਤੋਂ ਕਰਦੇ ਹਨ। ਦੇਸ਼ ਵਿਚ ਸ਼ਰਾਬ, ਭੰਗ, ਅਫ਼ੀਮ, ਚਰਸ, ਤਾੜੀ ਤੇ ਤਮਾਕੂ ਦੇ ਪ੍ਰਚਾਰਕ ਇਹੋ ਹੀ ਲੋਕ ਹਨ। ਇਨ੍ਹਾਂ ਦੇ ਜੀਵਨ ਦੇ ਦੋ ਹੀ ਮਜਬੂਨ ਹਨ: ਜਾਂ ਭਿਖਿਆ ਪਾਉਣ ਵਾਲੇ ਰੂਪ ਦੀ ਚਰਚਾ ਜਾਂ ਮਾਸੂਮ ਬੱਚਿਆਂ ਨੂੰ ਬਹਿਕਾ ਕੇ ਘਰਾਂ ਵਿਚੋਂ ਲੈ ਜਾਣਾ, ਤੇ ਬਾਕੀ ਰਹਿੰਦਿਆਂ ਨੂੰ ਨਸ਼ੇ ਲਗਾ ਦੇਣਾ ਹੀ ਮੁਆਵਜ਼ਾ ਹੈ, ਜੋ ਉਹ ਮੁਲਕ ਦੀਆਂ ਰੋਟੀਆਂ ਖਾ ਕੇ ਬਦਲੇ ਵਿਚ ਦੇ ਰਹੇ ਹਨ। ਇਹ ਸਾਰੀ ਖਰਾਬੀ ਕਿਉਂ ਹੈ? ਸਿਰਫ਼ ਇਸ ਵਾਸਤੇ ਕਿ ਸਾਡੇ ਸਮਾਜ ਵਿਚ ਕਿਰਤ ਦੀ ਵਡਿਆਈ ਤੇ ਵਿਹਲੇ ਰਹਿਣ ਵਾਲੇ ਦੀ ਗਿਲਾਨੀ ਨਹੀਂ ਕੀਤੀ ਜਾਂਦੀ। ਅਸੀਂ ਭਿਖਾਰੀਆਂ ਨੂੰ ਸਾਧੂ ਕਹਿ ਕੇ ਸਤਿਕਾਰਦੇ ਤੇ ਧਨੀਆਂ ਨੂੰ ਵੱਡੇ ਆਦਮੀ ਕਹਿ ਕੇ ਵਡਿਆਉਂਦੇ ਹਾਂ।"[੨]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਹਰ ਤਰ੍ਹਾਂ ਦੇ ਕਾਰਜਹੀਣ ਭੇਖਾਂ ਦੇ ਨਾਲ-ਨਾਲ ਕਰਮਕਾਂਡਾਂ ਦਾ ਜ਼ੋਰਦਾਰ ਖੰਡਨ ਕੀਤਾ ਗਿਆ ਹੈ। ਅਸਲ ਵਿਚ ਗੁਰਬਾਣੀ ਬਾਹਰੀ ਵਿਹਾਰ, ਕਿਰਦਾਰ, ਕਰਮਕਾਂਡ ਆਦਿ ਪਾਖੰਡਾਂ ਅਤੇ ਵਹਿਮਾਂ-ਭਰਮਾਂ ਦੀ ਜਿੱਲ੍ਹਣ ਵਿੱਚੋਂ ਕੱਢ ਕੇ ਕਿਰਤ-ਕਮਾਈ ਦੁਆਰਾ ਨਵੇਂ- ਨਰੋਏ ਸਮਾਜ ਦੀ ਉਸਾਰੀ ਕਰਨ ਦੀ ਜ਼ੋਰਦਾਰ ਸਮਰਥਕ ਹੈ। ਇਸ ਸੰਬੰਧ ਵਿਚ ਭਗਤ ਬੇਣੀ ਜੀ ਦਾ ਸ਼ਬਦ ਵਿਚਾਰਨ ਯੋਗ ਹੈ। ਭਗਤ ਬੇਣੀ ਜੀ ਭਾਵੇਂ ਜਾਤ ਦੇ ਬ੍ਰਾਹਮਣ ਸਨ ਪਰੰਤੂ ਉਨ੍ਹਾਂ ਨੇ ਸਮੇਂ

ਦੇ ਬ੍ਰਾਹਮਣਾਂ ਦੁਆਰਾ ਕੀਤੇ ਪਾਖੰਡਾਂ ਦਾ ਬਹੁਤ ਹੀ ਬੇਬਾਕੀ ਨਾਲ ਪਰਦਾ ਫਾਸ ਕੀਤਾ ਹੈ:

*ਤਨਿ ਚੰਦਨੁ ਮਸਤਕਿ ਪਾਤੀ॥*
*ਰਿਦ ਅੰਤਰਿ ਕਰ ਤਲ ਕਾਤੀ॥*
*ਠਗ ਦਿਸਟਿ ਬਗਾ ਲਿਵ ਲਾਗਾ॥*
*ਦੇਖਿ ਬੈਸਨੋ ਪ੍ਰਾਨ ਮੁਖ ਭਾਗਾ॥੧॥*
*ਕਲਿ ਭਗਵਦ ਬੰਦ ਚਿਰਾਮੰ॥*
*ਕ੍ਰੂਰ ਦਿਸਟਿ ਰਤਾ ਨਿਸਿ ਬਾਦੰ॥੧॥ਰਹਾਉ॥*
*ਨਿਤਪ੍ਰਤਿ ਇਸਨਾਨ ਸਰੀਰੰ॥*
*ਦੁਇ ਧੋਤੀ ਕਰਮ ਮੁਖਿ ਖੀਰੰ॥*
*ਰਿਦੈ ਛੁਰੀ ਸੰਧਿਆਨੀ॥*
*ਪਰ ਦਰਬੁ ਹਿਰਨ ਕੀ ਬਾਨੀ॥੨॥*
*ਸਿਲ ਪੂਜਸਿ ਚਕ੍ਰ ਗਣੇਸੰ॥*
*ਨਿਸਿ ਜਾਗਸਿ ਭਗਤਿ ਪ੍ਰਵੇਸੰ॥* *(ਪੰਨਾ ੧੩੫੧)*

ਸਪਸ਼ਟ ਹੈ ਕਿ ਗੁਰਬਾਣੀ ਵਿਚ ਹਰ ਤਰ੍ਹਾਂ ਦੇ ਕਿਰਤਹੀਣ ਕਿਰਦਾਰ ਤੇ ਕਰਮਕਾਂਡਾਂ ਦੀ ਨਿਖੇਧੀ ਕੀਤੀ ਗਈ ਹੈ। ਅਧਿਆਤਮਕ ਪ੍ਰਾਪਤੀ ਦੀ ਆੜ ਹੇਠ ਧਰਮ ਦੀ ਕੁਵਰਤੋਂ ਕਰਦੇ ਹੋਏ ਕਿਰਤਹੀਣ ਹੋ ਜਾਣ ਵਾਲੇ ਭੇਖਧਾਰੀਆਂ ਦੀ ਗੁਰਬਾਣੀ ਵਿਚ ਕਰੜੀ ਆਲੋਚਨਾ ਕੀਤੀ ਗਈ ਹੈ। ਅਜਿਹੇ ਭੇਖਧਾਰੀਆਂ ਪ੍ਰਤੀ ਗੁਰਬਾਣੀ ਦਾ ਫ਼ਰਮਾਨ ਹੈ :

*ਮਾਣਸ ਖਾਣੇ ਕਰਹਿ ਨਿਵਾਜ॥*
*ਛੁਰੀ ਵਗਾਇਨਿ ਤਿਨ ਗਲਿ ਤਾਗ॥*
*ਤਿਨ ਘਰ ਬ੍ਰਹਮਣ ਪੂਰਹਿ ਨਾਦ॥*
*ਉਨ੍ਹਾ ਭਿ ਆਵਹਿ ਓਈ ਸਾਦ॥*
*ਕੂੜੀ ਰਾਸਿ ਕੂੜਾ ਵਾਪਾਰੁ॥*
*ਕੂੜੁ ਬੋਲਿ ਕਰਹਿ ਆਹਾਰੁ॥*
*ਸਰਮ ਧਰਮ ਕਾ ਡੇਰਾ ਦੂਰਿ॥*
*ਨਾਨਕ ਕੂੜੁ ਰਹਿਆ ਭਰਪੂਰਿ॥*
*ਮਥੈ ਟਿਕਾ ਤੇੜਿ ਧੋਤੀ ਕਖਾਈ॥*
*ਹਥਿ ਛੁਰੀ ਜਗਤ ਕਾਸਾਈ॥* *(ਪੰਨਾ ੪੭੧)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਅਖੌਤੀ ਸਾਧਾਂ ਜੋ ਉਂਵ ਸਾਫ਼-ਸੁਥਰੀਆਂ ਪੁਸ਼ਾਕਾਂ ਪਹਿਨਦੇ ਹਨ ਪਰੰਤੂ ਦਿਲਾਂ ਦੇ ਮੈਲੇ ਤੇ ਨਿਰਦਈ ਹਨ, ਨੂੰ ਨਕਾਰਿਆ ਗਿਆ

ਹੈ। ਦਵੈਤ ਭਾਵਨਾ ਵਾਲੇ ਅਜਿਹੇ ਪਾਖੰਡੀ ਸਾਧਾਂ ਨੂੰ ਗੁਰਬਾਣੀ ਵਿਚ ਜ਼ਾਲਮ ਮਨੁੱਖ ਕਿਹਾ ਗਿਆ ਹੈ ਅਤੇ ਇਨ੍ਹਾਂ ਨੂੰ ਡੰਗਰਾਂ ਤੋਂ ਵੀ ਗਿਰੇ ਹੋਏ ਕਹਿ ਕੇ ਇਨ੍ਹਾਂ ਦੀ ਨਿਖੇਧੀ ਕੀਤੀ ਗਈ ਹੈ:

*ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ॥*
*ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ॥*
*ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ॥* *(ਪੰਨਾ ੭੫੧)*

ਇਸ ਤਰ੍ਹਾਂ ਗੁਰਬਾਣੀ ਵਿਚ ਫੋਕੇ ਕਰਮਕਾਂਡਾਂ ਨੂੰ ਨਕਾਰਦਿਆਂ ਕਿਰਤ-ਕਮਾਈ ਕਰ ਕੇ ਸਮਾਜ-ਸੁਧਾਰ ਵਿਚ ਉਪਯੋਗੀ ਯੋਗਦਾਨ ਪਾਉਣ ਦਾ ਉਪਦੇਸ਼ ਹੈ। ਇਸ ਵਿਚ ਅਧਿਆਤਮਕ ਪ੍ਰਾਪਤੀ ਦੀ ਆੜ ਹੇਠ ਕੀਤੇ ਜਾ ਰਹੇ ਪਾਖੰਡਾਂ ਨੂੰ ਸਖ਼ਤੀ ਨਾਲ ਨਕਾਰਿਆ ਗਿਆ ਹੈ। ਅਧਿਆਤਮਕ ਪ੍ਰਾਪਤੀ ਦੀ ਆੜ ਹੇਠ ਖਾਣ-ਪੀਣ ਅਤੇ ਐਸ਼ਪ੍ਰਸਤੀ ਕਰਨ ਵਾਲੇ ਅਖੌਤੀ ਸੰਤਾਂ ਦੇ ਪਾਖੰਡ ਨੂੰ ਨੰਗਾ ਕੀਤਾ ਗਿਆ ਹੈ। ਅਜਿਹੇ ਪਾਖੰਡੀ ਸੰਤਾਂ ਪ੍ਰਤੀ ਭਗਤ ਕਬੀਰ ਜੀ ਵੱਲੋਂ ਬਹੁਤ ਸਖਤ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਭਗਤ ਕਬੀਰ ਜੀ ਇਸ ਸੰਬੰਧ ਵਿਚ ਫ਼ੁਰਮਾਨ ਕਰਦੇ ਹਨ ਕਿ ਅਜਿਹੇ ਸੰਤਾਂ ਜਿਨ੍ਹਾਂ ਦੇ ਸਾਢੇ ਤਿੰਨ-ਤਿੰਨ ਗਜ਼ ਦੀਆਂ ਧੋਤੀਆਂ ਤੇ ਗਲਾਂ ਵਿਚ ਜਪਮਾਲਾ ਪਾਈਆਂ ਹੋਈਆਂ ਹਨ ਅਤੇ ਹੱਥਾਂ ਵਿੱਚ ਚਿਲਕਦੇ ਲੋਟੇ ਫੜੇ ਹੋਏ ਹਨ, ਜਨੇਊ ਤਿਹਰੇ ਪਾਏ ਹੋਏ ਹਨ, ਇਨ੍ਹਾ ਨੂੰ ਹਰੀ ਦੇ ਸੰਤ ਨਹੀਂ ਆਖ ਸਕਦੇ, ਸਗੋਂ ਇਹ ਤਾਂ ਬਨਾਰਸ ਦੇ ਠੱਗ ਹਨ। ਅਜਿਹੇ ਕਰਮਕਾਂਡੀਆਂ ਸੰਬੰਧੀ ਭਗਤ ਜੀ ਦਾ ਫ਼ਰਮਾਨ ਹੈ:

*ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥*
*ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥*
*ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥*
*ਐਸੇ ਸੰਤ ਨ ਮੋ ਕਉ ਭਾਵਹਿ॥*
*ਡਾਲਾ ਸਿਉ ਪੇਡਾ ਗਟਕਾਵਹਿ॥* *(ਪੰਨਾ ੪੭੬)*

ਇਸ ਸੰਬੰਧ ਵਿਚ ਡਾ. ਸਵਿੰਦਰ ਸਿੰਘ ਉੱਪਲ ਆਪਣੀ ਰਚਨਾ ਗੁਰੂ ਦਰਸ਼ਨ. ਵਿਚ ਲਿਖਦੇ ਹਨ :

“ਗੁਰੂ ਨਾਨਕ ਦੇਵ ਜੀ ਦੀ ਚਲਾਈ ਪ੍ਰਥਾ ਅਨੁਸਾਰ ਸਾਰੇ ਗੁਰੂ ਸਾਹਿਬਾਨ ਨੇ ਗ੍ਰਿਹਸਤੀ ਜੀਵਨ ਜੀਵਿਆ। ਸਿਰਫ਼ ਗੁਰੂ ਹਰਿਕ੍ਰਿਸ਼ਨ ਸਾਹਿਬ ਬਚਪਨ ਵਿਚ ਜੋਤੀ ਜੋਤ ਸਮਾ ਜਾਣ ਕਾਰਣ ਵਿਆਹ ਨਹੀਂ ਸੀ ਕਰਵਾ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਗੁਰੂਆਂ ਅਤੇ ਭਗਤਾਂ ਦੀ ਬਾਣੀ ਸ਼ਾਮਿਲ ਹੈ, ਉਨ੍ਹਾਂ ਸਾਰਿਆਂ ਨੇ ਗ੍ਰਿਹਸਤ ਧਰਮ ਵਿਚ ਪ੍ਰਵੇਸ਼ ਕੀਤਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਭਗਤਾਂ ਦੀ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਨਹੀਂ ਸੀ ਕੀਤਾ ਜਿਹੜੇ ਗ੍ਰਿਹਸਤ ਧਰਮ ਨੂੰ ਸਵੀਕਾਰ ਨਹੀਂ ਸਨ ਕਰਦੇ। ਛਜੂ ਭਗਤ ਦੀ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ

ਸ਼ਾਮਿਲ ਨਾ ਕਰਨਾ ਇਸ ਦੀ ਜਿਉਂਦੀ ਜਾਗਦੀ ਮਿਸਾਲ ਹੈ।"[੩]

ਗੁਰਬਾਣੀ ਦਾ ਕਿਰਤਹੀਣ ਭੇਖਾਂ ਅਤੇ ਕਾਰਜਹੀਣ ਫ਼ਿਰਕੇ ਦਾ ਕੀਤਾ ਖੰਡਨ ਅਜੋਕੇ ਸਮੇਂ ਜਦੋਂ ਡੇਰਾਵਾਦ ਦਾ ਬੋਲਬਾਲਾ ਹੈ ਅਤੇ ਡੇਰਿਆਂ ਦੇ ਅਖੌਤੀ ਸਾਧ, ਢੌਂਗੀ ਤੇ ਪਾਖੰਡੀ ਬਾਬੇ ਲੋਕਾਂ ਦੀ ਅਨਪੜ੍ਹਤਾ ਤੇ ਅਗਿਆਨਤਾ ਦਾ ਫ਼ਾਇਦਾ ਉਠਾਉਂਦੇ ਹੋਏ ਉਨ੍ਹਾਂ ਦਾ ਸ਼ੋਸ਼ਣ ਕਰ ਰਹੇ ਹਨ ਸੰਬੰਧੀ ਬੜਾ ਸਾਰਥਕ ਹੈ। ਅੱਜ ਸਮੇਂ ਦੀ ਪੁਰਜ਼ੋਰ ਮੰਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਸਮਝ ਕੇ ਇਨ੍ਹਾਂ ਉੱਪਰ ਅਮਲ ਕੀਤਾ ਜਾਵੇ ਅਤੇ ਇਨ੍ਹਾਂ ਸਿੱਖਿਆਵਾਂ ਨੂੰ ਘਰ-ਘਰ ਪਹੁੰਚਾਇਆ ਜਾਵੇ। ਭੋਲੇ-ਭਾਲੇ ਅਨਪੜ੍ਹ ਲੋਕਾਂ ਨੂੰ ਜਾਗਰੂਕ ਕਰ ਕੇ ਇਨ੍ਹਾਂ ਨੂੰ ਡੇਰਾਵਾਦੀਆਂ ਦੇ ਚੁੰਗਲ ਵਿੱਚੋਂ ਬਚਾਉਣਾ ਹਰ ਗੁਰਸਿੱਖ ਦਾ ਮੁੱਢਲਾ ਫ਼ਰਜ਼ ਹੈ।

## ਹਵਾਲੇ ਤੇ ਟਿੱਪਣੀਆਂ


*੧. ਕੁਲਵੰਤ ਕੌਰ (ਡਾ.), ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, ੧੯੯੧, ਪੰਨਾ ੩੫-੩੯*

*੨. ਗੰਗਾ ਸਿੰਘ (ਪ੍ਰਿੰ.), ਸਿੱਖ ਧਰਮ ਫ਼ਿਲਾਸਫ਼ੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜਨਵਰੀ ੨੦੦੩, ਪੰਨਾ ੧੨੩*

*੩. ਸਵਿੰਦਰ ਸਿੰਘ ਉੱਪਲ (ਡਾ.), ਗੁਰੂ ਦਰਸ਼ਨ, ਨੈਸ਼ਨਲ ਬੁੱਕ ਸ਼ਾਪ, ਦਿੱਲੀ, ੨੦੦੪, ਪੰਨਾ ੨੨੨.*


■

## *ਸਿੱਖ ਧਰਮ ਵਿਚ ਭਾਣਾ ਮੰਨਣ ਦਾ ਸੰਕਲਪ*

*(ਸਫ਼ਾ ੨੨ ਦਾ ਬਾਕੀ ਹਿੱਸਾ)*

ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਵਿਖੇ ਸਿੱਖ ਸੰਗਤ ਨੂੰ ਪ੍ਰਭੂ-ਭਾਣੇ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਜਿਸ ਤਰ੍ਹਾਂ ਪ੍ਰਭੂ ਦਾ ਹੁਕਮ-ਭਾਣਾ ਹੈ, ਉਸੇ ਤਰ੍ਹਾਂ ਹੋਣਾ ਹੈ ਸਾਨੂੰ ਇਸ 'ਤੇ ਰੁਦਨ ਨਹੀਂ ਕਰਨਾ ਚਾਹੀਦਾ:

*ਸਵਾਂਗ ਸੁਵਾਰੀ ਕਾ ਪ੍ਰਭ ਧਾਰੋ।*
*ਸਭ ਖਾਲਸ ਕੋ ਬਚਨ ਉਚਾਰੋ।*
*ਨਾਵੈ ਹੁਕਮ ਇਵੇ ਸਾ ਹੋਨਾ।*
*ਹਮ ਕੌ ਸਾਦੀ ਕਿਸੂ ਨ ਰੋਨਾ।*
*ਜੋ ਹਮ ਕੋ ਰੋਵੇਗਾ ਕੋਈ।*
*ਈਤ ਊਤ ਤਾ ਕੋ ਦੁਖ ਹੋਈ।*
*ਕੀਰਤਨ ਕਥਾ ਸੁ ਗਾਵਹੁ ਯਾਨੀ।*
*ਇਹੈ ਮੋਰ ਸਿਖਯਾ ਸੁਨ ਕਾਨੀ।*

*(ਗੁਰਬਿਲਾਸ ਪਾ. ਦਸਵੀਂ, ਅਧਿ. ੨੯)*

■

# ਵੱਡਾ ਘੱਲੂਘਾਰਾ-ਖਾਲਸੇ ਦੀ ਚੜ੍ਹਦੀ ਕਲਾ ਦੀ ਗਾਥਾ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਦੁਨੀਆਂ ਵਿਚ ਜਿੱਧਰ ਕਿਧਰੇ ਵੀ ਇਨਕਲਾਬ ਆਏ ਹਨ, ਭਾਵੇਂ ਰਾਜਨੀਤਿਕ ਜਾਂ ਆਰਥਿਕ ਜਾਂ ਸਭਿਆਚਾਰਕ ਜਾਂ ਧਾਰਮਿਕ, ਇਨਕਲਾਬੀਆਂ ਨੂੰ ਬਹੁਤ ਕੁਰਬਾਨੀਆਂ ਕਰਨੀਆਂ ਪਈਆਂ ਹਨ। ਦੁਨੀਆਂ ਵਿਚ ਮੁਕੰਮਲ ਇਨਕਲਾਬ ਜੇਕਰ ਕੋਈ ਆਇਆ ਤਾਂ ਉਹ ਸਿੱਖ ਇਨਕਲਾਬ ਸੀ। ਇਸ ਇਨਕਲਾਬ ਦਾ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੰਨ੍ਹਿਆ ਅਤੇ ਇਸ ਇਨਕਲਾਬ ਲਈ ਸਿੱਖ ਫਿਲਾਸਫੀ ਜਿਸ ਨੂੰ ਗੁਰਮਤਿ ਵਿਚਾਰਧਾਰਾ ਕਿਹਾ ਜਾਂਦਾ ਹੈ ਪ੍ਰਦਾਨ ਕੀਤੀ ਅਤੇ ਇਹ ਵਿਚਾਰਧਾਰਾ ਜੀਵਨ ਵਿਚ ਢਾਲ ਕੇ ਲੋਕਾਂ ਸਾਹਮਣੇ ਅਮਲੀ ਰੂਪ ਵਿਚ ਪੇਸ਼ ਕੀਤੀ। ਇਹ ਵਿਚਾਰਧਾਰਾ ਸੀ ਇਕ ਨਵਾਂ ਸਮਾਜ ਸਿਰਜਣ ਦੀ, ਇਕ ਨਵੀਂ ਆਰਥਿਕ ਪ੍ਰਣਾਲੀ ਵਿਕਸਤ ਕਰਨ ਦੀ, ਇਕ ਸਰਬ ਪ੍ਰਵਾਨਿਤ ਅਤੇ ਸਰਬ ਕਲਿਆਣੀ ਧਰਮ ਪੇਸ਼ ਕਰਨ ਦੀ ਅਤੇ ਇਕ ਹਲੇਮੀ ਰਾਜ ਸਥਾਪਤ ਕਰਨ ਦੀ ਅਰਥਾਤ ਲੋਕਾਂ ਨੂੰ ਕਿਰਤ ਕਰਨ, ਵੰਡ ਛਕਣ, ਨਾਮ ਜਪਣ, ਸਵੈਮਾਣ, ਚੜ੍ਹਦੀ ਕਲਾ, ਸਾਂਝੀਵਾਲਤਾ, ਤਿਆਗ, ਸ਼ੀਲਤਾ ਅਤੇ ਸੰਜਮ ਨਾਲ ਜੀਵਨ ਜੀਣ ਦੀ ਜੁਗਤਿ ਸੀ। ਦਸ ਗੁਰੂ ਸਾਹਿਬਾਨ ਨੇ ਅਤੇ ਉਨ੍ਹਾਂ ਦੇ ਸਿੱਖਾਂ ਨੇ ਮਹਾਨ ਲਾਮਿਸਾਲ ਕੁਰਬਾਨੀਆਂ ਕੀਤੀਆਂ। ਇਤਨੀ ਛੋਟੀ ਉਮਰ ਅਤੇ ਗਿਣਤੀ ਦੇ ਬਾਵਜੂਦ ਜੋ ਕੁਰਬਾਨੀਆਂ ਸਿੱਖ ਕੌਮ ਨੇ ਕੀਤੀਆਂ ਉਸ ਦੀ ਮਿਸਾਲ ਕਿਤੇ ਵੀ ਨਹੀਂ ਮਿਲਦੀ, ਦੇਗਾਂ ਵਿਚ ਉਬਲਣ ਦੀ, ਆਰਿਆਂ ਨਾਲ ਚੀਰੇ ਜਾਣ ਦੀ, ਜਿਉਂਦੇ-ਜੀਅ ਭੱਠਾਂ ਵਿਚ ਝੋਕੇ ਜਾਣ ਦੀ, ਤੱਤੀਆਂ ਤਵੀਆਂ ਉੱਤੇ ਬੈਠਣ ਦੀ, ਰੰਬੀਆਂ ਨਾਲ ਖੋਪਰ ਲੁਹਾਉਣ ਦੀ, ਬੰਦ-ਬੰਦ ਕਟਵਾਉਣ ਆਦਿ ਦੀ।

ਇਸ ਤਰ੍ਹਾਂ ਜੋ ਜੰਗ-ਯੁੱਧ ਖਾਲਸਾ ਪੰਥ ਉੱਤੇ ਠੋਸੇ ਗਏ ਉਨ੍ਹਾਂ ਵਿਚ ਜੋ ਜੌਹਰ ਖਾਲਸੇ ਨੇ ਵਿਖਾਏ ਉਨ੍ਹਾਂ ਦੀ ਮਿਸਾਲ ਦੁਨੀਆਂ ਦੇ ਜੰਗਾਂ-ਯੁੱਧਾਂ ਵਿਚ ਕਿਧਰੇ ਨਹੀਂ ਮਿਲਦੀ। ਇਹ ਵੀ ਵਿਲੱਖਣਤਾ ਰਹੀ ਖਾਲਸੇ ਦੀ ਕਿ ਉਹ ਆਪ ਕਦੇ ਖੁਦ ਹਮਲਾਵਰ ਨਹੀਂ ਹੋਇਆ। ਉਸ ਨੇ ਆਪਣੇ ਉੱਤੇ ਕੀਤੇ ਗਏ ਹਮਲਿਆਂ ਦਾ ਮੂੰਹ- ਤੋੜ ਜਵਾਬ ਜ਼ਰੂਰ ਦਿੱਤਾ।

ਚਮਕੌਰ ਦੀ ਗੜ੍ਹੀ ਅਤੇ ਖਿਦਰਾਣੇ ਦੀ ਢਾਬ ਦੀਆਂ ਅਸਾਵੀਆਂ ਅਤੇ ਬੇਜੋੜ ਜੰਗਾਂ ਜਿੱਥੇ ੪੦-੪੦ ਸਿੰਘਾਂ ਨੇ ਦੁਸ਼ਮਣ ਦੇ ਮੁਲਖਈਏ ਦਾ ਪੂਰੀ ਸ਼ਕਤੀ ਅਤੇ ਚੜ੍ਹਦੀ ਕਲਾ ਨਾਲ ਟਾਕਰਾ ਕੀਤਾ ਅਤੇ ਜੇਤੂ ਹੋ ਕੇ ਨਿਕਲੇ ਦੀ ਮਿਸਾਲ ਕਿਧਰੇ ਨਹੀਂ

** ਸਾਬਕਾ ਪ੍ਰਧਾਨ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੯੧੫੮-੦੫੧੦੦*

ਮਿਲਦੀ। ਇਸ ਤਰ੍ਹਾਂ ਇਹ ਵੀ ਖਾਲਸੇ ਦੀ ਵਿਲੱਖਣਤਾ ਸੀ ਕਿ ਬਹੁਤ ਵੱਡੇ ਜਾਨੀ ਅਤੇ ਮਾਲੀ ਨੁਕਸਾਨ ਹੋਣ ਉੱਤੇ ਵੀ ਖਾਲਸਾ ਪੂਰੀ ਤਰ੍ਹਾਂ ਚੜ੍ਹਦੀ ਕਲਾ ਵਿਚ ਰਿਹਾ। ੧੭੪੬ ਈ. ਦਾ ਕਾਹਨੂੰਵਾਨ ਛੰਭ ਦਾ ਛੋਟਾ ਘੱਲੂਘਾਰਾ ਇਸ ਦੀ ਇਕ ਪ੍ਰਤੱਖ ਮਿਸਾਲ ਹੈ ਪ੍ਰੰਤੂ ੧੭੬੨ ਈ. ਦਾ ਕੁੱਪ ਰੋਹੀੜੇ ਦਾ ਵੱਡਾ ਘੱਲੂਘਾਰਾ ਜਿਸ ਵਿਚ ਤਕਰੀਬਨ ੩੦ ਹਜ਼ਾਰ ਸਿੰਘ, ਸਿੰਘਣੀਆਂ ਅਤੇ ਬੱਚੇ ਸ਼ਹੀਦ ਹੋਏ ਆਪਣੇ ਆਪ ਵਿਚ ਅੱਜ ਤੀਕ ਇਕ ਅਚਰਜ ਕਰਨ ਵਾਲੀ ਨਿਆਰੀ ਇਤਿਹਾਸਕ ਘਟਨਾ ਹੈ। ਇਕ ਦਿਨ ਵਿਚ ਏਡਾ ਵੱਡਾ ਜਾਨੀ ਮਾਲੀ ਨੁਕਸਾਨ ਹੋ ਜਾਣ ਉਪਰੰਤ ਵੀ ਖਾਲਸੇ ਨੇ ਜੋ ਚੜ੍ਹਦੀ ਕਲਾ, ਦ੍ਰਿੜ੍ਹਤਾ ਅਤੇ 'ਨਿਸਚੈ ਕਰਿ ਅਪੁਨੀ ਜੀਤ ਕਰੋਂ' ਦਾ ਜਿਹੜਾ ਸਬੂਤ ਦਿੱਤਾ ਉਹ ਦੁਨੀਆਂ ਦੀ ਕੋਈ ਕੌਮ ਜਾਂ ਵੱਡੇ-ਵੱਡੇ ਜਰਨੈਲ ਸਿਕੰਦਰ ਮਹਾਨ, ਨੈਪੋਲੀਅਨ ਬੋਨਾਪਾਰਟ, ਹਿਟਲਰ ਆਦਿ ਵਰਗੇ ਨਹੀਂ ਦੇ ਸਕੇ ਅਤੇ ਇਹ ਸਭ ਹੀ ਹਾਰ ਕੇ ਗਏ ਪਰੰਤੂ ਖਾਲਸਾ ਜੇਤੂ ਹੋ ਕੇ ਨਿਕਲਿਆ।

ਵੱਡੇ ਘੱਲੂਘਾਰੇ ਵਿਚ ਅਬਦਾਲੀ ਦੀਆਂ ਫੌਜਾਂ, ਮਲੇਰਕੋਟਲੇ ਦੀਆਂ ਫੌਜਾਂ, ਰਾਏਕੋਟੀਏ ਦੀਆਂ ਫੌਜਾਂ, ਸਰਹਿੰਦ ਦੀਆਂ ਫੌਜਾਂ ਵੱਲੋਂ ਇੱਕੋ ਸਮੇਂ ਖਾਲਸੇ ਨੂੰ ਘੇਰਾ ਘੱਤ ਕੇ ਮੁਕੰਮਲ ਰੂਪ ਵਿਚ ਖ਼ਤਮ ਕਰਨ ਦੀ ਸਾਜ਼ਿਸ਼ ਸੀ ਪਰੰਤੂ ਖਾਲਸਾ ਪੰਥ ਨੇ ਸੁਲਤਾਨ-ਉਲ-ਕੌਮ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਜਿਸ ਤਰ੍ਹਾਂ ਸੂਰਬੀਰਤਾ ਦੇ ਜੌਹਰ ਵਿਖਾਏ, ਉਨ੍ਹਾਂ ਨੂੰ ਪੜ੍ਹ-ਸੁਣ ਕੇ ਵੱਡੇ-ਵੱਡੇ ਇਤਿਹਾਸਕਾਰ ਯੋਧੇ ਜਰਨੈਲ ਸੁੰਨ ਹੋ ਜਾਂਦੇ ਹਨ। ਇਹ ਜੰਗ ਰੋਹੀੜਾ, ਕੁਤਬਾ ਬਾਹਮਣੀਆਂ ਅਤੇ ਗਹਿਲ ਪਿੰਡਾਂ ਦੀ ਸਰ-ਜ਼ਮੀਨ ਉੱਤੇ ਹੋਈ। ੩੦,੦੦੦ ਕੁਰਬਾਨੀਆਂ ਹੋ ਜਾਣ ਤੋਂ ਬਾਅਦ ਵੀ ਜਿਸ ਤਰ੍ਹਾਂ ਖਾਲਸੇ ਨੇ ਮੁਗ਼ਲੀ ਮੁਲਖਲੀਏ ਉੱਤੇ ਹਮਲਾ ਕੀਤਾ-ਦੁਸ਼ਮਣ ਦੇ ਪੈਰ ਹੀ ਨਹੀਂ ਉਖਾੜੇ ਸਗੋਂ ਭਜਾ-ਭਜਾ ਕੇ ਸਤਲੁਜ ਦਰਿਆ ਤੋਂ ਪਰ੍ਹੇ ਧਕੇਲ ਦਿੱਤਾ।

ਸਿੱਖਾਂ ਦੀ ਵਧਦੀ ਤਾਕਤ ਤੋਂ ਘਬਰਾਇਆ ਅਤੇ ਸਥਾਨਕ ਹਾਕਮਾਂ ਦਾ ਭੜਕਾਇਆ ਅਹਿਮਦ ਸ਼ਾਹ ਅਬਦਾਲੀ ਇਕ ਲੱਖ ਦਾ ਵੱਡਾ ਲਸ਼ਕਰ ਲੈ ਕੇ ੧੭੬੨ ਈ. ਵਿਚ ਪੰਜਾਬ ਪਹੁੰਚਿਆ। ਸਿੱਖਾਂ ਦੇ ਜਥਿਆਂ ਨੇ ਲੁਧਿਆਣੇ ਕੋਲ ਕੁੱਪ ਰੋਹੀੜਾ ਦੇ ਮੈਦਾਨਾਂ ਵਿਚ ਵਹੀਰ ਸਮੇਤ ਡੇਰੇ ਲਾਏ ਹੋਏ ਸਨ। ਉਨ੍ਹਾਂ ਦੇ ਬਾਲ-ਬੱਚੇ, ਇਸਤਰੀਆਂ ਤੇ ਬਿਰਧ ਵਿਅਕਤੀ ਵੀ ਸਨ। ਅਹਿਮਦ ਸ਼ਾਹ ਨੇ ਸਿੱਖਾਂ ਦੇ ਦਲ 'ਤੇ ਅਚਾਨਕ ਹਮਲਾ ਕਰ ਦਿੱਤਾ। ਸਿੱਖਾਂ ਨੇ ਵਹੀਰ ਨੂੰ ਮਾਲਵੇ ਵੱਲ ਤੋਰ ਦਿੱਤਾ ਤੇ ਆਪ ਦੁਸ਼ਮਣ ਨਾਲ ਜੰਗ ਕਰਨ ਲੱਗੇ। ਸਿੱਖ ਜੰਗ ਕਰਦੇ ਹੋਏ ਆਪਣੇ ਵਹੀਰ ਵੱਲ ਵਧ ਰਹੇ ਸਨ। ਇਸ ਵੇਲੇ ਇਕ ਪਾਸਿਓਂ ਸਰਹਿੰਦ ਦਾ ਸੂਬਾ ਜੈਨ ਖਾਂ, ਦੂਜੇ ਪਾਸਿਓਂ ਮਲੇਰਕੋਟਲੇ ਦਾ ਨਵਾਬ ਭੀਖਨ ਖਾਂ ਅਤੇ ਰਾਏਕੋਟ ਦਾ ਦੀਵਾਨ ਲਛਮੀ ਸਹਾਏ ਆਪਣੀ-ਆਪਣੀ ਫੌਜ ਤੇ ਹੋਰ ਬੇਸ਼ੁਮਾਰ ਦੇਸੀ ਮੁਸਲਮਾਨ ਲੈ ਕੇ ਆ ਪਹੁੰਚੇ। ਸਿੱਖ ਚਾਰੇ ਪਾਸਿਓਂ ਘਿਰ ਗਏ ਸਨ। ਉਨ੍ਹਾਂ ਨੇ ਜਾਨ ਤਲੀ 'ਤੇ ਰੱਖ ਕੇ ਲੜਨਾ ਸ਼ੁਰੂ ਕਰ ਦਿੱਤਾ। ਸਰਦਾਰ ਜੱਸਾ ਸਿੰਘ,

ਸਰਦਾਰ ਬਘੇਲ ਸਿੰਘ, ਸ਼ੁਕਰਚੱਕੀਏ, ਡੱਲੇਵਾਲੀਏ ਤੇ ਨਿਸ਼ਾਨਵਾਲੀਏ ਸਰਦਾਰ ਆਪਣੇ-ਆਪਣੇ ਜਥਿਆਂ ਨੂੰ ਹੱਲਾ-ਸ਼ੇਰੀ ਦੇ ਕੇ ਲੜਾਉਣ ਲੱਗੇ। ਅਲੀ ਅਜ਼ਾਦ ਬਿਲਗਰਾਮੀ ਦੀ ਲਿਖਤ 'ਖਜ਼ਾਨਾ-ਇ-ਅਮੀਰਾਂ' ਅਨੁਸਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਇਸ ਜੰਗ ਵਿਚ ਅਹਿਮਦ ਸ਼ਾਹ ਅਬਦਾਲੀ ਨੂੰ ਸਾਹਮਣੇ ਹੋ ਕੇ ਲੜਨ ਲਈ ਵੰਗਾਰਿਆ ਪਰ ਉਸ ਦੀ ਅੱਗੋਂ ਹਿੰਮਤ ਨਾ ਪਈ। ਕੁਤਬਾ ਬਾਹਮਣੀ ਦੇ ਕੋਲ ਸਿੰਘ ਜਦੋਂ ਪੂਰੀ ਤਰ੍ਹਾਂ ਗਹਿਗੱਚ ਲੜਾਈ ਵਿਚ ਉਲਝੇ ਹੋਏ ਸਨ ਅਹਿਮਦ ਸ਼ਾਹ ਨੇ ਧੋਖਾ ਦੇ ਕੇ ਅੱਗੇ ਜਾ ਰਹੇ ਵਹੀਰ 'ਤੇ ਹਮਲਾ ਕਰ ਦਿੱਤਾ ਅਤੇ ਤੇਜ਼ੀ ਨਾਲ ਸਿੱਖ ਬੱਚਿਆਂ ਤੇ ਇਸਤਰੀਆਂ ਨੂੰ ਕਤਲ ਕਰਨ ਲੱਗਿਆ। ਸਰਦਾਰਾਂ ਨੂੰ ਜਦੋਂ ਪਤਾ ਲੱਗਿਆ ਤਾਂ ਉਹ ਵੀ ਸਿੰਘਾਂ ਨੂੰ ਨਾਲ ਲੈ ਕੇ ਵਹੀਰਾਂ ਦੀ ਰਾਖੀ ਲਈ ਆ ਪਹੁੰਚੇ। ਹੁਣ ਉਹ ਵਹੀਰ ਦੇ ਆਲੇ-ਦੁਆਲੇ ਹੋ ਕੇ ਮਨੁੱਖੀ ਕਿਲ੍ਹੇ ਦੀ ਸ਼ਕਲ ਬਣਾ ਕੇ ਲੜਨ ਲੱਗੇ। ਸ਼ਾਮ ਹੋਣ ਤਕ ਬਹੁਤ ਸਾਰੇ ਸਿੱਖ ਮਾਰੇ ਜਾ ਚੁੱਕੇ ਸਨ। ਦਸ ਮੀਲ ਦੇ ਘੇਰੇ ਵਿਚ ਲੋਥਾਂ ਹੀ ਲੋਥਾਂ ਪਈਆਂ ਸਨ। ਅਨੇਕਾਂ ਜ਼ਖਮੀ ਹੋਏ ਪਏ ਸਨ। ਸਿੱਖਾਂ ਦਾ ਇੰਨਾ ਜਾਨੀ ਨੁਕਸਾਨ ਕਿਸੇ ਵੀ ਜੰਗ ਵਿਚ ਨਹੀਂ ਸੀ ਹੋਇਆ ਪਰ ਉਹ ਰੱਬ ਦੇ ਭਾਣੇ ਅਤੇ ਚੜ੍ਹਦੀ ਕਲਾ ਵਿਚ ਸਨ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ ਉੱਤੇ ੨੦ ਤੋਂ ਵੱਧ ਟੱਕ (ਜ਼ਖ਼ਮ) ਲੱਗੇ ਹੋਏ ਸਨ। ਰਹਰਾਸਿ ਦੇ ਪਾਠ ਤੋਂ ਬਾਅਦ ਖਾਲਸੇ ਨੇ ਰੋਜ਼ ਦੀ ਤਰ੍ਹਾਂ ਅਰਦਾਸ ਕੀਤੀ ਤੇ ਰੱਬ ਦਾ ਸ਼ੁਕਰ ਕਰਦੇ ਹੋਏ ਕਿਹਾ ਕਿ ਚਾਰ ਪਹਿਰ ਦਿਨ ਆਪ ਦੇ ਭਾਣੇ ਵਿਚ ਬਤੀਤ ਹੋਇਆ ਹੈ ਤੇ ਚਾਰ ਪਹਿਰ ਰਾਤ ਸੁਖਾਂ ਦੀ ਬਤੀਤ ਹੋਵੇ। ਪਰ ਉਹ ਰਾਤ ਕਹਿਰ ਦੀ ਰਾਤ ਸੀ। ਚਾਰ-ਚੁਫੇਰੇ ਦੁਸ਼ਮਣ ਡੇਰੇ ਲਾਈ ਬੈਠੇ ਸਨ। ਸਿੰਘਾਂ ਨੂੰ ਨੀਂਦ ਕਿਵੇਂ ਆ ਸਕਦੀ ਸੀ? ਸਿੰਘਾਂ ਨੇ ਗੁਰਮਤਾ ਕੀਤਾ ਕਿ ਬਚਾਅ ਦਾ ਹੁਣ ਇੱਕੋ ਹੀ ਢੰਗ ਹੈ ਕਿ ਅਬਦਾਲੀ 'ਤੇ ਇੱਕੋ ਵਾਰ ਤਕੜਾ ਹਮਲਾ ਬੋਲਿਆ ਜਾਵੇ। ਇਹ ਦਲੇਰੀ ਦੀ ਅਸਚਰਜ ਕਰਨ ਵਾਲੀ ਦਾਸਤਾਨ ਸੀ। ਅਹਿਮਦ ਸ਼ਾਹ ਅਬਦਾਲੀ ਆਪਣਾ ਜ਼ੋਰ ਲਾ ਬੈਠਾ ਸੀ ਅਤੇ ਉਸ ਦੀ ਫੌਜ ਲੰਬਾ ਸਫ਼ਰ ਕਰਨ ਕਰਕੇ ਥੱਕੀ ਹੋਈ ਸੀ। ਉਹ ਸਿੰਘਾਂ ਦੇ ਹਮਲੇ ਦੀ ਤਾਬ ਨਾ ਝੱਲਦਾ ਹੋਇਆ ਪਿੱਛੇ ਨੂੰ ਉੱਠ ਨੱਠਿਆ।

ਹਿੰਦੁਸਤਾਨ ਦੀ ਧਰਤੀ ਹਜ਼ਾਰਾਂ ਸਾਲਾਂ ਤੋਂ ਬਦੇਸ਼ੀ ਹਮਲਾਵਰਾਂ ਦੇ ਪੈਰਾਂ ਥੱਲੇ ਕੁਚਲੀ ਜਾਂਦੀ ਰਹੀ ਹੈ। ੬ਵੀਂ ਸਦੀ ਪੂਰਵ ਈਸਵੀ ਤੋਂ ਹੀ ਇਸ ਉੱਤੇ ਬਦੇਸ਼ੀਆਂ ਦੇ ਹਮਲੇ ਸ਼ੁਰੂ ਹੋ ਗਏ ਸਨ। ਸਿਕੰਦਰ ਨੇ ੩੨੬ ਪੂਰਵ ਈਸਵੀ ਵਿਚ ਹਮਲਾ ਕੀਤਾ ਤੇ ਪੋਰਸ ਨੂੰ ਹਰਾ ਦਿੱਤਾ ਸੀ। ਦੂਜੀ ਸਦੀ ਪੂਰਵ ਈਸਵੀ ਵਿਚ ਇੰਡੋ ਯੁਨਾਨੀਆਂ ਅਤੇ ਬਲਖ ਦੇ ਬੈਕਟੀਰੀਅਨ ਯੂਨਾਨੀਆਂ ਨੇ ਉੱਤਰੀ ਹਿੰਦੁਸਤਾਨ ਉੱਤੇ ਮਥਰਾ ਤਕ ਕਬਜ਼ਾ ਕਰ ਲਿਆ ਸੀ। ਇਸ ਤੋਂ ਪਿੱਛੋਂ ਸ਼ੱਕ, ਪਾਰਸੀ, ਕੁਸ਼ਨ ਤੇ ਕਨਿਸ਼ਕ ਆਦਿ ਕਬੀਲਿਆਂ ਨੇ ਹਿੰਦੁਸਤਾਨ ਵੱਲ ਮੂੰਹ ਕੀਤਾ। ਪਹਿਲੀ ਸਦੀ ਵਿਚ ਕਨਿਸ਼ਕਾਂ ਦਾ ਕਬਜ਼ਾ ਦੱਖਣ ਵਿਚ ਸਾਂਚੀ ਅਤੇ ਪੂਰਬ ਵਿਚ ਬਨਾਰਸ ਤਕ ਹੋ ਗਿਆ ਸੀ। ੭੧੨

ਈਸਵੀ ਵਿਚ ਮੁਹੰਮਦ ਬਿਨ-ਕਾਸਿਮ ਨੇ ਸਿਰਫ ੨੦੦ ਘੋੜ ਸਵਾਰਾਂ ਨਾਲ ਸਿੰਧ 'ਤੇ ਕਬਜ਼ਾ ਕਰ ਲਿਆ ਸੀ। ੧੦੦੦ ਈ. ਵਿਚ ਇਥੇ ਮਹਿਮੂਦ ਗਜ਼ਨਵੀ ਦੇ ਹਮਲੇ ਸ਼ੁਰੂ ਹੋਏ ਜਿਸਨੇ ੨੫ ਸਾਲਾਂ ਵਿਚ ਸਤਾਰ੍ਹਾਂ ਹਮਲੇ ਕੀਤੇ। ੧੧੮੨ ਈਸਵੀ ਵਿਚ ਮੁਹੰਮਦ ਗੌਰੀ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ੧੧੯੨ ਈ. ਵਿਚ ਉਸ ਨੇ ਪ੍ਰਿਥਵੀ ਰਾਜ ਨੂੰ ਹਰਾ ਕੇ ਪੱਕੇ ਤੌਰ 'ਤੇ ਭਾਰਤ ਉੱਤੇ ਇਸਲਾਮੀ ਰਾਜ ਸਥਾਪਤ ਕਰ ਦਿੱਤਾ। ਇਸ ਸਾਰੇ ਸਮੇਂ ਦੌਰਾਨ ਭਾਰਤੀਆਂ ਨੇ ਕਦੇ ਵੀ ਹਮਲਾਵਰਾਂ ਦਾ ਮੂੰਹ-ਤੋੜ ਜਵਾਬ ਨਹੀਂ ਸੀ ਦਿੱਤਾ। ਜੇ ਕਿਤੇ ਥੋੜ੍ਹਾ ਬਹੁਤ ਮੁਕਾਬਲਾ ਕੀਤਾ ਹੈ ਤਾਂ ਛੇਤੀ ਹੀ ਹਾਰ ਮੰਨ ਲਈ ਹੈ। ਵੱਡੇ ਘੱਲੂਘਾਰੇ ਵਿਚ ਸਿੱਖਾਂ ਨੇ ਆਪਣੇ ਤੋਂ ਕਈ ਗੁਣਾ ਵੱਧ ਗਿਣਤੀ ਵਿਚ ਦੁਸ਼ਮਣ ਦਾ ਦਲੇਰੀ ਨਾਲ ਮੁਕਾਬਲਾ ਕੀਤਾ। ਆਪਣੇ ਲੱਗਭਗ ਅੱਧੇ ਸਿੱਖ ਮਾਰੇ ਜਾਣ ਦੇ ਬਾਵਜੂਦ ਵੀ ਪਰਬਤ ਵਾਂਗ ਅਡੋਲ ਰਹੇ ਅਤੇ ਦੁਸ਼ਮਣ ਨੂੰ ਭਜਾ ਦਿੱਤਾ।

ਭਾਰਤੀ ਚਰਿੱਤਰ ਵਿਚ ਇਹ ਪਲਟਾ ਸਿੱਖ ਧਰਮ ਦੇ ਮਹਾਨ ਦਾਰਸ਼ਨਿਕ ਸਿਧਾਂਤਾਂ ਅਤੇ ਗੁਰੂ ਸਾਹਿਬਾਨ ਦੀਆਂ ਬੇਮਿਸਾਲ ਕੁਰਬਾਨੀਆਂ ਦਾ ਸਿੱਟਾ ਸੀ। ਅਕਾਲ ਪੁਰਖ ਦੀ ਮਹਾਨ ਕਿਰਪਾ ਹੋਈ ਸੀ ਕਿ ਇਸ ਧਰਤੀ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ੧੪੬੯ ਈਸਵੀ ਵਿਚ ਅਵਤਾਰ ਧਾਰਿਆ। ਉਸ ਵੇਲੇ ਹਿੰਦੁਸਤਾਨ ਦੀ ਹਾਲਤ ਬਹੁਤ ਹੀ ਖਸਤਾ ਹੋ ਚੁੱਕੀ ਸੀ। ਹਿੰਦੁਸਤਾਨੀ ਦਰਸ਼ਨ ਤੇ ਸੰਸਕ੍ਰਿਤੀ ਪਹਿਲਾਂ ਹੀ ਖਿੰਡੀ-ਪੁੰਡੀ, ਉਲਝਣਾਂ ਭਰੀ ਤੇ ਅਸਪੱਸ਼ਟ ਸੀ। ਇਹ ਕਿਸੇ ਪੂਰਨ ਮਨੁੱਖ ਦੀ ਸਿਰਜਣਾ ਕਰਨ ਤੋਂ ਅਸਮਰੱਥ ਸੀ। ਇਸ ਉੱਪਰ ਇਸਲਾਮ ਦੇ ਅੰਨ੍ਹੇ ਜਨੂੰਨ ਤੇ ਜਬਰ-ਜ਼ੁਲਮ ਦੇ ਰਾਜ ਨੇ ਲੋਕਾਂ ਦਾ ਲੱਕ ਤੋੜ ਦਿੱਤਾ ਸੀ। ਉਹ ਧੜਾ-ਧੜ ਇਸਲਾਮ ਨੂੰ ਅਪਣਾ ਰਹੇ ਸਨ। ਇਸ ਤੋਂ ਇਲਾਵਾ ਉਨ੍ਹਾਂ ਅੱਗੇ ਕੋਈ ਵੀ ਰਸਤਾ ਨਹੀਂ ਰਹਿ ਗਿਆ ਸੀ। ਹਿੰਦੁਸਤਾਨ ਦੀ ਧਰਤੀ 'ਤੇ ਚਾਰੇ ਪਾਸੇ ਪਾਖੰਡ ਅਤੇ ਮਾਰਧਾੜ ਦਾ ਪਾਪ ਵਰਤ ਰਿਹਾ ਸੀ। ਭਾਈ ਗੁਰਦਾਸ ਜੀ ਨੇ ਲਿਖਿਆ ਹੈ:

*ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮੁਹੰਮਦਿ ਯਾਰਾ।*
*ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧੁ ਪਸਾਰਾ।*
*ਰੋਜੇ ਈਦ ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ।*
*ਪੀਰ ਪੈਕੰਬਰਿ ਅਉਲੀਏ ਗਉਸਿ ਕੁਤਬ ਬਹੁਤ ਭੇਖ ਸਵਾਰਾ।*
*ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ।*
*ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।*
*ਕਾਫਰਿ ਮੁਲਹਦਿ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।*
*ਪਾਪੇ ਦਾ ਵਰਤਿਆ ਵਰਤਾਰਾ॥* *(ਵਾਰ ੧:੨੦)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰਾਸ਼ ਹੋਏ, ਲਿਤਾੜੇ ਅਤੇ ਮੁਰਦਾ ਹੋ ਚੁੱਕੇ ਭਾਰਤੀ ਮਨੁੱਖ ਨੂੰ ਬਾਣੀ ਦਾ ਅੰਮ੍ਰਿਤ ਪਿਲਾ ਕੇ ਉਸ ਵਿਚ ਨਵੀਂ ਰੂਹ ਭਰ ਦਿੱਤੀ। ਸ੍ਰੀ ਗੁਰੂ

ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਦੇ ਕੇ ਉਸ ਨੂੰ ਫੌਲਾਦ ਵਰਗਾ ਮਜ਼ਬੂਤ, ਨਿਰਭੈ ਤੇ ਸੰਪੂਰਨ ਮਨੁੱਖ ਖਾਲਸੇ ਦਾ ਰੂਪ ਦੇ ਦਿੱਤਾ। ਗੁਰੂ ਸਾਹਿਬਾਨ, ਸਾਹਿਬਜ਼ਾਦੇ ਤੇ ਹੋਰ ਸਿੰਘਾਂ ਦੀਆਂ ਸ਼ਹੀਦੀਆਂ ਨੇ ਸਿੱਖਾਂ ਵਿਚ ਸਦਾ ਚੜ੍ਹਦੀ ਕਲਾ ਵਿਚ ਰਹਿਣ ਤੇ ਜੂਝ ਮਰਨ ਦੀ ਭਾਵਨਾ ਭਰ ਦਿੱਤੀ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਬਹਾਦਰੀ ਅਤੇ ਜਿੱਤਾਂ ਨੇ ਉਨ੍ਹਾਂ ਵਿਚ ਸੁਤੰਤਰ ਰਾਜ ਸਥਾਪਤ ਕਰਨ ਦਾ ਸੰਕਲਪ ਦ੍ਰਿੜ੍ਹ ਕਰ ਦਿੱਤਾ ਸੀ। ਇਸੇ ਬੀਰਤਾ ਦੇ ਪਿਛੋਕੜ ਕਾਰਨ ਖਾਲਸੇ ਨੇ ਵੱਡੇ ਘੱਲੂਘਾਰੇ ਵਿਚ ਲੋਹੇ ਦੀ ਦੀਵਾਰ ਬਣ ਕੇ ਅਬਦਾਲੀ ਦੇ ਹਮਲੇ ਨੂੰ ਨਾਕਾਮਯਾਬ ਕਰ ਦਿੱਤਾ ਸੀ।

ਉਨ੍ਹਾਂ ਨੇ ਅਬਦਾਲੀ ਦੇ ਜਾਣ ਪਿੱਛੋਂ ਉਸ ਦੀ ਸਹਾਇਤਾ ਕਰਨ ਵਾਲਿਆਂ ਨੂੰ ਵੀ ਸੋਧਿਆ। ਮਲੇਰਕੋਟਲੇ ਦੇ ਭੀਖਨ ਖਾਨ ਅਤੇ ਰਾਇਕੋਟ ਦੇ ਦੀਵਾਨ ਲਛਮੀ ਸਹਾਇ ਨੂੰ ਕਤਲ ਕਰ ਦਿੱਤਾ ਗਿਆ। ਅਬਦਾਲੀ ਦੇ ਥਾਪੇ ਹੋਏ ਸਰਹਿੰਦ ਦੇ ਨਵਾਬ ਜੈਨ ਖਾਂ ਨੂੰ ਮਾਰ ਕੇ ਸਰਹਿੰਦ ਫਤਹਿ ਕੀਤੀ। ਸਰਹੰਦ ਦਾ ਇਲਾਕਾ ਬਾਬਾ ਆਲਾ ਸਿੰਘ ਨੂੰ ਸੌਂਪ ਦਿੱਤਾ ਗਿਆ। ੧੭੬੬ ਈ. ਵਿਚ ਅਬਦਾਲੀ ਦੇ ਹਮਲੇ ਸਮੇਂ ਕੋਈ ਮੁਗ਼ਲ ਹਾਕਮ ਸਿੰਘਾਂ ਤੋਂ ਡਰਦਾ ਨਵਾਬੀ ਲੈਣ ਲਈ ਤਿਆਰ ਨਾ ਹੋਇਆ ਤਾਂ ਉਸ ਨੇ ਬਾਬਾ ਆਲਾ ਸਿੰਘ ਨੂੰ ਸਰਹਿੰਦ ਦਾ ਨਵਾਬ ਮੰਨ ਲਿਆ। ਅਬਦਾਲੀ ਨੇ ਸਿੰਘਾਂ ਨੂੰ ਜਾਗੀਰਾਂ ਦੀ ਪੇਸ਼ਕਸ਼ ਕੀਤੀ ਪਰ ਸਿੰਘਾਂ ਨੇ ਠੁਕਰਾ ਦਿੱਤੀ। ਉਨ੍ਹਾਂ ਨੇ ਵਾਪਸ ਪਰਤ ਰਹੇ ਅਹਿਮਦ ਸ਼ਾਹ ਅਬਦਾਲੀ 'ਤੇ ਹਮਲਾ ਕਰ ਕੇ ਉਸ ਦੀ ਫੌਜ ਦਾ ਬੁਰਾ ਹਾਲ ਕੀਤਾ। ਪਹਿਲਾਂ ਅੱਠ ਦਿਨ ਗੋਇੰਦਵਾਲ ਦੇ ਪੱਤਣ 'ਤੇ ਲੜਾਈ ਹੋਈ। ਫੇਰ ਡੱਲੇ ਪਿੰਡ ਕੋਲ ਰਾਵੀ ਦਰਿਆ ਪਾਰ ਕਰਦੇ ਅਬਦਾਲੀ ਨੂੰ ਜਾ ਘੇਰਿਆ। ਅਨੇਕਾਂ ਸਰਦਾਰਾਂ ਸਮੇਤ ੮੦੦੦ ਦੁਰਾਨੀ ਦਰਿਆ ਦੀ ਭੇਟ ਕਰ ਦਿੱਤੇ। ਇਸ ਤੋਂ ਅੱਗੇ ਜਿਹਲਮ ਦਰਿਆ ਪਾਰ ਕਰਨ ਵੇਲੇ ਸਿੰਘਾਂ ਨੇ ਫੇਰ ਅਚਾਨਕ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਅਬਦਾਲੀ ਦਾ ਤੋਪਖਾਨਾ ਤੇ ਕੀਮਤੀ ਸਾਮਾਨ ਦਰਿਆ ਵਿਚ ਗਰਕ ਹੋ ਗਿਆ। ਸਿੰਘਾਂ ਨੇ ਵੱਡੇ ਘੱਲੂਘਾਰੇ ਦਾ ਪੂਰਾ ਬਦਲਾ ਲੈ ਲਿਆ ਸੀ। ਅਹਿਮਦਸ਼ਾਹ ਅਬਦਾਲੀ ਇੰਨਾ ਦੁਖੀ ਹੋ ਕੇ ਹਿੰਦੁਸਤਾਨ ਤੋਂ ਗਿਆ ਕਿ ਮੁੜ ਹਮਲਾ ਕਰ ਸਕਣ ਦਾ ਉਸ ਦਾ ਕਦੇ ਹੌਸਲਾ ਨਾ ਪਿਆ। ਇਸ ਤਰ੍ਹਾਂ ਸਿੱਖ ਵੱਡੇ ਘੱਲੂਘਾਰੇ ਤੋਂ ਬਾਅਦ ਦਬਕ ਕੇ ਨਹੀਂ ਬੈਠੇ। ਉਨ੍ਹਾਂ ਨੇ ਹੋਰ ਵਧੇਰੇ ਜ਼ੋਰ ਨਾਲ ਅਬਦਾਲੀ 'ਤੇ ਹਮਲੇ ਕੀਤੇ ਅਤੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਜਮਨਾ ਤਕ ਆਪਣਾ ਅਧਿਕਾਰ ਜਮਾਉਣਾ ਸ਼ੁਰੂ ਕਰ ਦਿੱਤਾ ਸੀ। ਇਹ ਅਧਿਕਾਰ ਸਿਰਫ ਕਿਸੇ ਹਾਲਾਤ ਕਾਰਨ ਉਨ੍ਹਾਂ ਦੀ ਝੋਲੀ ਵਿਚ ਨਹੀਂ ਆ ਪਿਆ ਸੀ। ਇਹ ਉਨ੍ਹਾਂ ਨੇ ੬ ਦਹਾਕਿਆਂ ਦੇ ਖ਼ੂਨੀ ਸੰਘਰਸ਼ ਅਤੇ ਵੱਡੇ ਘੱਲੂਘਾਰੇ ਵਰਗੀਆਂ ਕੁਰਬਾਨੀਆਂ ਦੇ ਕੇ ਹਾਸਲ ਕੀਤਾ ਸੀ।

■

# ਵੱਡਾ ਘੱਲੂਘਾਰਾ

*-ਡਾ. ਹਰਬੰਸ ਸਿੰਘ**

ਅਠਾਰ੍ਹਵੀਂ ਸਦੀ ਦੀਆਂ ਪ੍ਰਮੁੱਖ ਘਟਨਾਵਾਂ ਵਿੱਚੋਂ 'ਛੋਟਾ ਘੱਲੂਘਾਰਾ' ਅਤੇ ਵੱਡਾ ਘੱਲੂਘਾਰਾ' ਇਤਿਹਾਸਕ ਦ੍ਰਿਸ਼ਟੀ ਤੋਂ ਬਹੁਤ ਅਹਿਮੀਅਤ ਰੱਖਦੀਆਂ ਹਨ। ਛੋਟਾ ਘੱਲੂਘਾਰਾ ਕਾਹਨੂੰਵਾਨ (ਗੁਰਦਾਸਪੁਰ) ਵਿਖੇ ਸੰਨ ੧੭੪੬ ਈ. ਵਿਚ ਵਾਪਰਿਆ ਜਦ ਕਿ ਵੱਡਾ ਘੱਲੂਘਾਰਾ ਫਰਵਰੀ ੧੭੬੨ ਈ. ਨੂੰ ਹੋਇਆ। ਇਕ ਅਨੁਮਾਨ ਅਨੁਸਾਰ ਇਸ ਦਿਨ ਤਕਰੀਬਨ ੩੦ ਹਜ਼ਾਰ ਸਿੰਘ, ਬੱਚੇ, ਬੱਚੀਆਂ ਤੇ ਬਜ਼ੁਰਗ ਕਤਲ ਕਰ ਦਿੱਤੇ ਗਏ। ਇਹ ਘਟਨਾ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਸਮੇਂ ਮਲੇਰਕੋਟਲੇ ਦੇ ਨੇੜੇ ਪਿੰਡ ਕੁੱਪ ਰੋਹੀੜਾ ਦੇ ਸਥਾਨ 'ਤੇ ਵਾਪਰੀ। ਹੁਣ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਇਸ ਥਾਂ 'ਤੇ ਇਕ ਗੁਰਦੁਆਰਾ ਸਾਹਿਬ ਸਥਾਪਤ ਹੈ। ਇਸ ਦੇ ਨੇੜੇ ਹੀ ਰੇਲਵੇ ਸਟੇਸ਼ਨ ਹੈ

੧੪ ਜਨਵਰੀ ਸੰਨ ੧੭੬੧ ਈ. ਨੂੰ ਪਾਨੀਪਤ ਦੀ ਤੀਜੀ ਲੜਾਈ ਵਿਚ ਮਰਹੱਟਿਆਂ ਨੂੰ ਕਰਾਰੀ ਹਾਰ ਦੇਣ ਮਗਰੋਂ ਹੁਣ ਅਹਿਮਦ ਸ਼ਾਹ ਅਬਦਾਲੀ ਨੇ ਆਪਣਾ ਧਿਆਨ ਸਿੱਖਾਂ ਵੱਲ ਮੋੜਿਆ ਜੋ ਦਲ ਖਾਲਸਾ ਦੀ ਸਥਾਪਤੀ ਮਗਰੋਂ ਦਿਨ-ਬ-ਦਿਨ ਪੰਜਾਬ ਵਿਚ ਸ਼ਕਤੀਸ਼ਾਲੀ ਹੁੰਦੇ ਜਾ ਰਹੇ ਸਨ। ਵੈਸੇ ਵੀ ਸਿੱਖਾਂ ਨੇ ਉਸ ਨੂੰ ਪਹਿਲੇ ਪੰਜ ਹਮਲਿਆਂ ਸਮੇਂ ਬੜਾ ਪ੍ਰੇਸ਼ਾਨ ਕੀਤਾ ਸੀ। ਕਾਬਲ ਤੋਂ ਆਉਂਦਿਆਂ ਤੇ ਕਾਬਲ ਵਾਪਸ ਪਰਤਦੇ ਸਮੇਂ ਸਿੱਖਾਂ ਦੇ ਦਸਤੇ ਉਨ੍ਹਾਂ 'ਤੇ ਹਮਲਾ ਕਰਕੇ ਉਨ੍ਹਾਂ ਦਾ ਮਾਲ-ਅਸਬਾਬ ਖੋਹ ਕੇ ਲੈ ਜਾਇਆ ਕਰਦੇ ਸਨ। ਪਾਨੀਪਤ ਦਾ ਜੇਤੂ ਅਹਿਮਦ ਸ਼ਾਹ ਅਬਦਾਲੀ ਸਿੱਖਾਂ ਨੂੰ ਅਜਿਹਾ ਸਬਕ ਸਿਖਾਉਣਾ ਚਾਹੁੰਦਾ ਸੀ ਕਿ ਉਹ ਮੁੜ ਪੰਜਾਬ ਦੇ ਵਿਚ ਸਿਰ ਨਾ ਚੁੱਕ ਸਕਣ।

ਇਸ ਮਕਸਦ ਲਈ ਉਸ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ੧੭੬੧ ਈ. ਵਿਚ ਕਾਬਲ ਪਰਤਣ ਤੋਂ ਪਹਿਲਾਂ ਉਸ ਨੇ ਪੰਜਾਬ ਦੀਆਂ ਮਹੱਤਵਪੂਰਨ ਥਾਵਾਂ 'ਤੇ ਆਪਣੇ ਅਫ਼ਗਾਨ ਫੌਜਦਾਰਾਂ ਨੂੰ ਨਿਯੁਕਤ ਕੀਤਾ ਅਤੇ ਉਨ੍ਹਾਂ ਨੂੰ ਆਦੇਸ਼ ਜਾਰੀ ਕੀਤੇ ਕਿ ਜਿੱਥੇ ਵੀ ਕੋਈ ਸਿੱਖ ਨਜ਼ਰ ਆਵੇ ਉਸ ਨੂੰ ਮਾਰ ਦਿੱਤਾ ਜਾਵੇ। ਸਰਹਿੰਦ ਵਿਚ ਉਸ ਨੇ ਆਪਣੇ ਇਕ ਵੱਡੇ ਤੇ ਭਰੋਸੇਯੋਗ ਜਰਨੈਲ ਜ਼ੈਨ ਖਾਂ ਨੂੰ ਨਿਯੁਕਤ ਕੀਤਾ। ਜਲੰਧਰ ਦੁਆਬ ਵਿਚ ਸਾਅਦਾਤ ਯਾਰ ਖਾਂ ਅਤੇ ਸਦੀਕ ਖਾਂ ਅਫਰੀਦੀ ਨੂੰ ਅਤੇ ਲਾਹੌਰ ਵਿਚ ਉਬੈਦ ਖਾਂ ਨੂੰ ਨਿਯੁਕਤ ਕੀਤਾ ਗਿਆ।

** # 4840, St. No. 44, Raghavpura, Karol Bagh, New Delhi-110005.*

ਪਾਨੀਪਤ ਦੀ ਜੰਗ ਮਗਰੋਂ ਅਹਿਮਦ ਸ਼ਾਹ ਅਬਦਾਲੀ ਦੇ ਵਾਪਸ ਕੰਧਾਰ ਪਰਤਦਿਆਂ ਹੀ ਸਿੱਖ ਪੰਜਾਬ ਉੱਤੇ ਛਾ ਗਏ। ਉਨ੍ਹਾਂ ਸਰਹਿੰਦ ਅਤੇ ਹੋਰ ਇਲਾਕਿਆਂ ਨੂੰ ਜਿੱਤ ਕੇ ਅਫਗਾਨ-ਟਿਕਾਣਿਆਂ ਨੂੰ ਤਹਿਸ-ਨਹਿਸ ਕਰ ਦਿੱਤਾ। ਅਫਗਾਨਿਸਤਾਨ ਤੋਂ ਅਬਦਾਲੀ ਦੁਆਰਾ ਭੇਜੀ ਗਈ ੧੨,੦੦੦ ਫੌਜ ਨੂੰ ਵੀ ਉਨ੍ਹਾਂ ਲਾਹੌਰ ਦੇ ਨੇੜੇ ਹਰਾ ਕੇ ਮੈਦਾਨ ਛੱਡਣ 'ਤੇ ਮਜਬੂਰ ਕਰ ਦਿੱਤਾ। ਇਥੋਂ ਤਕ ਕਿ ਲਾਹੌਰ ਦੇ ਅਫਗਾਨ ਗਵਰਨਰ ਵੱਲੋਂ ਭੇਜੀ ਗਈ ਸੈਨਾ ਨੂੰ ਵੀ ਹਰਾ ਕੇ ਉਨ੍ਹਾਂ ਨੂੰ ਦੁਬਾਰਾ ਕਿਲ੍ਹੇ ਵਿਚ ਧੱਕ ਦਿੱਤਾ।

੧੭੬੧ ਈ. ਨੂੰ ਸ੍ਰੀ ਅੰਮ੍ਰਿਤਸਰ ਵਿਖੇ ਦੀਵਾਲੀ ਦੇ ਮੌਕੇ 'ਤੇ ਸਰਬੱਤ ਖਾਲਸੇ ਦਾ ਇਕੱਠ ਹੋਇਆ। ਇਸ ਮਹੱਤਵਪੂਰਨ ਇਕੱਠ ਸਮੇਂ ਗੁਰਮਤਾ ਪਾਸ ਹੋਇਆ ਕਿ ਜਿਹੜੇ ਲੋਕ ਅਫਗਾਨਾਂ ਦੀ ਮਦਦ ਕਰ ਰਹੇ ਹਨ ਜਾਂ ਸਿੱਖ-ਵਿਰੋਧੀ ਕਾਰਵਾਈਆਂ ਵਿਚ ਲੱਗੇ ਹੋਏ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਪਾਪਾਂ ਦੀ ਸਜ਼ਾ ਦਿੱਤੀ ਜਾਵੇ। ਇਨ੍ਹਾਂ ਵਿਚ ਸਭ ਤੋਂ ਉੱਪਰ ਨਾਮ ਜੰਡਿਆਲੇ ਦੇ ਨਿਰੰਜਨੀਏ ਮਹੰਤ ਆਕਿਲ ਦਾਸ ਦਾ ਸੀ ਜੋ ਲਗਾਤਾਰ ਅਬਦਾਲੀ ਦੇ ਸੰਪਰਕ ਵਿਚ ਸੀ ਤੇ ਉਸ ਨੂੰ ਸਿੱਖਾਂ ਦੀ ਹਰ ਗਤੀਵਿਧੀ ਦੀ ਲਗਾਤਾਰ ਸੂਚਨਾ ਭੇਜ ਰਿਹਾ ਸੀ। ਇਸ ਤੋਂ ਪਹਿਲਾਂ ਵੀ ਜੰਡਿਆਲੇ ਦੇ ਹਰਿਭਗਤ ਨਿਰੰਜਨੀਏ ਨੇ ਭਾਈ ਤਾਰੂ ਸਿੰਘ ਬਾਰੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਂ ਨੂੰ ਗੁਪਤ ਰਿਪੋਰਟਾਂ ਭੇਜ ਕੇ ਪਕੜਵਾਇਆ ਅਤੇ ਭਾਈ ਸਾਹਿਬ ਨੂੰ ਕਤਲ ਕਰਵਾਉਣ ਵਿਚ ਉਸ ਦੀ ਮਦਦ ਕੀਤੀ ਸੀ। ਅਠਾਰ੍ਹਵੀਂ ਸਦੀ ਦੇ ਅੰਤ ਤਕ ਨਿਰੰਜਨੀਆਂ ਦਾ ਇਹੀ ਕਿਰਦਾਰ ਬਣਿਆ ਰਿਹਾ ਤੇ ਉਹ ਸਿੱਖ ਧਰਮ ਨੂੰ ਕੁਚਲ ਦੇਣ ਵਾਲੀ ਹਰ ਕਾਰਵਾਈ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੇ ਰਹੇ।

ਗੁਰਮਤਾ ਪਾਸ ਕਰਨ ਮਗਰੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਨੇ ਆਕਿਲ ਦਾਸ ਨੂੰ ਸੁਨੇਹਾ ਭਿਜਵਾਇਆ ਕਿ ਉਹ ਸਿੱਖ-ਵਿਰੋਧੀ ਕਾਰਵਾਈਆਂ ਤੋਂ ਬਾਜ ਆ ਜਾਵੇ ਤੇ ਖਾਲਸੇ ਦੀ ਅਧੀਨਗੀ ਪ੍ਰਵਾਨ ਕਰ ਲਵੇ। ਉਸ ਨੇ ਸਿੱਖਾਂ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਕਰਨ ਦੀ ਥਾਂ ਤੇਜ਼ ਰਫਤਾਰ ਹਰਕਾਰੇ ਰਾਹੀਂ ਇਸ ਗੱਲ ਦੀ ਸੂਚਨਾ ਆਪਣੇ 'ਮਾਲਕ' ਅਹਿਮਦ ਸ਼ਾਹ ਅਬਦਾਲੀ ਨੂੰ ਭੇਜ ਦਿੱਤੀ ਅਤੇ ਬੇਨਤੀ ਲਿਖ ਭੇਜੀ ਕਿ ਜੇ ਉਹ ਤੁਰੰਤ ਪੰਜਾਬ ਨਾ ਪਹੁੰਚਿਆ ਤਾਂ ਹਾਲਾਤ ਬਹੁਤ ਵਿਗੜ ਜਾਣਗੇ। ਆਕਿਲ ਦਾਸ ਦਾ ਇਹ ਸੁਨੇਹਾ ਮਿਲਣ ਤੋਂ ਪਹਿਲਾਂ ਹੀ ਅਬਦਾਲੀ ਕੰਧਾਰ ਤੋਂ ਚੱਲ ਚੁੱਕਾ ਸੀ। ਆਕਿਲ ਦਾਸ ਦਾ ਨੁਮਾਇੰਦਾ ਅਬਦਾਲੀ ਨੂੰ ਰੋਹਤਾਸ ਦੇ ਸਥਾਨ 'ਤੇ ਮਿਲਿਆ ਤੇ ਇਹ ਵੀ ਦੱਸਿਆ ਕਿ ਸਿੱਖ ਜੰਡਿਆਲੇ ਦੇ ਆਸ-ਪਾਸ ਘੇਰਾ ਪਾਈ ਬੈਠੇ ਹਨ।

ਆਕਿਲ ਦਾਸ ਦਾ ਸੁਨੇਹਾ ਮਿਲਦਿਆਂ ਹੀ ਅਬਦਾਲੀ ਮੰਜ਼ਲਾਂ ਮਾਰਦਾ ਜੰਡਿਆਲੇ ਪਹੁੰਚ ਗਿਆ। ਜਦੋਂ ਉਹ ਜੰਡਿਆਲੇ ਪੁੱਜਾ ਤਾਂ ਉਸ ਨੂੰ ਪਤਾ ਲੱਗਾ ਕਿ ਸਿੱਖ

ਆਪਣੀ ਵਹੀਰ ਨਾਲ ਪਹਿਲਾਂ ਹੀ ਮਲੇਰਕੋਟਲੇ ਵੱਲ ਚਲੇ ਗਏ ਹਨ ਤੇ ਇਸ ਵੇਲੇ ਉਹ ਮਲੇਰਕੋਟਲੇ ਤੋਂ ੯ ਕਿਲੋਮੀਟਰ ਦੂਰ ਪਿੰਡ ਕੁੱਪ ਵਿਖੇ ਠਹਿਰੇ ਹੋਏ ਹਨ। ਅਬਦਾਲੀ ਲਈ ਸਿੱਖਾਂ ਨੂੰ ਵੱਡੀ ਗਿਣਤੀ ਵਿਚ ਮਾਰ ਦੇਣ ਦਾ ਇਸ ਤੋਂ ਸੁਹਣਾ ਮੌਕਾ ਹੋਰ ਕੀ ਹੋ ਸਕਦਾ ਸੀ। ਉਹ ਸਿੱਖਾਂ ਉੱਪਰ ਹਮਲਾ ਕਰਨ ਤੋਂ ਪਹਿਲਾਂ ਪੂਰੀ ਤਿਆਰੀ ਕਰ ਲੈਣੀ ਚਾਹੁੰਦਾ ਸੀ। ਉਹ ਜੰਡਿਆਲੇ ਤੋਂ ਲਾਹੌਰ ਆਇਆ ਤੇ ਇਥੋਂ ਉਸ ਨੇ ਸਰਹਿੰਦ ਦੇ ਫੌਜਦਾਰ ਜ਼ੈਨ ਖਾਂ ਨੂੰ ਸੁਨੇਹਾ ਭੇਜਿਆ ਕਿ ਉਹ ਤੁਰੰਤ ਆਪਣੀ ਸੈਨਾ ਲੈ ਕੇ ਮਲੇਰਕੋਟਲੇ ਪਹੁੰਚ ਜਾਵੇ। ਉਸ ਨੂੰ ਇਹ ਵੀ ਆਦੇਸ਼ ਭੇਜਿਆ ਕਿ ਉਹ ਸਿੱਖਾਂ ਉੱਪਰ ਅਗਲੇ ਪਾਸਿਓਂ ਹਮਲਾ ਕਰੇਗਾ ਤੇ ਉਨ੍ਹਾਂ ਦਾ ਰਾਹ ਰੋਕੇਗਾ ਤੇ ਅਬਦਾਲੀ ਦੀ ਆਪਣੀ ਸੈਨਾ ਪਿੱਛੋਂ ਹਮਲਾ ਬੋਲ ਕੇ ਉਨ੍ਹਾਂ ਨੂੰ ਚੁਪਾਸਿਓਂ ਘੇਰ ਲਵੇਗੀ। ਇਹੋ ਜਿਹਾ ਆਦੇਸ਼ ਮਲੇਰਕੋਟਲੇ ਅਤੇ ਕਸੂਰ ਦੇ ਹਾਕਮਾਂ ਨੂੰ ਵੀ ਭੇਜਿਆ ਗਿਆ। ਆਪਣੀ ਸੈਨਾ ਦੀ ਅਗਵਾਈ ਉਹ ਆਪ ਕਰ ਰਿਹਾ ਸੀ। ਇਸ ਹਮਲੇ ਵਿਚ ਬਾਕੀ ਵੱਡੇ ਸਰਦਾਰ ਜੋ ਅਬਦਾਲੀ ਦੀ ਮਦਦ ਕਰ ਰਹੇ ਸਨ, ਉਹ ਸਨ: ਮੁਰਤਜ਼ਾ ਖਾਂ, ਕਾਸਮ ਖਾਂ ਅਤੇ ਦੀਵਾਨ ਲੱਛਮੀ ਨਾਰਾਇਣ।

ਅਹਿਮਦ ਸ਼ਾਹ ਅਬਦਾਲੀ ੩ ਫਰਵਰੀ ੧੭੬੨ ਈ. ਨੂੰ ਲਾਹੌਰ ਤੋਂ ਚੱਲਿਆ ਤੇ ਕੇਵਲ ਦੋ ਦਿਨਾਂ ਵਿਚ ੨੦੦ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਕੁੱਪ ਰੋਹੀੜੇ ਪਹੁੰਚ ਗਿਆ। ਉਸ ਦਿਨ ਫਰਵਰੀ ਮਹੀਨੇ ਦੀ ੫ ਤਰੀਕ ਸੀ। ਇਥੇ ੩੦,੦੦੦ ਤੋਂ ਵੱਧ ਸਿੱਖ ਬੱਚੇ, ਬੁੱਢੇ ਤੇ ਬੀਬੀਆਂ ਆਪਣੇ ਘਰ ਦੇ ਸਾਮਾਨ, ਰਸਦ-ਪਾਣੀ ਤੇ ਪਰਵਾਰਾਂ ਸਮੇਤ ਠਹਿਰੇ ਹੋਏ ਸਨ। ਸਿੱਖ ਸਰਦਾਰਾਂ ਨੂੰ ਵੀ ਇਹ ਅੰਦਾਜ਼ਾ ਨਹੀਂ ਸੀ ਕਿ ਅਬਦਾਲੀ ਇਤਨੇ ਥੋੜ੍ਹੇ ਸਮੇਂ ਵਿਚ ਉਨ੍ਹਾਂ 'ਤੇ ਆ ਪਏਗਾ।

ਅਬਦਾਲੀ ਦੇ ਪਹੁੰਚਣ ਤੋਂ ਪਹਿਲਾਂ ਸਿੱਖਾਂ ਨੇ ਜ਼ੈਨ ਖਾਂ ਅਤੇ ਭੀਖਨ ਖਾਂ ਦੁਆਰਾ ਕੀਤੇ ਹਮਲਿਆਂ ਨੂੰ ਤਾਂ ਨਾਕਾਮਯਾਬ ਬਣਾ ਦਿੱਤਾ ਸੀ ਪਰ ਅਬਦਾਲੀ ਦੀ ਵੱਡੀ ਸੈਨਾ ਦਾ ਮੁਕਾਬਲਾ ਕਰਨ ਲਈ ਨਾ ਤਾਂ ਉਨ੍ਹਾਂ ਕੋਲ ਪ੍ਰਾਪਤ ਸਾਧਨ ਹੀ ਸਨ ਤੇ ਨਾ ਹੀ ਉਨ੍ਹਾਂ ਨੂੰ ਸਮਾਂ ਮਿਲਿਆ ਸੀ ਕਿ ਉਹ ਆਪਣੇ ਜਥਿਆਂ ਨੂੰ ਸਹੀ ਢੰਗ ਨਾਲ ਮੁਕਾਬਲੇ ਲਈ ਤਿਆਰ ਕਰ ਸਕਦੇ।

ਖਾਲਸਾ ਦਲ ਦੀ ਅਗਵਾਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ ਅਤੇ ਸਰਦਾਰ ਸ਼ਾਮ ਸਿੰਘ ਕਰੋੜਸਿੰਘੀਆ ਕਰ ਰਹੇ ਸਨ। ਪਰ ਐਸ ਵੇਲੇ ਸਭ ਤੋਂ ਵੱਡੀ ਸਮੱਸਿਆ ਵਹੀਰ ਨੂੰ ਬਚਾ ਕੇ ਸੁਰੱਖਿਅਤ ਥਾਂ 'ਤੇ ਪਹੁੰਚਾਉਣ ਦੀ ਸੀ। ਇਸ ਵਹੀਰ ਵਿਚ ਬਹੁਤੀ ਗਿਣਤੀ, ਬੱਚੇ, ਬੁੱਢੇ, ਬੀਬੀਆਂ ਤੇ ਲੜਾਈ ਨਾ ਕਰ ਸਕਣ ਵਾਲੇ ਵਿਅਕਤੀਆਂ ਦੀ ਸੀ, ਜੋ ਚਵ੍ਹਾਂ ਪਾਸਿਆਂ ਤੋਂ ਘਿਰ ਚੁੱਕੇ ਸਨ। ਦਲ ਦੇ ਵੱਡੇ ਸਰਦਾਰਾਂ ਨੇ ਫੈਸਲਾ ਕੀਤਾ ਕਿ ਅਬਦਾਲੀ ਦੀਆਂ ਫੌਜਾਂ ਦਾ ਟਾਕਰਾ ਵੀ ਕਰੀਏ ਅਤੇ ਨਾਲ ਹੀ ਆਪਣਾ ਸਫ਼ਰ ਮਾਲਵੇ ਵੱਲ ਜਾਰੀ ਰੱਖੀਏ। ਵਹੀਰ ਨੂੰ

ਸੁਰੱਖਿਅਤ ਥਾਂ 'ਤੇ ਪਹੁੰਚਾਉਣ ਦੀ ਸੇਵਾ ਕੈਥਲ ਦੇ ਵਕੀਲ ਸੰਗੂ ਸਿੰਘ, ਬਾਬਾ ਆਲਾ ਸਿੰਘ ਦੇ ਵਕੀਲ ਸੇਖੂ ਸਿੰਘ ਅਤੇ ਭਾਈ ਬੁੱਢਾ ਸਿੰਘ ਦੇ ਵਕੀਲ ਦੀ ਲਗਾਈ ਗਈ। ਅਜੇ ਇਸ ਵਹੀਰ ਨੇ ਤਿੰਨ ਮੀਲ ਦਾ ਪੰਧ ਵੀ ਨਹੀਂ ਸੀ ਮੁਕਾਇਆ ਕਿ ਭੀਖਣ ਖਾਂ ਮਲੇਰਕੋਟਲੇ ਦੀ ਸੈਨਾ ਉਨ੍ਹਾਂ 'ਤੇ ਆ ਕੇ ਟੁੱਟ ਪਈ। ਇਹ ਹਮਲਾ ਵੀ ਇੰਨਾ ਅਚਾਨਕ ਹੋਇਆ ਸੀ ਕਿ ਸਿੱਖਾਂ ਨੂੰ ਸੰਭਲਣ ਦਾ ਮੌਕਾ ਹੀ ਨਾ ਮਿਲਿਆ। ਪਰ ਉਨ੍ਹਾਂ ਨੇ ਫਿਰ ਵੀ ਯਥਾਸੰਭਵ ਸਮਤੋਲ ਬਣਾਉਣ ਦਾ ਜਤਨ ਕੀਤਾ। ਉਹ ਲੜੀ ਵੀ ਜਾਂਦੇ ਸਨ ਤੇ ਤੁਰੀ ਵੀ ਜਾਂਦੇ ਸਨ। ਕਦੇ-ਕਦੇ ਉਹ ਰੁਕ ਕੇ ਪਿੱਛਾ ਕਰ ਰਹੀਆਂ ਅਫ਼ਗਾਨ ਫੌਜਾਂ ਨਾਲ ਦੋ-ਦੋ ਹੱਥ ਵੀ ਕਰ ਲੈਂਦੇ:

*ਸ਼ਹੀਦ ਹੋਹਿਂ ਔ ਜ਼ਖ਼ਮੀ ਹੋਹਿਂ*
*ਕਦੈ ਖੜੈਂ ਕਦ ਲੜੈਂ ਤੁਰੋਹਿ॥੯੨॥* *(ਸ੍ਰੀ ਗੁਰ ਪੰਥ ਪ੍ਰਕਾਸ਼)*

ਪਰ ਵੈਰੀ-ਸੈਨਾ ਦੀ ਬਹੁ-ਗਿਣਤੀ ਸਾਹਮਣੇ ਉਨ੍ਹਾਂ ਦਾ ਖੜ੍ਹ ਕੇ ਜੰਗ ਕਰਨਾ ਸੰਭਵ ਨਹੀਂ ਸੀ ਹੋ ਪਾ ਰਿਹਾ। ਪਰ ਫਿਰ ਵੀ ਸਿੱਖ ਸਰਦਾਰ ਵਹੀਰ ਦੀ ਇਸ ਤਰ੍ਹਾਂ ਰੱਖਿਆ ਕਰ ਰਹੇ ਸਨ ਜਿਵੇਂ ਕੁਕੜੀ ਆਪਣੇ ਬੱਚਿਆਂ ਨੂੰ ਖੰਭਾਂ ਥੱਲੇ ਢੱਕ ਲੈਂਦੀ ਹੈ। ਭਾਈ ਰਤਨ ਸਿੰਘ ਭੰਗੂ ਹੋਰੀਂ ਲਿਖਦੇ ਹਨ:

*ਜਿਮ ਕਰ ਕੁਕੜੀ ਬਚਿਅਨ ਛੁਪਾਵੈ।*
*ਫਿਲਾਇ ਪੰਖ ਦੁਇ ਤਰਫ ਰਖਾਵੈ।*
*ਇਮ ਖਾਲਸੇ ਨੈ ਬਹੀਰ ਛਪਾਯੋ।*
*ਜੋ ਬਚ ਰਹਯੋ ਸੁ ਆਗੈ ਲਗਾਯੋ॥੨੪॥*

ਆਪਣੀ ਵਹੀਰ ਨੂੰ ਬਚਾਉਣ ਵਾਸਤੇ ਸਿੱਖ ਸਰਦਾਰਾਂ ਨੇ ਵਹੀਰ ਦੇ ਚਵਾਂ ਪਾਸੇ ਸੁਰੱਖਿਆ ਘੇਰਾ ਬਣਾ ਰੱਖਿਆ ਸੀ। ਇਸ ਘੇਰੇ ਨੂੰ ਤੋੜਨ ਵਾਸਤੇ ਅਹਿਮਦ ਸ਼ਾਹ ਅਬਦਾਲੀ ਨੇ ਵਜ਼ੀਰ ਸ਼ਾਹ ਵਲੀ ਖਾਂ ਨੂੰ ਭੇਜਿਆ ਪਰ ਉਹ ਸਫ਼ਲ ਨਾ ਹੋਇਆ। ਫਿਰ ਅਬਦਾਲੀ ਨੇ ਆਪਣੇ ਵੱਡੇ ਜਰਨੈਲ ਜਹਾਨ ਖਾਂ ਨੂੰ ਹੋਰ ਫੌਜ ਦੇ ਕੇ ਭੇਜਿਆ ਤੇ ਹੁਕਮ ਦਿੱਤਾ ਕਿ ਇਸ ਵੇਲੇ ਘਿਰੇ ਹੋਏ ਸਿੱਖਾਂ ਵਿੱਚੋਂ ਇਕ ਵੀ ਬਚ ਕੇ ਨਾ ਜਾਵੇ। ਸਾਡੇ ਲਈ ਉਨ੍ਹਾਂ ਨੂੰ ਮਾਰ-ਮੁਕਾਉਣ ਦਾ ਇਹ ਸੁਨਹਿਰੀ ਮੌਕਾ ਹੈ। ਅਹਿਮਦ ਸ਼ਾਹ ਅਬਦਾਲੀ ਦੁਆਰਾ ਚੁੱਕੇ ਗਏ ਇਹ ਕਦਮ ਵੀ ਸਫਲ ਹੁੰਦੇ ਦਿਖਾਈ ਨਹੀਂ ਸਨ ਦੇ ਰਹੇ। The Sikhs were fighting while moving and moving while fighting. ਵਹੀਰ ਨੂੰ ਬਚਾਈ ਰੱਖਣ ਵਾਸਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਪੂਰੀ ਵਾਹ ਲਗਾ ਰਹੇ ਸਨ। ਜਿੱਥੇ ਕਿਤੇ ਲੋੜ ਪੈਂਦੀ, ਉਹ ਘੋੜੇ ਨੂੰ ਅੱਡੀ ਲਗਾ ਕੇ ਉੱਥੇ ਪਹੁੰਚਦੇ। ਉਹ ਸਿੰਘਾਂ ਨੂੰ ਹੌਸਲਾ ਦੇਈ ਜਾ ਰਹੇ ਸਨ ਕਿ ਗੁਰੂ ਤੁਹਾਡੇ ਅੰਗ-ਸੰਗ ਹੈ, ਤੁਹਾਨੂੰ ਇਨ੍ਹਾਂ ਗਿਲਜਿਆਂ ਕੋਲੋਂ ਡਰਨ ਦੀ ਲੋੜ ਨਹੀਂ। ਤੁਰੀ ਜਾ ਰਹੀ ਵਹੀਰ ਨੂੰ ਇਹ ਆਸ ਸੀ ਕਿ ਕਿਸੇ ਨਾ ਕਿਸੇ

ਪਿੰਡ ਤੋਂ ਉਨ੍ਹਾਂ ਨੂੰ ਮਦਦ ਜਰੂਰ ਮਿਲ ਜਾਵੇਗੀ ਪਰ ਜਦੋਂ ਉਹ ਕਿਸੇ ਪਿੰਡ ਪਹੁੰਚਦੇ ਤਾਂ ਲੋਕ ਅਹਿਮਦ ਸ਼ਾਹ ਅਬਦਾਲੀ ਦੇ ਕਹਿਰ ਤੋਂ ਡਰਦੇ ਘਰਾਂ ਦੇ ਬੂਹੇ ਬੰਦ ਕਰ ਲੈਂਦੇ। ਭਾਈ ਰਤਨ ਸਿੰਘ ਭੰਗੂ ਲਿਖਦੇ ਹਨ:

*ਪਿੰਡ ਮੈਂ ਵੜਨ ਨ ਦੀਨੋ ਕੋਊ*
*ਔਖੀ ਬਨੀ ਬਹੀਰ ਸੁ ਤੋਊ॥੧੧੫॥*

ਦੁਸ਼ਮਣ ਦੀਆਂ ਫੌਜਾਂ ਤੁਰੀ ਜਾ ਰਹੀ ਵਹੀਰ ਦਾ ਭਾਰੀ ਨੁਕਸਾਨ ਕਰੀ ਜਾ ਰਹੀਆਂ ਸਨ। ਵਹੀਰ ਕਈ ਮੀਲਾਂ ਵਿਚ ਫੈਲੀ ਹੋਈ ਸੀ ਤੇ ਵੈਰੀ ਸੈਨਿਕ ਉਨ੍ਹਾਂ ਦੇ ਕਮਜ਼ੋਰ ਹਿੱਸਿਆਂ 'ਤੇ ਹਮਲਾ ਬੋਲ ਕੇ ਉਨ੍ਹਾਂ ਨੂੰ ਕਤਲ ਕਰੀ ਜਾ ਰਹੇ ਸਨ। ਸਿੱਖਾਂ ਦਾ ਬਹੁਤ ਨੁਕਸਾਨ ਹੋ ਰਿਹਾ ਸੀ। ਸਾਰੀ ਅਫ਼ਗਾਨ ਸੈਨਾ ਇਨ੍ਹਾਂ 'ਤੇ ਟੁੱਟ ਕੇ ਪੈ ਗਈ। ਹਜ਼ਾਰਾਂ ਦੀ ਤਦਾਦ ਵਿਚ ਔਰਤਾਂ, ਬੱਚੇ ਤੇ ਬੁੱਢੇ ਕਤਲ ਕਰ ਦਿੱਤੇ ਗਏ। ਵਹੀਰ ਅਜੇ ਵੀ ਕਿਸੇ ਸੁਰੱਖਿਅਤ ਥਾਂ ਦੀ ਤਲਾਸ਼ ਵਿਚ ਸੀ।

ਸ਼ਾਮ ਵੇਲੇ ਇਹ ਵਹੀਰ ਹਜ਼ਾਰਾਂ ਸਾਥੀ ਮਰਵਾ ਕੇ ਕੁਤਬਾ ਅਤੇ ਬਾਹਮਣੀ ਪਿੰਡਾਂ ਕੋਲ ਪਹੁੰਚੀ। ਉਨ੍ਹਾਂ ਨੂੰ ਆਸ ਸੀ ਕਿ ਇਹ ਪਿੰਡ ਉਨ੍ਹਾਂ ਦੀ ਸਹਾਇਤਾ ਲਈ ਅੱਗੇ ਆ ਜਾਣਗੇ। ਪਰ ਉਨ੍ਹਾਂ ਨੂੰ ਇਹ ਜਾਣਨ ਵਿਚ ਦੇਰ ਨਾ ਲੱਗੀ ਕਿ ਇਹ ਪਿੰਡ ਵੀ ਮਲੇਰਕੋਟਲੀਏ ਅਫ਼ਗਾਨਾਂ ਦੇ ਪ੍ਰਭਾਵ ਥੱਲੇ ਸਨ ਤੇ ਉਹ ਵੀ ਸਿੰਘਾਂ ਨੂੰ ਕਤਲ ਕਰਨ ਵਿਚ ਕਿਸੇ ਤਰ੍ਹਾਂ ਪਿੱਛੇ ਨਹੀਂ ਸਨ ਰਹਿਣਾ ਚਾਹੁੰਦੇ। ਇਨ੍ਹਾਂ ਪਿੰਡਾਂ ਦੇ ਰੰਘੜ ਘਰਾਂ ਵਿੱਚੋਂ ਨਿਕਲ ਕੇ ਸਿੰਘਾਂ ਦੇ ਪਿੱਛੇ ਪੈ ਗਏ ਤੇ ਉਨ੍ਹਾਂ ਨੇ ਵਹੀਰ ਦਾ ਭਾਰੀ ਨੁਕਸਾਨ ਕੀਤਾ। ਕਿਸੇ ਤਰ੍ਹਾਂ ਸਰਦਾਰ ਚੜ੍ਹਤ ਸਿੰਘ ਨੇ ਇਥੇ ਪਹੁੰਚ ਕੇ ਰੰਘੜਾਂ ਨੂੰ ਪਿੱਛੇ ਧੱਕਿਆ ਅਤੇ ਆਪਣੇ ਕਈ ਸਾਥੀਆਂ ਨੂੰ ਬਚਾ ਲਿਆ।

ਬੇਸ਼ੱਕ ਫਰਵਰੀ ਦਾ ਮਹੀਨਾ ਸੀ, ਪਰ ਦੋਹਾਂ ਪਾਸਿਆਂ ਦੇ ਸੈਨਿਕ ਤੁਰ-ਤੁਰ ਕੇ ਥੱਕ ਚੁੱਕੇ ਸਨ ਤੇ ਪਿਆਸ ਨਾਲ ਉਨ੍ਹਾਂ ਦਾ ਬੁਰਾ ਹਾਲ ਸੀ। ਇਹ ਇਕ ਅਜੀਬ ਇਤਫ਼ਾਕ ਸੀ ਕਿ ਪਿੰਡ ਬਾਹਮਣੀ ਦੇ ਨੇੜੇ ਪਾਣੀ ਦੀ ਇਕ ਢਾਬ ਵੇਖ ਕੇ ਦੋਹਾਂ ਪਾਸਿਆਂ ਦੇ ਸੈਨਿਕ ਪਿਆਸ ਬੁਝਾਉਣ ਲਈ ਪਾਣੀ ਦੇ ਇਸ ਭੰਡਾਰ 'ਤੇ ਟੁੱਟ ਕੇ ਪੈ ਗਏ। ਜੇ ਇਕ ਪਾਸੇ ਅਫਗਾਨ ਸਿਪਾਹੀ ਪਾਣੀ ਪੀ ਰਹੇ ਸਨ ਤਾਂ ਦੂਸਰੇ ਪਾਸੇ ਸਿੱਖ ਸੈਨਿਕ ਘੋੜਿਆਂ ਤੋਂ ਉਤਰ ਕੇ ਆਪਣੇ ਹੋਂਠ ਗਿੱਲੇ ਕਰ ਰਹੇ ਸਨ। ਢਾਬ ਦੇ ਨੇੜੇ ਪਹੁੰਚ ਕੇ ਲੜਾਈ ਬੰਦ ਹੋ ਗਈ। ਅਹਿਮਦ ਸ਼ਾਹ ਅਬਦਾਲੀ ਸਿੱਖਾਂ ਦਾ ਪਿੱਛਾ ਕਰ ਕੇ ਥੱਕ ਚੁੱਕਾ ਸੀ। ਉਹ ਉਨ੍ਹਾਂ ਦਾ ਹੋਰ ਪਿੱਛਾ ਨਹੀਂ ਸੀ ਕਰਨਾ ਚਾਹੁੰਦਾ ਤੇ ਸਿੱਖ ਵੀ ਮਹਿਸੂਸ ਕਰ ਰਹੇ ਸਨ ਕਿ ਹੁਣ ਅੱਗੋਂ ਬਾਬਾ ਆਲਾ ਸਿੰਘ ਦਾ ਇਲਾਕਾ ਸ਼ੁਰੂ ਹੋਣ ਵਾਲਾ ਸੀ ਜਿੱਥੇ ਉਨ੍ਹਾਂ ਨੂੰ ਹਰ ਪ੍ਰਕਾਰ ਦੀ ਸੁਰੱਖਿਆ ਮਿਲ ਸਕਦੀ ਸੀ।

ਇਸ ਘੱਲੂਘਾਰੇ ਵਿਚ ਕਰੀਬ ੩੦,੦੦੦ ਸਿੰਘ, ਬੱਚੇ, ਬੀਬੀਆਂ ਤੇ ਬਜ਼ੁਰਗ ਸ਼ਹੀਦ ਹੋ ਗਏ। ਸਿੱਖ ਇਤਿਹਾਸ ਦਾ ਇਹ ਇੱਕੋ-ਇੱਕ ਅਜਿਹਾ ਦਿਨ ਸੀ ਜਿਸ

ਦਿਨ ਇਤਨੀ ਵੱਡੀ ਗਿਣਤੀ ਵਿਚ ਸਿੱਖ ਕੌਮ ਦਾ ਘਾਣ ਹੋਇਆ ਸੀ। ਇਸ ਕਰਕੇ ਇਸ ਦੁਖਾਂਤ ਨੂੰ 'ਵੱਡਾ ਘੱਲੂਘਾਰਾ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਅਬਦਾਲੀ ਦੀਆਂ ਫੌਜਾਂ ਨਾਲ ਹੋਏ ਇਸ ਅਸਾਵੇਂ ਮੁਕਾਬਲੇ ਵਿਚ ਕੋਈ ਵੀ ਸਿੱਖ ਸਰਦਾਰ ਅਜਿਹਾ ਨਹੀਂ ਸੀ ਜਿਸ ਦੇ ਸਰੀਰ 'ਤੇ ਅੱਠ, ਦਸ ਜਾਂ ਇਸ ਤੋਂ ਵੱਧ ਜ਼ਖ਼ਮਾਂ ਦੇ ਨਿਸ਼ਾਨ ਨਾ ਲੱਗੇ ਹੋਣ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਦੇ ਪਿੰਡੇ 'ਤੇ ਤੀਰਾਂ, ਤਲਵਾਰਾਂ ਤੇ ਗੋਲੀਆਂ ਦੇ ੨੨ ਨਿਸ਼ਾਨ ਸਨ। ਇਹ ਜ਼ਖ਼ਮ ਜ਼ਾਹਿਰ ਕਰਦੇ ਸਨ ਕਿ ਵੱਡੇ ਘੱਲੂਘਾਰੇ ਸਮੇਂ ਸਿੱਖ ਸਰਦਾਰ ਕਿਤਨੀ ਬਹਾਦਰੀ ਅਤੇ ਨਿਡਰਤਾ ਨਾਲ ਅੱਗੇ ਵਧ ਕੇ ਲੜੇ ਸਨ। ਸਰਦਾਰ ਜੱਸਾ ਸਿੰਘ ਤੇ ਸਰਦਾਰ ਚੜ੍ਹਤ ਸਿੰਘ ਦੇ ਸੰਬੰਧ ਵਿਚ ਭਾਈ ਰਤਨ ਸਿੰਘ ਭੰਗੂ ਨੇ ਲਿਖਿਆ ਹੈ ਕਿ:

– *ਜ਼ਖ਼ਮ ਬਹੁਤ ਜੱਸਾ ਸਿੰਘ ਖਾਏ*
*ਤੀਰ ਗੋਲੀ ਔ ਤੇਗ ਘਾਇ ਆਏ।* *(ਸ੍ਰੀ ਗੁਰ ਪੰਥ ਪ੍ਰਕਾਸ਼)*

– *ਜੱਸਾ ਸਿੰਘ ਖਾਏ ਬਾਈ ਘਾਇ*
*ਤੌਂ ਭੀ ਸਿੰਘ ਜੀ ਲੜਤੇ ਜਾਇ।* *(ਉਹੀ)*

– *ਸਰਦਾਰ ਸਬੈ ਜ਼ਖ਼ਮੀ ਭਏ, ਸਾਬਤ ਰਹਯੋ ਨਾ ਕੋਇ।* *(ਉਹੀ)*

– *ਚੜ੍ਹਤ ਸਿੰਘ ਜ਼ਖ਼ਮ ਗਿਣੇ ਨ ਜਾਇ*
*ਤੀਰ ਤਲਵਾਰਨ ਜੋ ਨੇਜੇ ਖਾਇ।* *(ਉਹੀ)*

ਵੱਡੇ ਘੱਲੂਘਾਰੇ ਵਿਚ ਇਤਨਾ ਨੁਕਸਾਨ ਹੋ ਜਾਣ ਦੇ ਬਾਵਜੂਦ ਵੀ ਸਿੱਖਾਂ ਦੇ ਹੌਸਲੇ ਬੁਲੰਦ ਸਨ। ਡਾ. ਗੰਡਾ ਸਿੰਘ ਪ੍ਰਾਚੀਨ ਪੰਥ ਪ੍ਰਕਾਸ਼/ਤਹਿਮਾਸ ਨਾਮਾ ਅਤੇ ਖਜ਼ਾਨਾ-ਇ-ਆਮਿਰਾ ਦੇ ਹਵਾਲੇ ਨਾਲ ਲਿਖਦੇ ਹਨ ਕਿ ਉਸੇ ਦਿਨ (੫ ਫਰਵਰੀ ੧੭੬੨ ਨੂੰ) ਇਕ ਨਿਹੰਗ ਸਿੰਘ ਉੱਚੀ-ਉੱਚੀ ਕਹਿ ਰਿਹਾ ਸੀ ਕਿ ਚਲੋ ਖੋਟ ਨਿਕਲ ਗਿਆ ਹੈ ਤੇ ਹੁਣ ਤੱਤ ਖਾਲਸਾ ਬਾਕੀ ਰਹਿ ਗਿਆ ਹੈ:

*ਤੱਤ ਖਾਲਸੋ ਸੋ ਰਹਯੋ, ਗਯੋ ਸੋ ਖੋਟ ਗਵਾਇ॥* *(ਸ੍ਰੀ ਗੁਰ ਪੰਥ ਪ੍ਰਕਾਸ਼)*

ਇਹ ਸਿੱਖ ਕੌਮ ਦਾ ਹੀ ਹੌਸਲਾ ਸੀ ਕਿ ਇੱਕੋ ਹੀ ਦਿਨ ਵਿਚ ਇਤਨਾ ਨੁਕਸਾਨ ਕਰਵਾ ਕੇ ਵੀ ਉਹ ਚੜ੍ਹਦੀ ਕਲਾ ਵਿਚ ਸਨ। ਇਸ ਦਾ ਪ੍ਰਤੱਖ ਸਬੂਤ ਇਹ ਹੈ ਕਿ ਥੋੜ੍ਹੇ ਹੀ ਸਮੇਂ ਬਾਅਦ ਨਾ ਸਿਰਫ਼ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪੁਨਰ ਉਸਾਰੀ ਦਾ ਕਾਰਜ ਹੀ ਅਰੰਭ ਕਰ ਦਿੱਤਾ, ਜਿਸ ਨੂੰ ਅਬਦਾਲੀ ਨੇ ੧੭੬੨ ਈ. ਵਿਚ ਢਾਹ ਕੇ ਅਤੇ ਸਰੋਵਰ ਨੂੰ ਕਚਰੇ, ਮਲਬੇ ਤੇ ਮਰੇ ਹੋਏ ਬੰਦਿਆਂ ਅਤੇ ਪਸ਼ੂਆਂ ਦੀਆਂ ਹੱਡੀਆਂ ਨਾਲ ਭਰਵਾ ਦਿੱਤਾ ਸੀ ਸਗੋਂ ਉਨ੍ਹਾਂ ਨੇ ਤਿੰਨ ਸਾਲ ਦੇ ਅੰਦਰ-ਅੰਦਰ ਲਾਹੌਰ ਦੇ ਕਿਲ੍ਹੇ 'ਤੇ ਆਪਣਾ ਝੰਡਾ ਵੀ ਝੁਲਾ ਦਿੱਤਾ; ਜਿਥੋਂ ਉਨ੍ਹਾਂ ਨੂੰ ਤਹਿਸ-ਨਹਿਸ ਕਰ ਦੇਣ ਦੇ ਹੁਕਮ ਜਾਰੀ ਹੋਇਆ ਕਰਦੇ ਸਨ। ■

# ਸਭਰਾਉਂ ਦੀ ਜੰਗ

-*ਗਿ. ਸੋਹਣ ਸਿੰਘ ਸੀਤਲ**

**ਜੰਗ ਅਲੀਵਾਲ ੨੮ ਜਨਵਰੀ-੧੮੪੬**

ਬੱਦੋਵਾਲ ਦੀ ਲੜਾਈ ਵਿਚ ਅੰਗਰੇਜ਼ ਬੁਰੀ ਤਰ੍ਹਾਂ ਹਾਰੇ ਸਨ। ਇਸ ਕਰਕੇ ਹਰੀ ਸਮਿੱਥ ਦੀ ਬਹੁਤ ਬਦਨਾਮੀ ਹੋ ਰਹੀ ਸੀ। ਹੈਨਰੀ ਹੈਰੀ ਸਮਿੱਥ ਹਾਰਿਡੰਗ ਦਾ ਪੁਰਾਣਾ ਮਿੱਤਰ ਸੀ। ਉਹ ਕਿਸੇ ਬਹਾਨੇ ਆਪਣੇ ਦੋਸਤ ਦੀ ਬਦਨਾਮੀ ਧੋਣਾ ਚਾਹੁੰਦਾ ਸੀ। ਹੈਰੀ ਸਮਿੱਥ ੨੮ ਜਨਵਰੀ ੧੮੪੬ ਈ. ਨੂੰ ਸੱਜਰਸ਼ਾਹ ਫੌਜ ਲੈ ਕੇ ਲੁਧਿਆਣੇ ਵੱਲੋਂ ਵਾਪਸ ਮੁੜ ਰਿਹਾ ਸੀ। ਅਲੀਵਾਲ ਦੇ ਕੋਲ ਉਨ੍ਹਾਂ ਨੂੰ ਸਿੱਖਾਂ ਦਾ ਇਕ ਦਸਤਾ ਨਜ਼ਰੀਂ ਪਿਆ। ਸ਼ਾਇਦ ਇਹ ਸ. ਰਣਜੋਧ ਸਿੰਘ ਦੀ ਫੌਜ ਦਾ ਦਸਤਾ ਹੋਵੇ, ਜੋ ਸਭਰਾਵਾਂ ਵੱਲੇ ਹਟ ਰਿਹਾ ਸੀ। ਹੈਰੀ ਸਮਿੱਥ ਨੇ ਉਨ੍ਹਾਂ ਗਿਣਤੀ ਦੇ ਸਿੱਖਾਂ ਉੱਤੇ ਸਾਰੀ ਫੌਜ ਨਾਲ ਧਾਵਾ ਬੋਲ ਦਿੱਤਾ। ਸਿੱਖ ਗਿਣਤੀ ਵਿਚ ਬਹੁਤ ਥੋੜ੍ਹੇ ਸਨ। ਸੋ ਮਾਮੂਲੀ ਝੜਪ ਪਿੱਛੋਂ ਉਹ ਦਰਿਆ ਸਤਲੁਜ ਵੱਲ ਹਟ ਗਏ। ਏਨੀ ਕੁ ਘਟਨਾ ਨੂੰ ਸਰਕਾਰੀ ਰਿਪੋਰਟ ਲਿਖਣ ਵਾਲਿਆਂ ਨੇ 'ਅਲੀਵਾਲ ਦੀ ਘਮਸਾਣ ਦੀ ਜੰਗ' ਤੇ 'ਹੈਨਰੀ ਹੈਰੀ ਸਮਿੱਥ ਦੀ ਸ਼ਾਨਦਾਰ ਫ਼ਤਹਿ' ਲਿਖ ਧਰਿਆ। ਡਾਕਟਰ ਐਂਡਰੀਊ ਐਡਮਜ਼, ਆਪਣੀ ਪੁਸਤਕ[੧] ਵਿਚ ਇਸ ਨੂੰ ਸਿਰਫ਼ 'ਚਿੱਠੀ ਪੱਤਰ ਦੀ ਲੜਾਈ' ਕਹਿੰਦਾ ਹੈ।

**ਰਾਜਾ ਗੁਲਾਬ ਸਿੰਘ ਵਜ਼ੀਰ ਬਣਿਆ**

ਇਨ੍ਹਾਂ ਹੀ ਦਿਨਾਂ ਵਿਚ ਸਿੱਖਾਂ ਨੇ ਇਕ ਹੋਰ ਭੁੱਲ ਕੀਤੀ। ਰਾਜਾ ਗੁਲਾਬ ਸਿੰਘ (ਡੋਗਰੇ ਧਿਆਨ ਸਿੰਘ ਦਾ ਵੱਡਾ ਭਰਾ) ਨੂੰ ਜੰਮੂ ਤੋਂ ਬੁਲਾ ਲਿਆ। ੨੭ ਜਨਵਰੀ ਨੂੰ ਉਹ ੩ ਹਜ਼ਾਰ ਡੋਗਰਾ ਫੌਜ ਸਣੇ ਲਾਹੌਰ ਆ ਗਿਆ। ਸਿੱਖ ਰਾਜ ਦੇ ਪੁਰਾਣੇ ਦੁਸ਼ਮਣ ਨੂੰ ਪੰਜਾਬ ਦਾ ਵਜ਼ੀਰ ਚੁੱਕ ਬਣਾਇਆ। ਉਹਦੀਆਂ ਵੀ ਚਿਰ ਦੀਆਂ ਆਸਾਂ ਨੂੰ ਫਲ ਲੱਗਣ ਦਾ ਸਮਾਂ ਆ ਗਿਆ। ਉਹ ਸ. ਜਵਾਹਰ ਸਿੰਘ ਦੇ ਸਮੇਂ ਤੋਂ ਹੀ ਅੰਗਰੇਜ਼ਾਂ ਨਾਲ ਚਿੱਠੀ ਪੱਤਰ ਕਰ ਰਿਹਾ ਸੀ, ਕਿ ਜੇ ਅੰਗਰੇਜ਼ ਉਸ ਨੂੰ ਪਹਾੜੀ ਇਲਾਕੇ ਦਾ ਸੁਤੰਤਰ ਮਹਾਰਾਜਾ ਮੰਨ ਲੈਣ, ਤਾਂ ਉਹ ਪੰਜਾਬ ਲੈਣ ਵਿਚ ਅੰਗਰੇਜ਼ਾਂ ਦੀ ਮਦਦ ਕਰਨ ਨੂੰ ਤਿਆਰ ਹੈ। ਫੇਰ ਸ਼ੁਰੂ ਨਵੰਬਰ, ੧੮੪੫ ਈ. ਵਿਚ ਉਸ ਨੇ ਅੰਗਰੇਜ਼ਾਂ ਵੱਲ ਆਦਮੀ ਭੇਜਿਆ, ਕਿ "ਸਿੱਖ ਲੜਾਈ ਉੱਤੇ ਤੁਲੇ ਹੋਏ ਹਨ। ਮੈਂ ਦਿਲੋਂ ਤੁਹਾਡੇ ਵੱਲ ਹਾਂ, ਤੇ ਲੋੜ ਪਈ 'ਤੇ ਤੁਹਾਡੀ ਮਦਦ ਕਰਾਂਗਾ।"[੨] ਦੱਸੋ, ਇਹੋ ਜਿਹੇ ਆਦਮੀ ਕੋਲੋਂ ਨੇਕੀ ਦੀ ਕੀ ਆਸ ਹੋ ਸਕਦੀ ਹੈ? ਚਾਰਲਸ ਗਫ ਨੇ ਇਹਦੀ ਬੜੀ ਢੁਕਵੀਂ ਤਸਵੀਰ ਖਿੱਚੀ ਹੈ। ਉਹ ਲਿਖਦਾ ਹੈ:- "ਇਸ ਵਿਚ ਕੋਈ ਸ਼ੱਕ ਨਹੀਂ, ਕਿ ਗੁਲਾਬ ਸਿੰਘ

ਬੜਾ ਲਾਇਕ ਆਦਮੀ ਸੀ, ਜਿਹੋ ਜਿਹਾ ਉਸਦਾ ਭਰਾ ਧਿਆਨ ਸਿੰਘ ਸਿਆਣਾ ਸੀ। ਇਹ ਵੀ ਬਿਲਕੁਲ ਪ੍ਰਗਟ ਹੈ ਕਿ ਗੁਲਾਬ ਸਿੰਘ ਪੱਥਰ-ਦਿਲ ਤੇ ਨਿੱਜੀ ਲਾਭ ਦਾ ਖਿਆਲ ਰੱਖਣ ਵਾਲਾ ਹਾਕਮ ਸੀ। ਉਹ ਇਹੋ ਜਿਹਾ ਬੰਦਾ ਸੀ ਕਿ ਜ਼ਿਮੀਂਦਾਰ ਦੀ ਆਖ਼ਰੀ ਕੌਡੀ ਵੀ ਆਪਣੀ ਜੇਬ ਵਿਚ ਪਾ ਲੈਂਦਾ ਤੇ ਵੈਰੀ ਨੂੰ ਰਾਹ ਵਿੱਚੋਂ ਕੰਡੇ ਵਾਂਗ ਕੱਢ ਦਿੰਦਾ, ਪਰ ਉਸ ਨੂੰ ਰਹਿਮ ਨਾ ਆਉਂਦਾ। ਜਦ ਤਕ ਉਹ ਕਿਸੇ ਨਾਲ ਵਫਾਦਾਰ ਰਹਿਣ ਵਿਚ ਆਪਣਾ ਲਾਭ ਸਮਝਦਾ, ਤਦ ਤਕ ਉਹਦੀ ਵਫ਼ਾਦਾਰੀ ਭਰੋਸੇਯੋਗ ਸੀ। ਇਹ ਬੁਰੀਆਂ ਖਸਲਤਾਂ ਕਈ ਦੇਸੀ ਸਰਦਾਰਾਂ ਵਿਚ ਸਨ, ਪਰ ਉਹਦੀਆਂ ਇਹ ਆਦਤਾਂ ਅਕਲ ਨੇ ਢੱਕੀਆਂ ਹੋਈਆਂ ਸਨ। ਕਿਹਾ ਜਾਂਦਾ ਹੈ ਕਿ ਉਹ ਰਹਿਮ ਤੇ ਖੁਲ੍ਹ-ਦਿਲੀ ਵਾਸਤੇ ਤਿਆਰ ਹੋ ਜਾਂਦਾ, ਜੇ ਉਹ ਸੋਚਦਾ, ਕਿ ਤਰਸਵਾਨ ਤੇ ਉੱਦਾਰ ਹੋਣ ਵਿਚ ਉਸ ਦਾ ਜ਼ਾਤੀ ਫਾਇਦਾ ਹੈ। ਅੰਗਰੇਜ਼ਾਂ ਨਾਲ ਵਫ਼ਾਦਾਰੀ ਉੱਤੇ ਭਰੋਸਾ ਕੀਤਾ ਜਾ ਸਕਦਾ ਸੀ, ਕਿਉਂਕਿ ਉਹ ਜਾਣਦਾ ਸੀ, ਕਿ ਏਸ ਵਫ਼ਾਦਾਰੀ ਵਿਚ ਹੀ ਲਾਭ ਸੀ। ਵਧੇਰੇ ਦਬਾਅ ਪਾਉਣ ਨਾਲ ਉਹ ਬੇਵਫਾ ਵੀ ਹੋ ਸਕਦਾ ਸੀ। ਪੰਜਾਬ ਵਿਚ ਹੋਰ ਇਹੋ ਜਿਹਾ ਕੋਈ ਆਦਮੀ ਨਹੀਂ ਸੀ, ਜੋ ਏਡੀ ਛੇਤੀ ਬੇਵਫਾ ਹੋ ਸਕੇ। ਮੁੱਕਦੀ ਗੱਲ, ਕਿਹਾ ਜਾ ਸਕਦਾ ਹੈ ਕਿ ਉਹਦਾ ਕੰਮ ਕਰਨ ਦਾ ਢੰਗ ਦਾਨਾਵਾਂ ਵਰਗਾ ਸੀ, ਜਦੋਂ ਕਿ ਦੂਜਿਆਂ ਦਾ ਵਿਹਾਰ ਚਲਾਕੀ ਦਾ ਸੀ।"[੩] ਏਸ ਕਰਨੀ ਦੇ ਮਾਲਕ ਗੁਲਾਬ ਸਿੰਘ ਨੂੰ ਪੰਜਾਬ ਦਾ ਵਜ਼ੀਰ ਬਣਾਇਆ ਗਿਆ।

ਅਲੀਵਾਲ ਦੀ ਲੜਾਈ ਤੋਂ ਕੁਝ ਦਿਨ ਪਿੱਛੋਂ ਲਾਲ ਸਿੰਘ ਤੇ ਤੇਜ ਸਿੰਘ, ਸਿੱਖ ਫੌਜ ਸਣੇ ਦਰਿਆਓਂ ਚੜ੍ਹਦੇ ਪਾਸੇ ਲੰਘ ਪਏ। ਉਸ ਵੇਲੇ ਅੰਗਰੇਜ਼ਾਂ ਦੀ ਹਾਲਤ ਬੜੀ ਖਰਾਬ ਸੀ। ਉਨ੍ਹਾਂ ਕੋਲ ਜੰਗੀ ਸਾਮਾਨ ਕੋਈ ਨਹੀਂ ਸੀ। ਫੌਜ ਇਧਰ-ਓਧਰ ਖਿੱਲਰੀ ਪਈ ਸੀ। ਜੇ ਸਿੱਖ ਜਰਨੈਲ ਦਿੱਲੀ ਤੋਂ ਆਉਂਦਾ ਸਾਮਾਨ ਲੁੱਟ ਲੈਂਦੇ ਤੇ ਖਿੱਲਰੀ-ਪੁੱਲਰੀ ਅੰਗਰੇਜ਼ਾਂ ਦੀ ਫੌਜ 'ਤੇ ਹਮਲਾ ਕਰ ਦਿੰਦੇ, ਤਾਂ ਅੰਗਰੇਜ਼ਾਂ ਦੀ ਜ਼ਰੂਰ ਹਾਰ ਹੁੰਦੀ। ਪਰ ਇਹ ਗੱਲ ਸੀ, ਜੋ ਸਿੱਖਾਂ ਦੇ ਦੇਸ-ਧਰੋਹੀ ਜਰਨੈਲ ਨਹੀਂ ਚਾਹੁੰਦੇ ਸਨ।

ਰਾਜਾ ਗੁਲਾਬ ਸਿੰਘ ਦੀ ਵਜ਼ਾਰਤ ਦੀ ਸਿੱਖਾਂ ਵਾਸਤੇ 'ਡੁੱਬਦੇ ਨੂੰ ਤਿਨਕੇ ਦਾ ਸਹਾਰਾ' ਵਾਲੀ ਗੱਲ ਸੀ। ਜੇ ਉਹ ਚਾਹੁੰਦਾ, ਤਾਂ ਇਸ ਲੜਾਈ ਨੂੰ ਲੰਮਾ ਕਰ ਸਕਦਾ ਸੀ, ਪਰ ਇਸ ਵਿਚ ਉਹਨੂੰ ਕੋਈ ਲਾਭ ਨਹੀਂ ਸੀ। ਅੰਤ ਉਹ ਸਭਰਾਵੀਂ ਪੁੱਜਾ। ਉਹਨੇ ਪਹਿਲਾਂ ਤਾਂ ਹਾਰੀ ਹੋਈ ਫੌਜ ਨੂੰ ਬੁਰਾ-ਭਲਾ ਕਿਹਾ ਕਿ ਉਨ੍ਹਾਂ ਬਲਵਾਨ ਗਵਾਂਢੀ ਨਾਲ ਕਿਉਂ ਲੜਾਈ ਛੇੜੀ ਹੈ ਤੇ ਫੇਰ ਅੰਗਰੇਜ਼ਾਂ ਨਾਲ ਸੌਦਾ-ਬਾਜ਼ੀ ਸ਼ੁਰੂ ਕਰ ਦਿੱਤੀ। ਗਵਰਨਰ ਜਨਰਲ ਇਹ ਵੇਖ ਕੇ ਬੜਾ ਖੁਸ਼ ਹੋਇਆ ਕਿ ਸਿੱਖ ਅਫਸਰ ਸੁਲ੍ਹਾ ਵਾਸਤੇ ਰਾਜ਼ੀ ਹਨ ਕਿਉਂਕਿ ਉਹ (ਗਵਰਨਰ ਜਨਰਲ) ਸਮਝਦਾ ਸੀ ਕਿ ਪੰਜਾਬ ਨੂੰ ਛੇਤੀ ਨਾਲ ਫ਼ਤਹਿ ਕਰ ਲੈਣਾ ਸੌਖਾ ਨਹੀਂ ਤੇ ਜੇ ਸਿੱਖਾਂ ਨੂੰ ਹੁਣ ਵੀ ਕੋਈ

ਲੜਾਉਣ ਵਾਲਾ ਹੁੰਦਾ ਤੇ ਦਰਿਆਓਂ ਉਰਾਰ ਅੰਮ੍ਰਿਤਸਰ, ਲਾਹੌਰ, ਮੁਲਤਾਨ ਆਦਿ ਕਿਲ੍ਹਿਆਂ ਵਿਚ ਇਕ-ਇਕ ਥਾਂ ਸਿੱਖ ਜੰਮ ਕੇ ਲੜਦੇ, ਤਾਂ ਇਹ ਜੰਗ ਬੜੀ ਲੰਮੀ ਹੋ ਜਾਂਦੀ ਤੇ ਉਹਦੇ ਨਤੀਜੇ ਬਾਬਤ ਵੀ ਕੁਝ ਕਹਿਣਾ ਔਖਾ ਹੁੰਦਾ। ਬੱਦੋਵਾਲ ਦੀ ਅਧੂਰੀ ਜਿਹੀ ਫ਼ਤਹਿ ਨੇ ਹਿੰਦੁਸਤਾਨ ਦਿਆਂ[੪] ਸ਼ਹਿਜ਼ਾਦਿਆਂ ਦੇ ਦਿਮਾਗ਼ ਵਿਚ ਹੋਰ ਹੀ ਖਿਆਲ ਪੈਦਾ ਕਰ ਦਿੱਤੇ ਸਨ ਤਾਂ ਇਸ ਲੰਮੀ ਜੰਗ ਦਾ ਅਸਰ ਹੋਣਾ ਵੀ ਜ਼ਰੂਰੀ ਸੀ।

ਸਿੱਖਾਂ ਤੇ ਅੰਗਰੇਜ਼ਾਂ ਦੋਹਾਂ ਦੇ ਲੀਡਰ ਇਸ ਜੰਗ ਨੂੰ ਛੇਤੀ ਖ਼ਤਮ ਕਰਨਾ ਚਾਹੁੰਦੇ ਸਨ। ਸੋ ਰਾਜਾ ਗੁਲਾਬ ਸਿੰਘ ਤੇ ਲਾਰਡ ਹਾਰਡਿੰਗ ਵਿਚ ਇਕ ਗੁਪਤ ਸਮਝੌਤਾ ਹੋ ਗਿਆ। "ਅੰਗੇਰਜ਼ਾਂ ਨੇ ਗੁਲਾਬ ਸਿੰਘ ਨੂੰ ਪਤਾ ਕਰ ਦਿੱਤਾ ਕਿ ਉਹ ਲਾਹੌਰ ਵਿਚ ਸਿੱਖਾਂ ਦੀ ਬਾਦਸ਼ਾਹੀ ਮੰਨਣ ਨੂੰ ਤਿਆਰ ਹਨ, ਪਰ ਸਿੱਖ ਲੀਡਰ ਪਹਿਲਾਂ ਆਪਣੀ ਫ਼ੌਜ ਨੂੰ ਬੇ-ਹਥਿਆਰ ਕਰ ਦੇਣ। ਮਗਰ ਰਾਜੇ ਨੇ ਫ਼ੌਜ ਨਾਲ ਐਸਾ ਵਰਤਾਉ ਕਰਨ ਤੋਂ ਆਪਣੇ ਆਪ ਨੂੰ ਅਸਮਰੱਥ ਪ੍ਰਗਟ ਕੀਤਾ, ਕਿਉਂਕਿ ਖ਼ਾਲਸਾ ਫ਼ੌਜ ਉਸ (ਗੁਲਾਬ ਸਿੰਘ) ਉੱਤੇ ਤੇ ਰਣਜੀਤ ਸਿੰਘ ਦੇ ਹੋਰ ਸ਼ੁਭਚਿੰਤਕਾਂ ਉੱਤੇ ਬੜਾ ਰੁਅਬ ਰੱਖਦੀ ਸੀ। ਇਸ ਮਜਬੂਰੀ ਨੂੰ ਉਸ ਨੇ ਜ਼ਾਤੀ-ਗ਼ਰਜ਼ ਵਾਸਤੇ ਬੜਾ ਵਧਾ ਕੇ ਦੱਸਿਆ। ਮਗਰ ਬਦਲੇ ਹੋਏ ਹਾਲਾਤ ਵਿਚ ਬਰਤਾਨਵੀ ਸ਼ੁਹਰਤ ਨੂੰ ਕਾਇਮ ਰੱਖਣ ਵਾਸਤੇ ਲਾਹੌਰ ਨਾਲ ਅਹਿਦਨਾਮਾ ਕਰਨਾ ਜ਼ਰੂਰੀ ਸੀ। ਦੋਹਾਂ ਧਿਰਾਂ ਨੇ ਇਹ ਗੁਪਤ ਫੈਸਲਾ ਕੀਤਾ ਕਿ ਅੰਗਰੇਜ਼ ਸਿੱਖ ਫੌਜ 'ਤੇ ਹਮਲਾ ਕਰਨ, ਤੇ ਜਦ ਉਹ ਹਾਰ ਜਾਏ, ਤਾਂ ਲਾਹੌਰ ਦਰਬਾਰ ਐਲਾਨੀਆ ਹਾਰੀ ਹੋਈ ਫ਼ੌਜ ਨੂੰ ਕੱਢ ਦੇਵੇ। ਸਤਲੁਜ ਦੇ ਰਾਹ ਵਿਚ ਕੋਈ ਰੁਕਾਵਟ ਨਾ ਹੋਵੇ ਤੇ ਲਾਹੌਰ ਵਾਲੀ ਸੜਕ ਜੇਤੂ ਅੰਗਰੇਜ਼ਾਂ ਵਾਸਤੇ ਖੁੱਲ੍ਹੀ ਹੋਵੇ। ਇਸ ਤਰ੍ਹਾਂ ਕੂਟਨੀਤੀ ਤੇ ਬੇਸ਼ਰਮੀ ਦੇ ਜਾਲ ਵਿਚ ਫਸ ਕੇ ਸਭਰਾਵਾਂ ਦੀ ਲੜਾਈ ਲੜੀ ਗਈ।"[੫]

ਲੀਡਰਾਂ ਦੀ ਬਦਨੀਤੀ ਕਰਕੇ ਪਹਿਲੀਆਂ ਚਾਰ ਲੜਾਈਆਂ ਵਿਚ ਸਿੱਖ ਫੌਜ ਕੁਝ ਕੱਟ ਮਰੀ, ਕੁਝ ਸਿਪਾਹੀ ਫੱਟੜ ਹੋਏ ਤੇ ਕੁਝ ਨੱਸ ਕੇ ਅੰਮ੍ਰਿਤਸਰ ਜਾ ਵੜੇ। ਜੋ ਬਾਕੀ ਬਚੇ, ਉਹ ਮਿਲ-ਮਿਲਾ ਕੇ ੨੦ ਹਜ਼ਾਰ ਦੇ ਲੱਗਭਗ ਫਤਹਿਗੜ੍ਹ ਦੇ ਮੈਦਾਨ ਵਿਚ ਆ ਕੱਠੇ ਹੋਏ। ਇਥੇ ਦਰਿਆ ਦੇ ਖੱਬੇ ਕੰਢੇ ਉੱਤੇ ਸਿੱਖਾਂ ਨੇ ਕੱਚਾ ਕਿਲ੍ਹਾ ਬਣਾਇਆ। ਇਹ ਮੋਰਚਾ ਅੱਧੇ ਚੰਦ ਵਾਂਗ ਦਰਿਆ ਦੇ ਨਾਲ-ਨਾਲ ਲੰਮਾਣ ਵਿਚ ਸੀ, ਜਿਸ ਦਾ ਵਿਚਲਾ ਹਿੱਸਾ ਦੱਖਣ ਨੂੰ ਦੁਸ਼ਮਣ ਵੱਲੋਂ ਉਭਰਵਾਂ ਸੀ। ਪਹਿਲੀਆਂ ਲੜਾਈਆਂ ਵਾਂਗ ਸਿਪਾਹੀਆਂ ਸਭ ਕੁਝ ਕੀਤਾ, ਪਰ ਜਰਨੈਲਾਂ ਕੁਝ ਵੀ ਨਾ ਕੀਤਾ। ਸਿੱਖਾਂ ਕੋਲ ੨੦੦ ਜ਼ੰਬੂਰਕੇ ਤੇ ੬੭ ਤੋਪਾਂ ਬਾਕੀ ਬਚੀਆਂ ਸਨ। ਜ਼ੰਬੂਰਕੇ ਮੋਰਚੇ ਦੇ ਅਗਲੇ ਹਿੱਸੇ ਵਿਚ ਦੁਸ਼ਮਣ ਵੱਲੇ ਬੀੜੇ ਹੋਏ ਸਨ ਤੇ ਦੂਰ ਮਾਰੂ ਤੋਪਾਂ ਦਰਿਆ ਦੇ ਪਿਛਲੇ ਕੰਢੇ ਕੱਚਿਆਂ ਥੜਿਆਂ ਉੱਤੇ ਸਨ। ਵਿਚਕਾਰ ਬੇੜੀਆਂ ਦਾ ਪੁਲ ਬੱਧਾ

ਹੋਇਆ ਸੀ, ਜਿਸ ਦੀ ਰਾਖੀ ਤੇਜ ਸਿੰਘ ਦੀ ਫੌਜ ਕਰ ਰਹੀ ਸੀ। ਇਸ ਤਰ੍ਹਾਂ ਮੋਰਚਾਬੰਦੀ ਕਰਕੇ ਸਿੱਖ ਮਰ-ਮਿੱਟਣ ਦੀ ਠਾਣ ਕੇ ਅੰਗਰੇਜ਼ਾਂ ਦੀ ਉਡੀਕ ਕਰ ਰਹੇ ਸਨ।

ਸ. ਸ਼ਾਮ ਸਿੰਘ ਅਟਾਰੀ ਵਾਲਾ ਜੰਗ ਦੀਆਂ ਖ਼ਬਰਾਂ ਰੋਜ਼ ਸੁਣਦਾ ਰਹਿੰਦਾ ਸੀ। ਮੁਦਕੀ ਤੇ ਫੇਰੂ ਸ਼ਹਿਰ ਦੀ ਹਾਰ ਉਹਦੇ ਸੀਨੇ ਵਿਚ ਕੰਡੇ ਵਾਂਗ ਰੜਕ ਰਹੀ ਸੀ। ਓਧਰੋਂ ਮਹਾਰਾਣੀ ਜਿੰਦ ਕੌਰ ਦੀ ਚਿੱਠੀ ਪਹੁੰਚੀ, ਜਿਸ ਨੇ ਬਿਨਾਂ ਅੱਗੋਂ ਭਾਂਬੜ ਮਚਾ ਦਿੱਤੇ। ਚਿੱਠੀ ਵਿਚ ਦੋਹਾਂ ਲੜਾਈਆਂ ਦਾ ਵੇਰਵਾ ਤੇ ਖਾਲਸਾ ਫੌਜ ਦੀ ਹਾਰ ਦੇ ਕਾਰਨ ਸਾਫ਼-ਸਾਫ਼ ਲਿਖੇ ਹੋਏ ਸਨ:

*ਚਿੱਠੀ ਲਿਖੀ ਮਹਾਰਾਣੀ ਨੇ ਸ਼ਾਮ ਸਿੰਘ ਨੂੰ,*
*''ਬੈਠ ਰਿਹੋਂ ਕੀ ਚਿੱਤ ਵਿਚ ਧਾਰ, ਸਿੰਘਾ!*
*ਦੋਵੇਂ ਜੰਗ 'ਮੁਦਕੀ' 'ਫੇਰੂ-ਸ਼ਹਿਰ' ਵਾਲੇ,*
*ਸਿੰਘ ਆਏ ਅੰਗਰੇਜ਼ਾਂ ਤੋਂ ਹਾਰ, ਸਿੰਘਾ!*
*ਕਾਹਨੂੰ ਹਾਰਦੇ, ਕਿਉਂ ਮਿਹਣੇ ਜੱਗ ਦੇਂਦਾ?*
*ਜਿਊਂਦੀ ਹੁੰਦੀ ਜੇ ਅੱਜ 'ਸਰਕਾਰ' ਸਿੰਘਾ!*
*ਤੇਗ ਸਿੰਘਾਂ ਦੀ ਤਾਂ ਖੁੰਢੀ ਨਹੀਂ ਹੋ ਗਈ,*
*ਐਪਰ ਆਪਣੇ ਹੋ ਗਏ ਗ਼ੱਦਾਰ ਸਿੰਘਾ!*
*''ਦੇਸ਼-ਧਰੋਹੀ ਵਜ਼ੀਰ, ਜਰਨੈਲ ਰਲ ਕੇ,*
*ਵੇਖ, ਕੌਮ ਦਾ ਮੁੱਲ ਕੀ ਪਾ ਰਹੇ ਨੇ।*
*ਚਾਈਂ ਚਾਈਂ ਗ਼ੁਲਾਮੀ ਦੀਆਂ ਬੇੜੀਆਂ ਪਾ,*
*ਉਹ ਪੰਜਾਬ ਦੀ ਅਣਖ ਮਿਟਾ ਰਹੇ ਨੇ।*
*''ਹੁਣ ਵੀ ਚਮਕੀ ਨਾ ਜੇ ਸਿੰਘਾ! ਤੇਗ਼ ਤੇਰੀ*
*ਤਾਂ ਫਿਰ ਸਾਰੇ ਨਿਸ਼ਾਨ ਮਿਟਾਏ ਜਾਸਨ।*
*ਤੇਰੇ ਲਾਡਲੇ ਕੌਰ ਦੀ ਹਿੱਕ ਉੱਤੇ,*
*ਕੱਲ੍ਹ ਨੂੰ ਗ਼ੈਰਾਂ ਦੇ ਝੰਡੇ ਝੁਲਾਏ ਜਾਸਨ।*
*ਪੁੱਟ ਸ਼ੇਰੇ-ਪੰਜਾਬ ਦੀ ਮੜ੍ਹੀ ਤਾਈਂ,*
*ਉਹਦੇ ਪੈਰਾਂ ਵਿਚ ਫੁੱਲ ਰੁਲਾਏ ਜਾਸਨ।*
*ਬਦਲੀ ਜਿੰਨ੍ਹੇ ਤਕਦੀਰ ਪੰਜਾਬ ਦੀ ਸੀ,*
*ਉਹਦੀ ਆਤਮਾ ਨੂੰ ਤੀਰ ਲਾਏ ਜਾਸਨ।*
*''ਅਜੇ ਸਮਾਂ ਹਈ, ਵਕਤ ਸੰਭਾਲ ਸਿੰਘਾ,*
*ਰੁੜ੍ਹੀ ਜਾਂਦੀ ਪੰਜਾਬ ਦੀ ਸ਼ਾਨ ਰੱਖ ਲੈ।*
*ਲਹਿੰਦੀ ਦਿੱਸੇ 'ਰਣਜੀਤ' ਦੀ ਪੱਗ ਮੈਨੂੰ,*

*ਮੋਏ ਮਿੱਤਰ ਦੀ ਯੋਧਿਆ! ਆਨ ਰੱਖ ਲੈ।"*
*ਚਿੱਠੀ ਪੜ੍ਹੀ ਤਾਂ ਦਿਲ 'ਚ ਭੁਚਾਲ ਆਇਆ,*
*ਕਿਸੇ ਰੋਹ ਵਿਚ ਆਣ ਸਰਦਾਰ ਉਠਿਆ।*
*ਚੜ੍ਹਿਆ ਖੂਨ ਨੇਤਰ ਲਾਲੋ ਲਾਲ ਹੋਏ।'*
*ਲੈ ਕੇ ਹੱਥ ਵਿਚ ਨੰਗੀ ਤਲਵਾਰ ਉਠਿਆ।*
*ਸੌਂਦੇ ਜਾਂਦੇ ਪੰਜਾਬ ਦੇ ਭਾਗ ਤਾਈਂ,*
*ਟੁੰਬਣ ਵਾਸਤੇ ਸ਼ੇਰ ਲਲਕਾਰ ਉੱਠਿਆ।*
*ਕਾਂਟਾ ਬੁਰੀ ਤਕਦੀਰ ਦਾ ਬਦਲਣੇ ਨੂੰ,*
*ਕੌਮੀ ਅਣਖ ਦੇ ਤਾਈਂ ਵੰਗਾਰ ਉੱਠਿਆ।*
*ਕੋਲ ਸੱਦ ਕੇ ਕਿਹਾ ਸਰਦਾਰਨੀ ਨੂੰ,*
*"ਲੈ ਮਿਆਨ ਆਹ ਉੱਚੀ ਲਟਕਾ ਛੱਡੀ।*
*ਕਿਸੇ ਜ਼ਿੰਦਾ ਜਰਨੈਲ ਦੀ ਯਾਦ ਹੈ ਇਹ,*
*ਇਹਨੂੰ ਦਾਗ਼ ਨਾ ਲੱਗੇ, ਸਮਝਾ ਛੱਡੀਂ।*
*"ਮਰਦੀ ਕੌਮ ਵਿਚ ਜ਼ਿੰਦਗੀ ਭਰਨ ਖ਼ਾਤਰ,*
*ਮੈਂ ਹੁਣ ਦੇਸ ਤੋਂ ਹੋਣ ਕੁਰਬਾਨ ਚੱਲਿਆਂ।*
*ਜਿਹੜੇ ਕੌਮੀ-ਗ਼ਦਾਰਾਂ ਨੇ ਦਾਗ਼ ਲਾਏ,*
*ਧੋ ਕੇ ਖੂਨ ਦੇ ਨਾਲ, ਮਿਟਾਣ ਚੱਲਿਆਂ।*
*ਜਿਹੜੇ ਦੇਸ-ਧਰੋਹੀਆਂ ਨੇ ਲਾਏ ਲੰਬੂ,*
*ਛੱਟੇ ਰੱਤ ਦੇ ਮਾਰ ਬੁਝਾਣ ਚੱਲਿਆਂ।*
*ਪਿੱਛੋਂ ਹੋਊ, ਸੋ ਵੇਖੇਗਾ ਜੱਗ ਸਾਰਾ,*
*ਮੈਂ ਤਾਂ ਆਪਣੀ ਤੋੜ ਨਿਭਾਣ ਚੱਲਿਆਂ।*
*"ਨਾ ਮੈਂ ਹੋਵਾਂਗਾ, ਨਾ ਇਹ ਪੰਜਾਬ ਹੋਸੀ*
*ਐਪਰ ਦਿਲਾਂ ਵਿਚ ਦੋਹਾਂ ਦੀ ਯਾਦ ਰਹਿਸੀ।*
*'ਸੀਤਲ' ਸੂਰਜ ਕੁਰਬਾਨੀ ਦਾ ਚਮਕਦਾ ਰਹੂ,*
*ਜਦੋਂ ਤੀਕ ਇਹ ਦੇਸ ਆਬਾਦ ਰਹਿਸੀ।"*

ਹੋਰ ਜਾਗੀਰਦਾਰ ਅਫ਼ਸਰਾਂ ਵਾਂਗ ਸ. ਸ਼ਾਮ ਸਿੰਘ ਕੋਲ ਵੀ ਆਪਣੀ ਨਿੱਜੀ ਫੌਜ ਸੀ। ਉਹ ਦੇਸ਼ ਦੀ ਆਜ਼ਾਦੀ ਨੂੰ ਬਚਾਉਣ ਵਾਸਤੇ ਆਖ਼ਰੀ ਯਤਨ ਕਰਨ ਲਈ, ਆਪਣੇ ਮੁੱਠੀ ਭਰ ਸੂਰਮਿਆਂ ਨੂੰ ਨਾਲ ਲੈ ਕੇ ਸਭਰਾਵਾਂ ਦੇ ਮੈਦਾਨ ਨੂੰ ਤੁਰ ਪਿਆ।

ਰਾਜਾ ਗੁਲਾਬ ਸਿੰਘ ਨਾਲ ਹੋਏ ਗੁਪਤ ਸਮਝੌਤੇ ਕਰਕੇ ਦੂਜੇ ਪਾਸੇ ਅੰਗਰੇਜ਼ਾਂ ਦੇ ਹੌਸਲੇ ਬਹੁਤ ਵਧ ਗਏ ਸਨ। ੭ ਫਰਵਰੀ ਨੂੰ ਦਿੱਲੀ ਤੋਂ ਨਵਾਂ ਜੰਗੀ ਸਾਮਾਨ, ਵੱਡੀਆਂ ਤੋਪਾਂ— ਜਿਨ੍ਹਾਂ ਨੂੰ ਹਾਥੀ ਖਿੱਚਦੇ ਸਨ ਤੇ ਕੁਝ ਸੱਜਰਸਾਹ ਫੌਜ ਆ ਗਈ।

੮ ਫਰਵਰੀ ਨੂੰ ਹਰੀ ਸਮਿੱਥ ਵੀ ਗਫ ਨੂੰ ਆ ਮਿਲਿਆ। ਸੋ ਉਨ੍ਹਾਂ ਨਵੇਂ ਹਮਲੇ ਦੀ ਤਿਆਰੀ ਕਰ ਦਿੱਤੀ। ੯ ਫਰਵਰੀ ਦਾ ਸਾਰਾ ਦਿਨ ਉਨ੍ਹਾਂ ਤਿਆਰੀ ਕਰਦਿਆਂ ਲੰਘਾ ਦਿੱਤਾ। ਸਾਰੀ ਫੌਜ ਨੂੰ ਇਸ ਤਰ੍ਹਾਂ ਤਿੰਨ ਹਿੱਸਿਆਂ ਵਿਚ ਵੰਡਿਆ: ਗਿਲਬਰਟ ਦੀ ਫੌਜ ਵਿਚਕਾਰ, ਸਰ ਰਾਬਰਟ ਡਿਕ (Robert Dick) ਖੱਬੇ ਹੱਥ ਤੇ ਹਰੀ ਸਮਿੱਥ ਸੱਜੇ ਹੱਥ। ਫੌਜ ਦੀ ਗਿਣਤੀ ਕਈਆਂ ਨੇ ਤਾਂ ਸਿਰਫ਼ ੧੫ ਹਜ਼ਾਰ ਲਿਖੀ ਹੈ ਤੇ ਕਈਆਂ ਨੇ ੧੫ ਹਜ਼ਾਰ ਪੈਦਲ, ੧੦ ਹਜ਼ਾਰ ਰਸਾਲਾ ਤੇ ੧੨੦ ਤੋਪਾਂ ਲਿਖਿਆ ਹੈ।

੭ ਫਰਵਰੀ ਨੂੰ ਲਾਲ ਸਿੰਘ ਦਾ ਨਿਕਲਸਨ ਤਕ ਗੁਪਤ ਚਿੱਠੀਆਂ ਪਹੁੰਚਾਉਣ ਵਾਲਾ ਨੌਕਰ ਨੂਰਦੀਨ ਪਠਾਣ ਕਸੂਰੀ, ਅੰਗਰੇਜ਼ਾਂ ਕੋਲ ਚਿੱਠੀ ਲੈ ਕੇ ਪੁੱਜਾ। ਇਸ ਚਿੱਠੀ ਵਿਚ ਲਾਲ ਸਿੰਘ ਨੇ ਸਿੱਖਾਂ ਦੇ ਕਿਲ੍ਹੇ (ਮੋਰਚੇ) ਦਾ ਨਕਸ਼ਾ ਦਿੱਤਾ ਸੀ, ਤੇ ਲਿਖਿਆ ਸੀ, "ਏਸ ਲੜਾਈ ਦਾ ਸੈਨਾਪਤੀ ਤੇਜ ਸਿੰਘ ਹੈ, ਪਰ ਇਸ ਵਿਚ ਕੋਈ ਹਰਜ਼ ਨਹੀਂ। ਉਹ ਆਪਣੇ ਬਚਨ 'ਤੇ ਪੱਕਾ ਹੈ ਤੇ ਵਿਤ ਅਨੁਸਾਰ ਅੰਗਰੇਜ਼ਾਂ ਦਾ ਭਲਾ ਕਰਨ ਦਾ ਯਤਨ ਕਰੇਗਾ। ਮੇਰੇ ਹੱਥ ਰਸਾਲਾ ਹੈ, ਤੇ ਮੈਂ ਉਹਨੂੰ ਇਧਰ-ਉਧਰ ਖਿਲਾਰ ਛੱਡਿਆ ਹੈ। ਨਾਲ ਹੀ ਸਿੱਖਾਂ ਦੇ ਮੋਰਚੇ ਦੀ ਦੱਖਣ ਦੀ ਬਾਹੀ ਬੜੀ ਕਮਜ਼ੋਰ ਹੈ। ਓਧਰ ਦੀ ਕੰਧ ਮਾੜੀ ਜਿਹੀ ਬਣੀ ਹੋਈ ਹੈ।"[੬]

ਹੋਰ ਸੁਣੋ: "ਕਲਕੱਤਾ ਰੀਵੀਊ, (ਜੂਨ, ੧੮੪੯ ਈ., ਪੰਨਾ ੫੪੯) ਭਾਵੇਂ ਲਾਲ ਸਿੰਘ ਤੇ ਤੇਜ ਸਿੰਘ ਦੀ ਗੱਦਾਰੀ 'ਤੇ ਸ਼ੱਕ ਕਰਦਾ ਹੈ, ਪਰ ਫੇਰ ਵੀ ਮੰਨਦਾ ਹੈ, ਕਿ ਲਾਲ ਸਿੰਘ ਨਾ ਸਿਰਫ ਨਿਕਲਸਨ ਨਾਲ ਚਿੱਠੀ ਪੱਤਰ ਹੀ ਕਰ ਰਿਹਾ ਸੀ, ਸਗੋਂ ੭ ਫਰਵਰੀ ੧੮੪੬ ਈ. ਨੂੰ- ਖਿਆਲ ਹੈ ਉਹਨੇ ਸਭਰਾਵਾਂ ਵਿਚ ਸਿੱਖਾਂ ਦੇ ਮੋਰਚੇ ਦਾ ਨਕਸ਼ਾ ਲਾਰੰਸ ਨੂੰ ਭੇਜਿਆ। ੧੯ ਦਸੰਬਰ, ੧੮੪੫ ਈ. ਨੂੰ ਮੁਦਕੀ ਦੀ ਲੜਾਈ ਤੋਂ ਅਗਲੇ ਦਿਨ, ਲਾਲ ਸਿੰਘ ਦਾ ਏਜੰਟ ਬਰਾਡਫੁਟ ਕੋਲ ਆਇਆ, ਜੋ ਝਾੜ ਪਾ ਕੇ ਕੱਢ ਦਿੱਤਾ ਗਿਆ। ਤੇਜ ਸਿੰਘ ਦੀ ਗ਼ਦਾਰੀ ਬਾਰੇ ਇਕ ਮੰਨਣ ਵਾਲੀ ਰਵਾਇਤ ਅਨੁਸਾਰ ਕਿਹਾ ਜਾ ਸਕਦਾ ਹੈ, ਕਿ ਉਨ੍ਹਾਂ ਦੀਆਂ ਤੋਪਾਂ ਦਾ ਬਾਰੂਦ ਛੇੜਿਆ ਗਿਆ ਤੇ ਬਹੁਤ ਸਾਰਾ ਨਕਾਰਾ ਕਰ ਦਿੱਤਾ ਗਿਆ ਹੈ।"[੭]

ਹੁਣ ਵੀ ਲਾਲ ਸਿੰਘ ਤੇ ਤੇਜ ਸਿੰਘ ਦੇ ਲੂਣ-ਹਰਾਮੀ ਹੋਣ 'ਤੇ ਕੋਈ ਸ਼ੱਕ ਹੈ? ਜਿੱਥੇ ਇਹੋ ਜਿਹੇ ਕੁਲ-ਘਾਤੀ ਲੀਡਰ ਹੋਣ, ਓਥੇ ਹੋਰ ਦੁਸ਼ਮਣਾਂ ਦੀ ਕੀ ਲੋੜ ਹੈ?

੧੦ ਫਰਵਰੀ, ੧੮੪੬ ਈ. ਦਾ ਸੂਰਜ ਅਜੇ ਨਿਕਲਣ ਵਾਲਾ ਸੀ, ਜਾਂ ਅੰਗਰੇਜ਼ਾਂ ਨੇ ਆਪਣੀਆਂ ਤੋਪਾਂ ਨੂੰ ਅੱਗ ਵਿਖਾਈ। ਅੱਗੋਂ ਉੱਤਰ ਵਿਚ ਸਿੱਖਾਂ ਨੇ ਵੀ ਤੋੜੇ ਦਾਗੇ। ਦੋਹਾਂ ਪਾਸਿਆਂ ਤੋਂ ਅੱਗ ਵਰ੍ਹਨ ਲੱਗੀ। ਤਿੰਨ ਘੰਟੇ ਲਗਾਤਾਰ ਗੋਲੇ ਵਰ੍ਹਦੇ ਰਹੇ, ਪਰ ਕੋਈ ਪਾਸਾ ਵੀ ਪੈਰਾਂ ਤੋਂ ਨਾ ਹਿੱਲਿਆ। ਪਿਛਲੀਆਂ ਚਾਰ ਲੜਾਈਆਂ ਵਿਚ, ਅੰਗਰੇਜ਼, ਸਿੱਖ ਸਿਪਾਹੀਆਂ ਦੀ ਬਹਾਦਰੀ ਵੇਖ ਚੁੱਕੇ ਸਨ। ਸਿੱਖਾਂ ਦਾ ਰੁਅਬ

ਗੋਰਾ ਫ਼ੌਜ 'ਤੇ ਦੇਸੀ ਫੌਜ ਦੋਹਾਂ ਦੇ ਦਿਲਾਂ 'ਤੇ ਬੈਠਾ ਹੋਇਆ ਸੀ। ਸੋ ਗਫ਼ ਨੇ ਚਾਰ ਪਲਟਨਾਂ (ਦਸਵੀਂ ਪੈਦਲ, ਮਲਕਾਂ ਦੀ ਤ੍ਰਿਵੰਜਵੀਂ ਪੈਦਲ, ਤਿਰਤਾਲਵੀਂ ਦੇਸੀ ਤੇ ਉਣੰਜਵੀਂ ਦੇਸੀ, ਸਣੇ ਤੋਪਖਾਨਾ)[੯] ਨਵੀਆਂ ਜੋ ਅੱਗੇ ਕਿਸੇ ਲੜਾਈ ਵਿਚ ਸਿੱਖਾਂ ਨਾਲ ਨਹੀਂ ਲੜੀਆਂ ਸਨ-ਸਿੱਖਾਂ 'ਤੇ ਹਮਲਾ ਕਰਨ ਵਾਸਤੇ ਤਜਵੀਜ਼ ਕੀਤੀਆਂ। ਸਰ ਰਾਬਰਟ ਡਿੱਕ ਨੇ ਇਹ ਚਾਰੇ ਪਲਟਨਾਂ ਲੈ ਕੇ ਲਾਲ ਸਿੰਘ ਦੇ ਦੱਸੇ ਮੁਤਾਬਿਕ ਦੱਖਣੀ ਹਿੱਸੇ 'ਤੇ ਹੱਲਾ ਕੀਤਾ। ਤੋਪਾਂ ਦੀ ਮਾਰ ਨੇ ਬਾਹੀ ਵਿਚ ਇਕ ਪਾੜ ਪਾ ਦਿੱਤਾ। ਗੁੱਸੇ ਵਿਚ ਸਿੱਖਾਂ ਨੇ ਉਹ ਅੱਗ ਵਰ੍ਹਾਈ, ਕਿ ਰਾਬਰਟ ਡਿੱਕ ਨੂੰ ਜ਼ਖਮੀ ਹੋ ਕੇ ਪਿੱਛੇ ਮੁੜਨਾ ਪਿਆ। ਸਿੱਖਾਂ ਨੇ ਉਹ ਮੋਰਚਾ ਫੇਰ ਪੱਕਾ ਕਰ ਲਿਆ। ਅੰਗਰੇਜ਼ ਵਾਰ ਵਾਰ ਹੱਲਾ ਕਰਦੇ ਤੇ ਖ਼ਾਲਸਾ ਫੌਜ ਦੀ ਫੌਲਾਦੀ ਕੰਧ ਨਾਲ ਟੱਕਰ ਖਾ ਕੇ ਵਾਪਸ ਮੁੜਦੇ। ਏਸ ਵੇਲੇ ਲਾਲ ਸਿੰਘ, ਸਣੇ ਆਪਣੀ ਫੌਜ ਦੇ, ਬਿਨਾਂ ਕਾਰਨ ਨੱਸ ਪਿਆ। ਥੋੜ੍ਹੀ ਦੇਰ ਪਿੱਛੋਂ ਤੇਜ ਸਿੰਘ ਵੀ-ਸਣੇ ਆਪਣੀ ਛੇ ਹਜ਼ਾਰ ਫ਼ੌਜ ਦੇ ਨੱਸ ਉੱਠਿਆ ਤੇ ਜਾਂਦਾ-ਜਾਂਦਾ ਬਾਰੂਦ ਭਰੀਆਂ ਬੇੜੀਆਂ ਦਰਿਆ ਵਿਚ ਡੋਬ ਗਿਆ। ਜੋ ਪੁੱਲ ਸਿੱਖਾਂ ਨੇ ਦਰਿਆ ਉੱਤੇ ਬੱਧਾ ਸੀ ਤੇ ਜੀਹਦੀ ਰਾਖੀ ਤੇਜ ਸਿੰਘ ਕਰ ਰਿਹਾ ਸੀ, ਉਹ ਉਸ ਵਿੱਚੋਂ ਦੋ ਬੇੜੀਆਂ ਡੋਬ ਕੇ ਪੁਲ ਵੀ ਤੋੜ ਗਿਆ।

ਜਰਨੈਲਾਂ ਤੋਂ ਸੱਖਣੀ ਫੌਜ ਘਬਰਾ ਉੱਠੀ। ਲੜਨ ਵਾਲੇ ਸਨ, ਪਰ ਲੜਾਉਣ ਵਾਲਾ ਕੋਈ ਨਹੀਂ ਸੀ। ਏਨੇ ਨੂੰ ਤੋਪਚੀਆਂ ਵੱਲੋਂ ਸਾਰੇ ਦੁਹਾਈ ਫਿਰ ਗਈ, ਕਿ ਨਵੀਆਂ ਪੇਟੀਆਂ ਖੋਲ੍ਹਣ 'ਤੇ ਉਨ੍ਹਾਂ ਵਿੱਚੋਂ ਬਾਰੂਦ ਦੀ ਥਾਂ ਰੇਤ ਤੇ ਸਰ੍ਹੋਂ ਨਿਕਲਦੀ ਹੈ।

ਹੁਣ ਕੀ ਕੀਤਾ ਜਾਵੇ? ਸਾਹਮਣੀ ਬਾਹੀ ਦੇ ਜ਼ੰਬੂਰਕੇ ਖਾਲੀ ਪਏ ਸਨ। ਬੰਦੂਕਚੀਆਂ ਨੂੰ ਬਾਰੂਦ ਮਿਲਣਾ ਬੰਦ ਹੋ ਗਿਆ ਸੀ। ਦਰਿਆ ਦੇ ਪਿਛਲੇ ਪਾਸੇ ਬੀੜੀਆਂ ਹੋਈਆਂ ਦੂਰ-ਮਾਰੂ ਤੋਪਾਂ ਦੇ ਗੋਲੇ ਅੰਗਰੇਜ਼ੀ ਫੌਜ ਦੇ ਉੱਪਰ ਦੀ ਅਗਲੇ ਪਾਸੇ ਜਾ ਕੇ ਪੈਂਦੇ ਸਨ, ਕਿਉਂਕਿ ਉਨ੍ਹਾਂ ਤੋਪਾਂ ਦੇ ਚਲਾਉਣ ਵਾਲੇ ਮੁਸਲਮਾਨ ਸਨ ਜੋ ਤੋਪਾਂ ਦੇ ਮੂੰਹ ਉੱਚੇ ਕਰਕੇ ਚਲਾਉਂਦੇ ਸਨ, ਤਾਂ ਕਿ ਦੁਸ਼ਮਣ ਦਾ ਕੋਈ ਨੁਕਸਾਨ ਨਾ ਹੋਵੇ। ਅੰਤ ਇਹ ਤੋਪਾਂ ਵੀ ਹੌਲੀ-ਹੌਲੀ ਚੱਲਣੋਂ ਬੰਦ ਹੋ ਗਈਆਂ।

ਏਨੇ ਤਕ ਵਿਰੋਧੀ ਫੌਜਾਂ ਦੋ-ਤਿੰਨ ਥਾਵਾਂ ਤੋਂ ਸਿੱਖਾਂ ਦੇ ਮੋਰਚੇ ਵਿਚ ਦਾਖਲ ਹੋ ਗਈਆਂ। ਸਿੱਖ ਵੀ ਲੱਗੇ ਖਿਲਰਨ। ਐਨ ਏਸ ਵੇਲੇ ਸ. ਸ਼ਾਮ ਸਿੰਘ ਅਟਾਰੀ ਵਾਲਾ ਮੈਦਾਨ ਵਿਚ ਪਹੁੰਚ ਗਿਆ। ਚਿੱਟਾ ਨੂਰਾਨੀ ਦਾੜ੍ਹਾ, ਚਿੱਟੀ ਪੁਸ਼ਾਕ ਵਿਚ ਸਜਿਆ ਹੋਇਆ ਉਹ ਸਫੈਦ ਘੋੜੇ ਉੱਤੇ ਸ਼ੋਭ ਰਿਹਾ ਸੀ। ਉਹ ਮੋਰਚੇ ਦੀ ਹਾਲਤ ਵੇਖ ਕੇ ਹੈਰਾਨ ਰਹਿ ਗਿਆ। ਸ਼ਹੀਦੀ ਤੋਂ ਬਿਨਾਂ ਹੋਰ ਸਭ ਦਰਵਾਜ਼ੇ ਬੰਦ ਹੋ ਚੁੱਕੇ ਸਨ, ਉਹ ਕੌਮੀ ਪਰਵਾਨਾ; ਅਣਖ ਦਾ ਪੁਤਲਾ, ਖਾਲਸਾ ਫੌਜ ਨੂੰ ਮਰ-ਮਿਟਣ ਵਾਸਤੇ ਇਉਂ ਲਲਕਾਰਨ ਲੱਗਾ:

*ਸ਼ਾਮ ਸਿੰਘ ਤਲਵਾਰ ਲਿਸ਼ਕਾਵੰਦਾ*

*ਵਿਚ ਖਲਾ ਏ ਦਲਾਂ ਦੇ ਆ*
*ਕਹਿੰਦਾ, ਹੋਸ਼ ਸੰਭਾਲੋ ਖ਼ਾਲਸਾ*
*ਕਿਉਂ ਚੱਲੇ ਜੇ ਸਿੱਖੀ ਨੂੰ ਦਾਗ਼ ਲਾ?*
*ਕਿਹੜੇ ਸ਼ੌਕ ਨੂੰ ਸੀ ਤੇਗ਼ਾਂ ਚੁੱਕੀਆਂ*
*ਅੰਤ ਨੱਸਣਾ ਸੀ ਕੰਡ ਜੇ ਵਿਖਾ?*
*ਤਾਹਨੇ ਦੇਵੰਦੀ ਹੈ ਰੂਹ 'ਰਣਜੀਤ' ਦੀ*
*ਹਾਰ ਆਏ ਦੁਸ਼ਮਣਾਂ ਤੋਂ ਖਾ*
*ਹੱਥੀਂ ਪਾਇਕੇ ਗ਼ੁਲਾਮੀ ਦੀਆਂ ਬੇੜੀਆਂ*
*ਜਿਉਂਦੇ ਰਹੋਗੇ ਕੀ ਅਣਖ ਗੁਆ*
*ਤੁਸੀਂ ਪੁੱਤਰ ਗੁਰੂ ਗੋਬਿੰਦ ਸਿੰਘ ਦੇ*
*ਦੀਪ ਸਿੰਘ ਦੇ ਹੋ ਵੀਰ ਭਰਾ*
*ਜਿੰਨ੍ਹੇ ਕਟਕ ਦੁਰਾਨੀਆਂ ਦੇ ਮਾਰ ਕੇ*
*ਸ਼ਾਨ ਸਿੱਖੀ ਵਾਲੀ ਲਈ ਸੀ ਬਚਾ*
*ਉੱਠੋ ਸੂਤ ਲੌ ਭਗੌਤੀਆਂ ਸੂਰਿਓ*
*ਦਿਓ ਵੈਰੀਆਂ ਦੇ ਸੱਥਰ ਵਿਛਾ*
*ਸ਼ਾਨ ਖ਼ਾਲਸੇ ਦੀ ਨਾਲ ਪੰਜਾਬ ਦੇ*
*ਕਿਤੇ ਦੋਵੇਂ ਹੀ ਨਾ ਬਿਹੋ ਜੇ ਲੁਟਾ*
*ਮਰਨਾ ਦੇਸ ਲਈ ਭਲਾ ਹੈ 'ਸੀਤਲਾ'*
*ਲਵੋ ਮਰਤਬੇ ਸ਼ਹੀਦੀ ਪਾ*

ਸ. ਸ਼ਾਮ ਸਿੰਘ ਨੂੰ ਵੇਖ ਕੇ ਸਿਪਾਹੀਆਂ ਵਿਚ ਨਵੀਂ ਜ਼ਿੰਦਗੀ ਆ ਗਈ। ਘਬਰਾਏ ਹੋਏ ਸਿਪਾਹੀ ਫੇਰ ਮਰ-ਮਿਟਣ ਵਾਸਤੇ ਤਿਆਰ ਹੋ ਗਏ। ਅਫ਼ਸੋਸ! ਇਨ੍ਹਾਂ ਦਾ ਇਹ ਜੋਸ਼ ਤੇ ਉੱਦਮ ਕਿਸੇ ਲੇਖੇ ਨਹੀਂ ਸੀ, ਕਿਉਂਕਿ ਬਾਰੂਦ ਬਿਲਕੁਲ ਮੁੱਕ ਚੁੱਕਾ ਸੀ ਤੇ ਨਵੀਆਂ ਪੇਟੀਆਂ ਵਿੱਚੋਂ ਬਾਰੂਦ ਦੀ ਥਾਂ ਤੇਜ ਸਿੰਘ ਦੀ ਗ਼ੱਦਾਰੀ, ਸਰ੍ਹੋਂ ਤੇ ਰੇਤ ਦੇ ਰੂਪ ਵਿਚ ਨਿਕਲ ਰਹੀ ਸੀ। ਹੁਣ ਸਿੱਖ ਫੌਜ ਵਾਸਤੇ ਦੋਵੇਂ ਰਾਹ ਰਹਿ ਗਏ ਸਨ, ਜਾਂ ਕਾਇਰਾਂ ਵਾਂਗ ਦੁਸ਼ਮਣ ਸਾਹਮਣੇ ਹਥਿਆਰ ਰੱਖ ਦੇਣ ਤੇ ਜਾਂ ਮੈਦਾਨ ਵਿਚ ਕੱਟ ਮਰਨ, ਜਿੱਤ ਦੀ ਆਸ ਜਾਂਦੀ ਰਹੀ ਸੀ। ਸ਼ਾਬਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਨਾਦੀ ਸਪੁੱਤਰਾਂ ਦੇ, ਚੁਫੇਰਿਓਂ ਦੁਸ਼ਮਣ ਦੀਆਂ ਸੰਗੀਨਾਂ ਤੇ ਬੰਦੂਕਾਂ ਨਾਲ ਘਿਰਿਆਂ ਹੋਇਆਂ ਵੀ ਕਿਸੇ ਸਿੱਖ ਨੇ ਹਥਿਆਰ ਰੱਖ ਕੇ ਪ੍ਰਾਣਾਂ ਦੀ ਭਿੱਛਿਆ ਨਹੀਂ ਮੰਗੀ, ਸਗੋਂ ਹਰ ਥਾਂ ਵੈਰੀਆਂ ਦਾ ਟਾਕਰਾ ਕਰਦੇ ਰਹੇ।[੯]

ਸ. ਸ਼ਾਮ ਸਿੰਘ ਨੇ ਲਲਕਾਰ ਕੇ ਕਿਹਾ: "ਖਾਲਸਾ ਜੀ! ਹੁਣ ਵੇਲਾ ਹੈ ਕਿ ਤੁਸੀਂ ਗੁਰੂ ਮਹਾਰਾਜ ਦੇ ਅੰਮ੍ਰਿਤ ਦੀ ਸ਼ਕਤੀ ਵਿਖਾਵੋ। ਮੌਤ ਤੁਹਾਡੇ ਸਾਹਮਣੇ ਮੂੰਹ

ਅੱਡੀ ਖਲੀ ਹੈ। ਪਿਛਲੇ ਪਾਸੇ ਖੂਨੀ ਦਰਿਆ ਤੇ ਅਗਲੇ ਪਾਸੇ - ਕਾਲ ਦਾ ਰੂਪ-ਦੁਸ਼ਮਣ ਦੀਆਂ ਤੋਪਾਂ ਹਨ। ਤੋਪਾਂ ਤੇ ਬੰਦੂਕਾਂ ਬਾਰੂਦ ਖੁਣੋਂ ਬੇਕਾਰ ਪਈਆਂ ਹਨ। ਹੁਣ ਤਾਂ ਨਿੱਤ ਦੀ ਸੰਗਣ, ਕਲਗੀਧਰ ਦੀ ਬਖ਼ਸ਼ੀ ਹੋਈ ਤਲਵਾਰ ਹੀ ਬਾਕੀ ਹੈ। ਸ਼ੇਰੋ, ਸਾਵਧਾਨ ਹੋਵੋ ਤੇ ਦੁਸ਼ਮਣ ਦੇ ਗ਼ੁਲਾਮ ਬਣ ਕੇ ਜਿਊਣ ਨਾਲੋਂ ਮਰਦਾਂ ਦੀ ਮੌਤ ਮਰੋ ਤੇ ਦੇਸ ਦੀ ਖ਼ਾਤਰ ਸ਼ਹੀਦ ਹੋ ਕੇ ਸੱਚਖੰਡ ਜਾਓ।"

ਅੱਗੋਂ ਖਾਲਸਾ ਫ਼ੌਜ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਅਸਮਾਨ ਗੁੰਜਾ ਦਿੱਤਾ। ਸਿੱਖ ਸਿਪਾਹੀ ਤਲਵਾਰਾਂ ਧੂਹ ਕੇ ਮਰ-ਮਿਟਣ ਵਾਸਤੇ ਤਿਆਰ ਹੋ ਖਲੇ। ਸ. ਸ਼ਾਮ ਸਿੰਘ ਨੇ ੫੦ ਨੰਬਰ ਪਲਟਣ ਉੱਤੇ ਹੱਲਾ ਬੋਲ ਦਿੱਤਾ।

*ਸ਼ਾਮ ਸਿੰਘ ਸਰਦਾਰ ਆ ਰਣ ਅੰਦਰ ਵੜਿਆ*
*ਚਿਹਰਾ ਸੂਹਾ ਦਮਕਦਾ ਖੂਨ ਅੱਖੀਂ ਚੜ੍ਹਿਆ*
*ਫਰਕਣ ਡੌਲੇ ਸ਼ੇਰ ਦੇ ਹੱਥ ਖੰਡਾ ਫੜਿਆ*
*ਗੱਜਦਾ ਦੁਸ਼ਮਣ ਫੌਜ ਦੇ ਆ ਸਾਹਵੇਂ ਖੜ੍ਹਿਆ*
*ਹੱਥੋਂ ਹੱਥੀਂ ਚਾਹੁੰਦਾ ਵੈਰੀ ਨਾਲ ਲੜਿਆ*
*(ਉਸ) ਭੇਟ ਚੜ੍ਹਾਇਆ ਤੇਗ ਦੀ ਜੋ ਅੱਗੇ ਅੜਿਆ*
*ਸ਼ਾਮ ਸਿੰਘ ਸਰਦਾਰ ਨੇ ਹੱਥ ਫੜੀ ਭਵਾਨੀ*
*ਲਿਸ਼ਕ ਡਰਾਵੇ ਵੈਰੀਆਂ ਬਿਜਲੀ ਅਸਮਾਨੀ*
*ਫੇਰ ਦੁਰ੍ਹਾਈਂ ਚਾਹੁੰਦਾ ਜੱਗ ਵਿਚ ਕਹਾਨੀ*
*ਸੁੱਟੇ ਸੀ ਜਿਉਂ 'ਦੀਪ ਸਿੰਘ' ਕਰ ਘਾਇਲ ਦੁਰਾਨੀ*
*ਵਧ ਵਧ ਤੇਗਾਂ ਮਾਰਦਾ 'ਅਰਜਨ' ਦਾ ਸਾਨੀ*
*ਭਾਲੇ ਖੰਡੇ ਧਾਰ 'ਚੋਂ ਨਿਤ ਦੀ ਜ਼ਿੰਦਗਾਨੀ*
*ਉਸ ਬੁੱਢੇ ਜਰਨੈਲ 'ਤੇ ਮੁੜ ਚੜ੍ਹੀ ਜੁਆਨੀ*
*ਢਾਡੀ ਵਾਰਾਂ ਗਾਉਣਗੇ ਜੱਗ ਰਹੂ ਨਸ਼ਾਨੀ।*

ਸਿੱਖ ਫੌਜ ਦੇ ਇਸ ਹੱਲੇ ਨੇ ਅੰਗਰੇਜ਼ੀ ਪਲਟਣਾਂ ਦੇ ਪੈਂਤੜੇ ਹਿਲਾ ਦਿੱਤੇ। ਉਨ੍ਹਾਂ ਦੀਆਂ ਪਾਲਾਂ ਤੋੜ ਦਿੱਤੀਆਂ, ਸਫ਼ਾਂ ਉਲਟ ਦਿੱਤੀਆਂ ਤੇ ਪੈਰ ਉਖੇੜ ਦਿੱਤੇ। ਪਿੱਛੋਂ ਅੰਗਰੇਜ਼ੀ ਤੋਪਾਂ ਨੇ ਹੋਰ ਜ਼ੋਰ ਨਾਲ ਅੱਗ ਵਰ੍ਹਾਈ। ਅੰਗਰੇਜ਼ੀ ਫੌਜ ਨੇ ਸੰਗੀਨਾਂ ਨਾਲ ਸਿੱਖਾਂ 'ਤੇ ਹੱਲਾ ਕੀਤਾ। ਇਸ ਸਮੇਂ ਸ. ਸ਼ਾਮ ਸਿੰਘ ੭ ਗੋਲੀਆਂ ਖਾ ਕੇ ਘੋੜੇ ਤੋਂ ਥੱਲੇ ਡਿੱਗਾ। ਉਹ ਆਜ਼ਾਦੀ ਦਾ ਪੁਜਾਰੀ ਤੇ ਕੁਰਬਾਨੀ ਦਾ ਦੇਵਤਾ ਸ਼ਹੀਦ ਹੋ ਕੇ ਸੱਚਖੰਡ ਜਾ ਵੱਸਿਆ। ਉਸ ਦੇ ਨਾਲ ਹੀ ਸ. ਮੇਵਾ ਸਿੰਘ ਤੇ ਸ. ਜੈਮਲ ਸਿੰਘ 'ਨਿਹੰਗ' ਸ਼ਹੀਦ ਹੋਏ।

ਸ. ਸ਼ਾਮ ਸਿੰਘ ਦੇ ਸ਼ਹੀਦ ਹੋ ਜਾਣ ਨਾਲ ਖਾਲਸਾ ਫੌਜ ਦੇ ਹੌਸਲੇ ਟੁੱਟ ਗਏ। ਤੋਪਾਂ ਤੇ ਬੰਦੂਕਾਂ ਸਾਹਮਣੇ ਤਲਵਾਰਾਂ ਕਿੰਨਾ ਕੁ ਚਿਰ ਟਿਕ ਸਕਦੀਆਂ? ਸਿੱਖ ਫੌਜ

ਵਿਚ ਭਾਜੜ ਪੈ ਗਈ। ਜਿਸ ਪਾਸੇ ਕਿਸੇ ਦਾ ਮੂੰਹ ਹੋਇਆ, ਉੱਠ ਨੱਠਾ। ਪਰ ਨੱਸਦੇ ਸਿੱਖ ਦੀ ਤਲਵਾਰ ਵੀ ਵੈਰੀ ਦੇ ਲਹੂ ਵਿਚ ਡੁੱਬੇ ਬਿਨਾਂ ਨਹੀਂ ਰਹਿੰਦੀ ਸੀ।

ਇਸ ਵੇਲੇ ਇਥੋਂ ਦਾ ਨਜ਼ਾਰਾ ਵੇਖ ਕੇ ਦਿਲ ਦਹਿਲ ਜਾਂਦਾ ਸੀ। ਤਿੰਨ-ਚਾਰ ਮੀਲ ਲਮਾਣ 'ਤੇ ਮੀਲ-ਡੇਢ-ਮੀਲ ਚੁੜਾਨ ਵਿਚ ਲੋਥ 'ਤੇ ਲੋਥ ਚੜ੍ਹੀ ਪਈ ਸੀ। ਸਾਰੀ ਧਰਤੀ ਲਹੂ ਨਾਲ ਰੌਣੀ ਹੋਈ ਪਈ ਸੀ। ਕਿਤੇ ਕਿਸੇ ਸਿੱਖ ਦੇ ਕੇਸ ਖਿੱਲਰੇ ਪਏ ਤੇ ਕਿਤੇ ਕਿਸੇ ਗੋਰੇ ਦੀ ਝੰਡ ਪਈ ਉੱਡਦੀ ਸੀ। ਸਤਲੁਜ ਦਾ ਪਾਣੀ ਲਹੂ-ਰੰਗਾ ਹੋ ਕੇ ਵਗ ਰਿਹਾ ਸੀ ਤੇ ਵਿਚ ਮੱਛੀਆਂ ਵਾਂਗ ਸਿੱਖਾਂ ਦੀਆਂ ਲੋਥਾਂ ਤਰਦੀਆਂ ਜਾ ਰਹੀਆਂ ਸਨ। ਅੰਗਰੇਜ਼ੀ ਫੌਜ ਦੇ ਹੰਕਾਰੀ ਸਿਪਾਹੀ, ਰੁੜ੍ਹੇ ਜਾਂਦੇ ਜ਼ਖਮੀ ਸਿੱਖਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਰਹੇ ਸਨ। ਕੁਝ ਸਿੱਖ ਮੈਦਾਨ ਵਿਚ ਵੈਰੀ ਦੀਆਂ ਗੋਲੀਆਂ ਦਾ ਨਿਸ਼ਾਨਾ ਬਣ ਗਏ, ਕੁਝ ਦਰਿਆ ਵਿਚ ਰੁੜ੍ਹ ਗਏ, ਜਿਹੜੇ ਬਚੇ, ਉਹ ਅੰਮ੍ਰਿਤਸਰ ਜਾ ਇਕੱਠੇ ਹੋਏ। ਅਫਸੋਸ, ਜੇ ਕਿਤੇ ਲਾਲ ਸਿੰਘ, ਤੇਜ ਸਿੰਘ ਤੇ ਗੁਲਾਬ ਸਿੰਘ ਡੋਗਰਾ ਸਿੱਖਾਂ ਨਾਲ ਗੱਦਾਰੀ ਨਾ ਕਰਦੇ, ਤਾਂ....

੧੦ ਫਰਵਰੀ ਦੁਪਹਿਰ ਤਕ ਅੰਗਰੇਜ਼ਾਂ ਨੇ ਪੂਰੀ ਜਿੱਤ ਹਾਸਲ ਕਰ ਲਈ। ਸਿੱਖਾਂ ਦੀਆਂ ੬੦ ਤੋਪਾਂ ਤੇ ੨੦੦ ਜ਼ੰਬੂਰਕੇ ਜੇਤੂਆਂ ਦੇ ਹੱਥ ਆਏ। ਇਸ ਲੜਾਈ ਵਿਚ ਅੰਗਰੇਜ਼ਾਂ ਦੇ ਵੱਡੇ ਅਫਸਰ ੧੩ ਮਰੇ ਤੇ ੧੦੧ ਅਫਸਰ ਜ਼ਖਮੀ[੧੦] ਹੋਏ। ਕੁੱਲ ਨੁਕਸਾਨ ੩੨੦ ਆਦਮੀ ਮਰੇ ਤੇ ੨੦੬੩ ਜ਼ਖਮੀ[੧੧] ਹੋਏ। ਸਿੱਖਾਂ ਦੇ ਨੁਕਸਾਨ ਦਾ ਠੀਕ ਅੰਦਾਜ਼ਾ ਕੌਣ ਲਾਉਂਦਾ? ਕੀ ਉਨ੍ਹਾਂ ਜਰਨੈਲਾਂ ਨੇ ਪੜਤਾਲ ਕਰਨੀ ਸੀ, ਜਿਹੜੇ ਫੌਜ ਨੂੰ ਮੌਤ ਦੇ ਮੂੰਹ ਵਿਚ ਧੱਕਾ ਦੇ ਕੇ ਆਪ ਘਰ ਜਾ ਵੜੇ ਸਨ? ਸੋ ਸਿੱਖਾਂ ਦੇ ਨੁਕਸਾਨ ਦਾ ਅੰਦਾਜ਼ਾ ਅੱਡੋ-ਅੱਡ ਲਿਖਾਰੀਆਂ ਨੇ ੫ ਤੇ ੮ ਹਜ਼ਾਰ ਵਿਚ ਕੀਤਾ ਹੈ।

ਸਤਲੁਜ ਦੀਆਂ ਲੜਾਈਆਂ ਵਿਚ ਸਿੱਖ ਹਾਰ ਗਏ। ਪਰ ਹਾਰੇ ਕਿਉਂ? ਇਸ ਦਾ ਉੱਤਰ ਬਹੁਤ ਸਾਰਾ ਆਪ ਪੜ੍ਹ ਚੁੱਕੇ ਹੋ ਤੇ ਕੁਝ ਦਲੀਲਾਂ ਮੈਂ ਹੇਠ ਲਿਖਦਾ ਹਾਂ। ਸਿੱਖ ਸਿਪਾਹੀਆਂ ਦੇ ਚਲਨ ਤੇ ਸੈਨਾਪਤੀਆਂ ਦੀ ਕਰਤੂਤ ਬਾਰੇ ਵੱਖ-ਵੱਖ ਲਿਖਾਰੀਆਂ ਨੇ ਇਉਂ ਲਿਖਿਆ ਹੈ:

ਮੈਕਗ੍ਰੇਗਰ ਆਪਣੀ ਕਿਤਾਬ ਵਿਚ ਥਾਂ-ਥਾਂ ਇਉਂ ਲਿਖਦਾ ਹੈ (ਪੰਨਾ ੫੧) "ਇਹ ਕਦੇ ਨਹੀਂ ਭੁੱਲਣਾ ਚਾਹੀਦਾ, ਕਿ ਸਿੱਖ ਕੁਦਰਤੀ ਤੌਰ 'ਤੇ 'ਸਿਪਾਹੀ' ਹੈ। ਉਹ ਹੋਰ ਕਿਸੇ ਨੌਕਰੀ ਦੀ ਪਰਵਾਹ ਨਹੀਂ ਕਰਦਾ, ਜੋ ਉਸ ਦੇ ਧਾਰਮਿਕ ਅਸੂਲ ਦੇ ਉਲਟ ਹੋਵੇ। ਉਸ ਦੀ ਜ਼ਿੰਦਗੀ ਦਾ ਨਿਸ਼ਾਨਾ ਲੜਨਾ ਹੈ।... (ਪੰਨਾ ੮੮) ਸਿੱਖ ਕੌਮ ਨੂੰ ਜੰਗੀ ਫਿਰਕਾ ਬਣਾਉਣ ਦਾ ਸਿਹਰਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਿਰ ਹੈ। ਅਸੂਲ ਅਨੁਸਾਰ ਹਰ ਇਕ ਸਿੱਖ ਵਾਸਤੇ ਤਲਵਾਰ ਰੱਖਣੀ ਜ਼ਰੂਰੀ ਹੈ ਤੇ ਉਸ ਦੀ ਜ਼ਿੰਦਗੀ ਦਾ ਪਰਮ ਧਰਮ ਯੁੱਧ ਹੈ... (ਪੰਨਾ ੮੯)। ਧਾਰਮਿਕ ਵਿਸ਼ਵਾਸ ਅਨੁਸਾਰ ਉਹ ਤਲਵਾਰ ਨੂੰ ਮਿਆਨ ਵਿਚ ਨਹੀਂ ਕਰ ਸਕਦੇ, ਜਦ ਤਕ ਪ੍ਰਾਣ ਨਾ ਨਿਕਲ

ਜਾਣ। ਤਲਵਾਰ ਨੀਂਵੀਂ ਹੋਵੇ, ਤਾਂ ਜ਼ਿੰਦਗੀ ਦੀ ਸਮਾਪਤੀ ਨਾਲ। ਸਭਰਾਵਾਂ ਦੇ ਜੰਗ ਵਿਚ ਬੇਅੰਤ ਸਿੱਖ ਕਤਲ ਹੋਣ ਤੇ ਦਰਿਆ ਵਿਚ ਡੁੱਬਣ ਪਿੱਛੋਂ ਜਿਹੜੇ ਬਚੇ, ਉਹ ਲੜਾਈ ਵਾਸਤੇ ਇਸ ਦਲੇਰੀ ਨਾਲ ਤਿਆਰ ਸਨ, ਜਿਵੇਂ ਪਹਿਲੀਆਂ ਲੜਾਈਆਂ ਵਿਚ ਜਿੱਤੇ ਹੁੰਦੇ ਹਨ। (ਪੰਨਾ ੩੦੭) ਸਿੱਖਾਂ ਦੇ ਲੀਡਰ ਆਪਣੀ ਸਿੱਖ ਫੌਜ ਨੂੰ ਤਬਾਹ ਕਰਾਉਣਾ ਚਾਹੁੰਦੇ ਸਨ, (ਦੁਸ਼ਮਣ ਦੇ) ਇਲਾਕੇ ਉੱਤ ਕਬਜ਼ਾ ਨਹੀਂ ਕਰਨਾ ਚਾਹੁੰਦੇ ਸਨ।"

ਸਮਿਥ ਲਿਖਦਾ ਹੈ : "ਆਮ ਤੌਰ 'ਤੇ ਸਿੱਖਾਂ ਨੂੰ ਗੱਪੀ ਤੇ ਕਮਦਿਲੇ ਸਮਝਿਆ ਜਾਂਦਾ ਹੈ, ਪਰ ਅੰਤ ਸਾਨੂੰ ਪਤਾ ਲੱਗ ਗਿਆ, ਕਿ ਸਿੱਖ ਬਹਾਦਰ ਤੇ ਚੰਗੇ ਸਿਪਾਹੀ ਹਨ: ਪਰ ਅਫਸੋਸ, ਉਨ੍ਹਾਂ ਦੇ ਸੈਨਾਪਤੀ ਚੰਗੇ ਨਹੀਂ ਸਨ।"[੧੨]

ਗਫ ਲਿਖਦਾ ਹੈ : "ਇਹ ਸਾਡੀ ਖੁਸ਼ਕਿਸਮਤੀ ਹੈ ਕਿ ਸਿੱਖ ਫੌਜ ਦੇ ਲੀਡਰ ਨਿਕੰਮੇ ਸਨ।"[੧੩]

ਕਨਿੰਘਮ ਖਾਲਸਾ ਫੌਜ ਦੇ ਲੀਡਰਾਂ ਦੇ ਇਰਾਦੇ ਬਾਬਤ ਲਿਖਦਾ ਹੈ: "ਉਹ ਸਾਰੀ ਫੌਜ, ਜੋ ਉਨ੍ਹਾਂ (ਲੀਡਰਾਂ) ਦੀ ਨਿੱਜੀ ਤਾਕਤ ਨੂੰ ਘਿਰਣਾ ਕਰਦੀ ਸੀ, ਸਮੁੱਚੇ ਤੌਰ 'ਤੇ ਮਰਵਾਉਣਾ ਚਾਹੁੰਦੇ ਸਨ।"[੧੪]

ਲਾਲ ਸਿੰਘ ਦੀ ਕਰਤੂਤ ਬਾਰੇ, ਕਨਿੰਘਮ ਇਉਂ ਕਹਿੰਦਾ ਹੈ, "ਉਹ ਇਸ ਗੱਦਾਰੀ ਨਾਲ ਸਿੱਖ ਰਾਜ ਨੂੰ ਖਤਰੇ ਵਿਚ ਪਾ ਕੇ ਆਪਣੇ ਰੁਤਬੇ ਵਧਾਉਣਾ ਚਾਹੁੰਦਾ ਸੀ।"[੧੫]

ਸਰ ਚਾਰਲਸ ਜੇਮਜ਼ ਨੇਪੀਅਰ ਲਿਖਦਾ ਹੈ: "ਜੇ ਗੁਲਾਬ ਸਿੰਘ ਸਿੱਖਾਂ ਨਾਲ ਧ੍ਰੋਹ ਨਾ ਕਰਦਾ, ਏਧਰ ਓਧਰ ਪਈ ਹੋਈ ਅੰਗਰੇਜ਼ੀ ਫੌਜ ਸਿੱਖਾਂ ਦੀ ਤਲਵਾਰ ਦੀ ਭੇਟ ਹੋ ਜਾਂਦੀ।"[੧੬]

ਇਸ ਲੜਾਈ ਬਾਬਤ ਕੁਝ ਝੂਠੀਆਂ ਰਵਾਇਤਾਂ ਚਲੀਆਂ ਆਉਂਦੀਆਂ ਹਨ, ਜਿਨ੍ਹਾਂ 'ਤੇ ਚਾਨਣਾ ਪਾਉਣਾ ਜ਼ਰੂਰੀ ਹੈ। ਇਕ ਗੱਲ ਪਾਠਕਾਂ ਨੂੰ ਇਹ ਸਮਝ ਲੈਣੀ ਚਾਹੀਦੀ ਹੈ ਕਿ ਦੇਸ਼-ਧਰੋਹੀ ਧੜਾ ਜਿਹੜੀ ਕਾਲੀ ਕਰਤੂਤ ਆਪ ਕਰਦਾ ਸੀ, ਉਹ ਦੂਜਿਆਂ ਦੇ ਸਿਰ ਮੜ੍ਹ ਛੱਡਦਾ ਸੀ। (ਇਸ ਨੀਤੀ ਦਾ ਸ਼ਿਕਾਰ ਮਹਾਰਾਜਾ ਖੜਕ ਸਿੰਘ ਤੇ ਸੰਧਾਵਾਲੀਏ ਆਦਿ, ਕਈ ਹੋਏ।) ਓਹੀ ਚਾਲ ਇਥੇ ਚੱਲੀ ਗਈ। ਇਹ ਗੱਲ ਉਡਾ ਦਿੱਤੀ (ਜੋ ਅਜੇ ਤਕ ਅਨਪੜ੍ਹ ਤੇ ਇਤਿਹਾਸ ਤੋਂ ਅਣਜਾਣ ਬੰਦਿਆਂ ਵਿਚ ਚਲੀ ਆਉਂਦੀ ਹੈ), ਕਿ ਮਹਾਰਾਣੀ ਜਿੰਦ ਕੌਰ ਨੇ ਸਿੱਖ ਫੌਜ ਨੂੰ ਭੜਕਾ ਕੇ ਅੰਗਰੇਜ਼ਾਂ ਨਾਲ ਲੜਾਈ ਕਰਾਈ। ਉਹਨੇ ਅੰਗਰੇਜ਼ਾਂ ਨੂੰ ਚਿੱਠੀਆਂ ਲਿਖੀਆਂ ਤੇ ਸਭਰਾਵਾਂ ਦੇ ਮੈਦਾਨ ਵਿਚ ਬਾਰੂਦ ਦੀ ਥਾਂ ਸਰ੍ਹੋਂ ਘੱਲ ਦਿੱਤੀ, ਜਿਸ ਵਾਸਤੇ ਸਿੱਖ ਫੌਜ ਹਾਰ ਗਈ। ਉਸ ਨੇ ਇਹ ਸਭ ਕੁਝ ਆਪਣੇ ਭਰਾ ਜਵਾਹਰ ਸਿੰਘ ਦਾ ਬਦਲਾ ਲੈਣ ਵਾਸਤੇ ਕੀਤਾ।

ਆਓ ਹੁਣ ਇਸ 'ਤੇ ਵਿਚਾਰ ਕਰੀਏ। ਆਪ ਨੂੰ ਪਤਾ ਲੱਗੇਗਾ ਕਿ ਲੜਾਈ

ਦੇ ਕਾਰਨ ਪੈਦਾ ਕਰਨ ਵਾਲੇ ਅੰਗਰੇਜ਼ ਸਨ ਤੇ ਓਧਰੋਂ ਖਾਲਸਾ ਫੌਜ ਨੂੰ ਭੜਕਾਉਣ ਵਾਲੇ ਲਾਲ ਸਿੰਘ, ਤੇਜ ਸਿੰਘ ਆਦਿ, ਜੋ ਅੰਦਰੋਂ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ।

ਮਹਾਰਾਣੀ ਜਿੰਦ ਕੌਰ ਇਹ ਲੜਾਈ ਛੇੜਨ ਦੇ ਵਿਰੁੱਧ ਸੀ।[੧੭] ਬਾਕੀ ਗੱਲ ਰਹੀ ਚਿੱਠੀਆਂ ਦੀ। ਗੌਰਮਿੰਟ ਦੇ ਸਾਰੇ ਕਾਗਜ਼ ਤੇ ਸਮਕਾਲੀ ਇਤਿਹਾਸ ਫੋਲ ਵੇਖੋ, ਇਸ ਮਤਲਬ ਦੀ ਰਾਣੀ ਜਿੰਦ ਕੌਰ ਦੀ ਕੋਈ ਚਿੱਠੀ ਨਹੀਂ ਮਿਲੇਗੀ। ਹਾਂ, ਲਾਲ ਸਿੰਘ, ਤੇਜ ਸਿੰਘ ਤੇ ਗੁਲਾਬ ਸਿੰਘ ਦੀਆਂ ਚਿੱਠੀਆਂ ਜ਼ਰੂਰ ਮਿਲਣਗੀਆਂ। ਲਾਲ ਸਿੰਘ ਵਾਰ-ਵਾਰ ਅੰਗਰੇਜ਼ਾਂ ਨੂੰ ਲਿਖਦਾ ਹੈ ਕਿ ਮੈਂ ਤੁਹਾਡਾ ਮਿੱਤਰ ਹਾਂ। ਗੁਲਾਬ ਸਿੰਘ ਵਜ਼ੀਰ ਬਣ ਕੇ ਹਾਰਡਿੰਗ ਨਾਲ ਫੈਸਲਾ ਕਰਦਾ ਹੈ ਕਿ ਖਾਲਸਾ ਫੌਜ ਨੂੰ ਤਬਾਹ ਕਰ ਦਿੱਤਾ ਜਾਵੇ, ਤਦ ਹੀ ਲਾਹੌਰ ਦਰਬਾਰ ਸੁਲ੍ਹਾ 'ਤੇ ਪੱਕਾ ਰਹਿ ਸਕੇਗਾ।

ਬਾਰੂਦ ਤੇ ਸਰ੍ਹੋਂ ਦੀ ਬਾਬਤ ਵੀ ਆਪ ਪੜ੍ਹ ਚੁੱਕੇ ਹੋ, ਕਿ ਇਹ ਤੇਜ ਸਿੰਘ ਦੀ ਕਰਤੂਤ ਸੀ, ਜਿਹਨੇ ਬੇੜੀਆਂ ਦਾ ਪੁੱਲ ਤੋੜ ਦਿੱਤਾ; ਬਾਰੂਦ ਨਾਲ ਭਰੀਆਂ ਬਹੁਤ ਸਾਰੀਆਂ ਬੇੜੀਆਂ ਦਰਿਆ ਵਿਚ ਡੋਬ ਦਿੱਤੀਆਂ ਤੇ ਬਾਕੀ ਪੇਟੀਆਂ ਵਿਚ ਬਾਰੂਦ ਦੀ ਥਾਂ ਸਰ੍ਹੋਂ ਭਰ ਦਿੱਤੀ।

ਪਰ ਇਹ ਦੂਸ਼ਣ ਮਹਾਰਾਣੀ ਜਿੰਦ ਕੌਰ ਸਿਰ ਕਿਉਂ ਮੜ੍ਹਿਆ ਗਿਆ? ਸਿਰਫ਼ ਇਸ ਵਾਸਤੇ, ਕਿ ਆਮ ਜਨਤਾ, ਲਾਲ ਸਿੰਘ, ਤੇਜ ਸਿੰਘ, ਗੁਲਾਬ ਸਿੰਘ ਆਦਿ ਦੀਆਂ ਖੋਟੀਆਂ ਚਾਲਾਂ ਨੂੰ ਨਾ ਸਮਝ ਸਕੇ। ਸੋ ਯਾਦ ਰਹੇ ਕਿ ਮਹਾਰਾਣੀ ਜਿੰਦ ਕੌਰ ਇਸ ਦੂਸ਼ਣ ਤੋਂ ਬਿਲਕੁਲ ਬਰੀ ਤੇ ਨਿਰਦੋਸ਼ ਹੈ। ਉਸ ਨੂੰ ਅੰਤ ਤਕ ਇਸ ਧੋਖੇ ਦਾ ਪਤਾ ਨਹੀਂ ਚੱਲਿਆ। ਲੜਾਈ ਉਸ ਤੋਂ ਬਵਾਹਰੀ ਹੋਈ ਫੌਜ ਨੇ ਛੇੜੀ ਸੀ। ਉਹ ਮੋਏ ਭਰਾ ਦਾ ਬਦਲਾ ਲੈਣ ਬਦਲੇ ਆਪਣੇ ਮਾਸੂਮ ਬੱਚੇ ਦਲੀਪ ਸਿੰਘ ਦੀ ਧੌਣ ਉੱਤੇ ਕਦੇ ਛੁਰੀ ਨਹੀਂ ਸੀ ਫੇਰ ਸਕਦੀ। ਉਹ ਜਾਣਦੀ ਸੀ ਕਿ ਸਿੱਖ ਫੌਜ ਦੀ 'ਹਾਰ' ਦਾ ਅਰਥ 'ਦਲੀਪ ਸਿੰਘ' ਦੇ ਰਾਜ ਦੀ ਬਰਬਾਦੀ ਹੋਵੇਗਾ।

ਹੁਣ ਆਖ਼ਰੀ ਸੁਆਲ ਉੱਠਦਾ ਹੈ ਕਿ ਇਸ ਲੜਾਈ ਵਿਚ ਸਿੱਖ ਹਾਰੇ ਕਿਉਂ? ਕਿਉਂ ਲਾਲ ਸਿੰਘ, ਤੇਜ ਸਿੰਘ ਆਦਿ ਦੇਸ ਨਾਲ ਵਿਸਾਹਘਾਤ ਕਰਨ ਵਾਸਤੇ ਤਿਆਰ ਹੋ ਗਏ? ਕਿਉਂ ਮਰ-ਮਿਟਣ ਵਾਲੇ ਸਿਪਾਹੀਆਂ, ਮਜ਼ਬੂਤ ਤੋਪਾਂ ਤੇ ਪੱਕੇ ਨਿਸ਼ਾਨੇਬਾਜ਼ਾਂ ਗੋਲੰਦਾਜ਼ਾਂ ਦੇ ਹੁੰਦਿਆਂ ਖਾਲਸਾ ਫੌਜ ਹਾਰ ਗਈ? ਇਸ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਫੌਜ ਤੇ ਅਫਸਰਾਂ ਵਿਚ ਅਜੋੜ ਸੀ। ਦੋਵੇਂ ਧਿਰਾਂ ਆਪਸ ਵਿਚ ਬੜੀਆਂ ਦੂਰ ਹੋ ਗਈਆਂ ਸਨ ਤੇ ਆਪਣੇ ਵੱਖੋ-ਵੱਖਰੇ ਲਾਭ ਸੋਚਦੀਆਂ ਸਨ। ਸਿਪਾਹੀਆਂ ਦਾ ਅਭਿਮਾਨੀ ਸੁਭਾਅ ਤੇ ਅਫ਼ਸਰਾਂ ਦੀ ਖੁਦਗਰਜ਼ੀ ਲੈ ਲੱਥੇ। ਫੌਜ ਵੱਡੀਆਂ ਤਨਖਾਹੀਂ ਤੇ ਰਾਜ ਪ੍ਰਬੰਧ ਵਿਚ ਆਪਣਾ ਅਟੱਲ ਹੁਕਮ ਕਾਇਮ ਰੱਖਣ ਦੇ ਹੱਕ ਵਿਚ ਸੀ ਤੇ ਅਫਸਰ ਆਪ-ਹੁਦਰੀ ਫੌਜ ਨੂੰ ਤਬਾਹ ਕਰ ਕੇ ਅੰਗਰੇਜ਼ਾਂ ਦੀ ਮਦਦ ਨਾਲ ਆਪਣੀ ਤਾਕਤ ਵਧਾਉਣਾ ਚਾਹੁੰਦੇ ਸਨ। ਦੋਹਾਂ ਧਿਰਾਂ ਦਾ ਨਿਸ਼ਾਨਾ

ਵੱਖੋ-ਵੱਖ ਸੀ। ਲਾਰਡ ਹਾਰਡਿੰਗ ਦੇ ਇਸ ਵਾਕ ਤੋਂ (ਲਾਹੌਰ ਦਰਬਾਰ ਨਾਲ ਸੁਲ੍ਹਾ ਕਰ ਲੈਣੀ ਔਖੀ ਨਹੀਂ, ਪਰ ਖਾਲਸਾ ਫੌਜ ਦਾ ਕੌਣ ਜ਼ਿੰਮੇਵਾਰ ਬਣੇ?) ਸਾਫ਼ ਪ੍ਰਗਟ ਹੈ, ਕਿ 'ਫੌਜ' ਤੇ 'ਅਫ਼ਸਰ' ਦੋ ਵੱਖ-ਵੱਖ ਚੀਜ਼ਾਂ ਸਨ।

ਸ. ਜਵਾਹਰ ਸਿੰਘ ਦੇ ਕਤਲ ਹੋਣ 'ਤੇ ਫੌਜਾਂ ਤੋਂ ਡਰਦਾ ਪੰਜਾਬ ਦਾ ਵਜ਼ੀਰ ਕੋਈ ਨਹੀਂ ਸੀ ਬਣਦਾ, ਕਿਉਂਕਿ ਫੌਜੀ ਪੰਚਾਂ ਦੇ ਇਸ਼ਾਰੇ ਨਾਲ ਸਿਪਾਹੀਆਂ ਦੇ ਹੱਥੋਂ ਕਈ ਲਾਇਕ ਮਹਾਰਾਜੇ, ਨਾਮਵਰ ਸਰਦਾਰ, ਵਜ਼ੀਰ ਤੇ ਸ਼ਹਿਜ਼ਾਦੇ ਮਾਰੇ ਗਏ ਸਨ। ਅੰਤ, ਜੇ ਲਾਲ ਸਿੰਘ ਤੇ ਤੇਜ ਸਿੰਘ ਕ੍ਰਮਵਾਰ, ਵਜ਼ੀਰ ਤੇ ਸੈਨਾਪਤੀ ਬਣੇ ਵੀ ਤਾਂ ਉੱਪਰਲੇ ਰੋਗ ਦਾ ਇਲਾਜ ਸੋਚ ਕੇ। ਤੇ ਉਹ ਇਲਾਜ— ਉਨ੍ਹਾਂ ਦੇ ਖਿਆਲ ਵਿਚ— ਇੱਕੋ ਹੀ ਸੀ: ਸਿੱਖ ਫੌਜ ਨੂੰ ਅੰਗਰੇਜ਼ਾਂ ਨਾਲ ਭਿੜਾ ਕੇ ਤਬਾਹ ਕਰਾਉਣਾ।

ਇਸ ਤੋਂ ਇਲਾਵਾ ਛੋਟੇ-ਛੋਟੇ ਹੋਰ ਵੀ ਕਾਰਨ ਹਨ: ਜਿਵੇਂ ਯੂਰਪੀਨ ਅਫ਼ਸਰ ਨੌਕਰ ਰੱਖਣੇ ਕਿਉਂਕਿ ਉਹ ਸਿੱਖ ਹਕੂਮਤ ਦੇ ਭੇਤ ਅੰਗਰੇਜ਼ਾਂ ਪਾਸ ਪ੍ਰਗਟ ਕਰਦੇ ਰਹਿੰਦੇ ਸਨ। ਲੜਾਈ ਵਿਚ ਵੀ ਉਹ ਓਹਾ ਕੁਝ ਕਰਦੇ ਰਹੇ, ਜਿਸ ਤੋਂ ਅੰਗਰੇਜ਼ਾਂ ਨੂੰ ਲਾਭ ਤੇ ਸਿੱਖਾਂ ਨੂੰ ਨੁਕਸਨ ਪੁੱਜੇ।

ਕੁਝ ਮੁਸਲਮਾਨ ਅਫ਼ਸਰ ਤੇ ਫੌਜ ਵੀ ਸੀ, ਜਿਨ੍ਹਾਂ ਮੈਦਾਨ ਵਿਚ (ਖ਼ਾਸ ਕਰ ਸਭਰਾਵੀਂ) ਐਸੇ ਢੰਗ ਵਰਤੇ (ਜਿਵੇਂ ਤੋਪਾਂ ਦੇ ਮੂੰਹ ਉਤਾਂਹ ਕਰਕੇ ਚਲਾਈਆਂ, ਕਿ ਗੋਲੇ ਅੰਗਰੇਜ਼ੀ ਫੌਜ ਤੋਂ ਪਾਰ ਲੰਘ ਜਾਣ ਤੇ ਨੁਕਸਾਨ ਕੋਈ ਨਾ ਕਰਨ) ਜਿਨ੍ਹਾਂ ਤੋਂ ਦੁਸ਼ਮਣ ਨੂੰ ਲਾਭ ਪੁੱਜੇ। ਪਰ ਇਹ ਕੰਮ ਉਨ੍ਹਾਂ ਓਦੋਂ ਕੀਤਾ, ਜਦੋਂ ਉਨ੍ਹਾਂ ਨੂੰ ਸਿੱਖਾਂ ਦੀ ਹਾਰ ਦਾ ਯਕੀਨ ਹੋ ਗਿਆ। ਮੈਕਗ੍ਰੇਗਰ ਇਸ ਦਾ ਹਵਾਲਾ ਇਉਂ ਦਿੰਦਾ ਹੈ, "ਪੰਜਾਬ ਦੇ ਮੁਸਲਮਾਨ ਸਿੱਖਾਂ ਦਾ ਨਿਵੇਕਲਾ ਰਾਜ ਪਸੰਦ ਨਹੀਂ ਕਰਦੇ ਸਨ। ਉਹ ਭੁੱਲੇ ਨਹੀਂ ਸਨ ਕਿ ਥੋੜ੍ਹਾ ਚਿਰ ਪਹਿਲਾਂ ਉਹ ਆਪ ਲਾਹੌਰ ਦੇ ਬਾਦਸ਼ਾਹ ਸਨ। ਤੋਪਖਾਨੇ ਦਾ ਹਾਕਮ ਇਕ ਮੁਸਲਮਾਨ ਸੀ ਤੇ ਉਹਦੇ ਚੰਗੇ ਤੋਪਚੀ ਵੀ ਮੁਸਲਮਾਨ ਸਨ।... ਉਹ ਸਿੱਖਾਂ ਵਾਂਗ, ਮੁਲਕ ਬਦਲੇ ਨਹੀਂ ਲੜ ਰਹੇ ਸਨ। ਉਹ ਸਿਰਫ਼ ਤਨਖਾਹਦਾਰ ਨੌਕਰ ਸਨ। ਭਾਵੇਂ ਉਹ ਸੱਚੇ ਤੇ ਵਫ਼ਾਦਾਰ ਨੌਕਰ ਸਮਝੇ ਜਾਂਦੇ ਸਨ, ਪਰ ਜਿਸ ਕੌਮ (ਅੰਗਰੇਜ਼) ਦੀ ਫ਼ਤਹਿ ਵਾਸਤੇ ਉਹ ਦੁਆਵਾਂ ਮੰਗਦੇ ਸਨ, ਉਸ ਬਦਲੇ ਉਹ ਥੋੜ੍ਹਾ-ਬਹੁਤ ਹੱਥ ਢਿੱਲਾ ਵੀ ਕਰ ਸਕਦੇ ਸਨ। ਭਾਵੇਂ ਉਹ ਉਨ੍ਹਾਂ ਲੋਕਾਂ (ਸਿੱਖਾਂ) ਦੇ ਮਦਦੀ ਬਣੇ ਹੋਏ ਸਨ, ਜਿਨ੍ਹਾਂ ਨੂੰ ਉਹ ਧਾਰਮਿਕ ਵਜਹ ਅਨੁਸਾਰ-ਆਪਣੀਆਂ ਅੱਖਾਂ ਨਾਲ ਗੁਲਾਮ ਵੇਖਣਾ ਚਾਹੁੰਦੇ ਸਨ।"[੧੮] ਹਾਂ, ਕੁਝ ਮੁਸਲਮਾਨ ਬੜੇ ਨੇਕ ਤੇ ਵਫ਼ਾਦਾਰ ਰਹੇ, ਜੋ ਸਭਰਾਵਾਂ ਦੇ ਮੈਦਾਨ ਵਿਚ ਬਹਾਦਰਾਂ ਵਾਂਗ ਲੜ ਕੇ ਮਰਦਾਂ ਦੀ ਮੌਤ ਮਰੇ।

ਏਸ ਸਾਰੀ ਲੜਾਈ ਵਿਚ ੧੨-੧੫ ਹਜ਼ਾਰ ਸਿੱਖ ਫੌਜ ਤਬਾਹ ਹੋਈ। ੧੦-੧੧ ਫਰਵਰੀ ਦੀ ਵਿਚਲੀ ਰਾਤ ਫਿਰੋਜ਼ਪੁਰ ਕੋਲੋਂ ਅੰਗਰੇਜ਼ ਸਤਲੁਜ ਪਾਰ ਹੋਏ ਤੇ

੧੨ ਫਰਵਰੀ ਨੂੰ ਬਿਨਾਂ ਰੁਕਾਵਟ ਦੇ ਕਸੂਰ ਆ ਮੱਲਿਆ। ਇਥੋਂ ਹੀ ਅੰਗਰੇਜ਼ਾਂ ਨੂੰ ਖ਼ਬਰ ਮਿਲੀ, ਕਿ ੨੦ ਹਜ਼ਾਰ ਖਾਲਸਾ ਫੌਜ ਅੰਮ੍ਰਿਤਸਰ ਵਿਚ 'ਕੱਠੀ ਹੋ ਗਈ ਹੈ। ਓਥੇ ਗੋਬਿੰਦਗੜ੍ਹ ਦੇ ਕਿਲ੍ਹੇ ਵਿਚ ਉਨ੍ਹਾਂ ਕੋਲ ਤੋਪਾਂ ਤੇ ਬਾਰੂਦ-ਸਿੱਕਾ ਵੀ ਹੈ। ਪਰੰਤੂ ਫੌਜ ਕੋਲ ਲੀਡਰ ਕੋਈ ਨਹੀਂ।

੧੪ ਫਰਵਰੀ, ੧੮੪੬ ਈ. ਨੂੰ ਹਿੰਦੁਸਤਾਨ ਦੇ ਗਵਰਨਰ-ਜਨਰਲ ਲਾਰਡ ਹਾਰਡਿੰਗ ਨੇ ਕਸੂਰ ਤੋਂ ਹੇਠ ਲਿਖਿਆ ਐਲਾਨ ਕੱਢਿਆ:- "ਸਤਲੁਜ ਤੇ ਖੱਬੇ ਪਾਸਿਓਂ ਫੌਜ ਭਜਾ ਦਿੱਤੀ ਗਈ ਹੈ। ਉਹ ਹਰ ਗੱਲ ਵਿਚ ਹਾਰ ਗਈ ਹੈ। ਉਸ ਦੀਆਂ ੨੨੦ ਤੋਂ ਵਧੇਰੇ ਜੰਗੀ ਤੋਪਾਂ ਖੋਹ ਲਈਆਂ ਗਈਆਂ ਹਨ। ਅੰਗਰੇਜ਼ੀ ਫੌਜ ਸਤਲੁਜ ਪਾਰ ਕਰ ਕੇ ਪੰਜਾਬ ਵਿਚ ਦਾਖ਼ਲ ਹੋ ਚੁੱਕੀ ਹੈ। ਇਸ ਐਲਾਨ ਰਾਹੀਂ ਗਵਰਨਰ-ਜਨਰਲ ਪ੍ਰਗਟ ਕਰਦਾ ਹੈ ਕਿ ਅੰਗਰੇਜ਼ ਸਰਕਾਰ ਨੂੰ ਪਿਛਲੇ ੧੩ ਦਸੰਬਰ ਦੇ ਐਲਾਨ ਅਨੁਸਾਰ, ਇਹ ਕਦਮ ਉਠਾਉਣਾ ਪਿਆ ਹੈ ਕਿਉਂਕਿ ਗਵਰਨਰ ਜਨਰਲ ਨੂੰ ਅੰਗਰੇਜ਼ੀ ਇਲਾਕੇ ਦੀ ਰਾਖੀ ਕਰਨ ਉੱਤੇ ਮਜਬੂਰ ਕੀਤਾ ਗਿਆ ਹੈ ਤੇ ਅੰਗਰੇਜ਼ੀ ਵਕਾਰ ਨੂੰ ਕਾਇਮ ਰੱਖਣਾ, ਸੁਲ੍ਹਾ ਤੋੜਨ ਵਾਲਿਆਂ ਨੂੰ ਸਜ਼ਾ ਦੇਣੀ ਤੇ ਜਨਤਾ ਵਿਚ ਅਮਨ ਰੱਖਣਾ ਜ਼ਰੂਰੀ ਹੈ।

**ਫੁੱਟ ਨੋਟ:**

*1. "Aliwal was the battle of despatch" Wanderings of a Naturalist in India, P. 60-61.*
*੨. The Sikh Wars, ਪੰਨਾ ੬੧.*
*੩. ਉਹੀ, ਪੰਨੇ ੧੪੭-੧੪੮.*
*੪. ਲਾਡਵਾ ਦਾ ਰਾਜਾ ਅਜੀਤ ਸਿੰਘ ਅੰਗਰੇਜ਼ਾਂ ਵੱਲੋਂ ਬਾਗ਼ੀ ਹੋ ਕੇ ਰਣਜੋਧ ਸਿੰਘ ਨਾਲ ਜਾ ਮਿਲਿਆ ਸੀ।*
*੫. ਕਨਿੰਘਮ (੧੮੪੯), ਪੰਨਾ ੩੨੧.*
*੬. ਪੰਜਾਬ ਹਰਣ ਔਰ ਦਲੀਪ ਸਿੰਹ, ਪੰਨਾ ੪੯.*
*੭. ਕਨਿੰਘਮ (੧੯੧੮), ਪੰਨਾ ੨੯੨ ਦਾ ਫੁਟ ਨੋਟ।*
*੮. (M. Gregor, as in Lord Gough's despatch) ਮੈਕਗ੍ਰੇਗਰ, ਪੰਨਾ ੧੬੧.*
*੯. ਕਨਿੰਘਮ (੧੮੪੯) ਪੰਨਾ ੩੨੮.*
*੧੦. ਮੈਕਗ੍ਰੇਗਰ, ਪੰਨਾ ੧੯੩.*
*੧੧. The Sikh Wars, ਪੰਨਾ ੧੨੮.*
*੧੨. (Smyth, Introduction-PXXIV) ਸਮਿੱਥ, ਮੁੱਖ-ਬੰਦ।*
*੧੩. The Sikh Wars, ਪੰਨਾ ੧੩੮.*
*੧੪. ਕਨਿੰਘਮ, ਪੰਨਾ ੩੨੮.*
*੧੫. ਕਨਿੰਘਮ, ਪੰਨਾ ੩੩੧.*
*੧੬. Defects of Civil & Military of the Indian Govt. P. 375.*
*੧੭. ਮੈਕਗ੍ਰੇਗਰ, ਪੰਨਾ ੩੯.*
*੧੮. ਮੈਕਗ੍ਰੇਗਰ, ਪੰਨੇ ੮੩-੮੪.*

# ਸਰਦਾਰ ਚਤਰ ਸਿੰਘ ਅਟਾਰੀ ਵਾਲਾ

*-ਡਾ. ਕਿਰਪਾਲ ਸਿੰਘ**

ਆਪਣੇ ਦੇਸ਼ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਥੱਲਿਓਂ ਕੱਢਣ ਲਈ ਸਰਦਾਰ ਚਤਰ ਸਿੰਘ ਨੇ ਹਥਿਆਰਬੰਦ ਬਗ਼ਾਵਤ ਜਥੇਬੰਦ ਕਰਨ ਵਿਚ ਜੋ ਹਿੱਸਾ ਪਾਇਆ, ਉਸ ਦੀ ਆਪਣੀ ਵਿਸ਼ੇਸ਼ ਮਹੱਤਤਾ ਹੈ। ਉਹ ਉਨ੍ਹਾਂ ਥੋੜ੍ਹੇ ਜਿਹੇ ਬੰਦਿਆਂ ਵਿੱਚੋਂ ਸੀ, ਜਿਨ੍ਹਾਂ ਨੇ ਇਸ ਗੱਲ ਨੂੰ ਸਮਝ ਲਿਆ ਸੀ ਕਿ ਲਾਹੌਰ ਦਰਬਾਰ ਦੇ ਮੁਸਲਮ ਬਹੁ-ਸੰਮਤੀ ਵਾਲੇ ਇਲਾਕੇ ਵਿਚ ਅੰਗਰੇਜ਼ ਜਿਸ 'ਫ਼ਿਰਕੂ ਉਲਾਰ' ਦੀ ਨੀਤੀ ਉੱਤੇ ਅਮਲ ਕਰ ਰਹੇ ਹਨ, ਉਸ ਦਾ ਮੰਤਵ ਭਾਰਤ ਦੀ ਇਸ ਮਹੱਤਵਪੂਰਨ ਸਰਹੱਦ ਉੱਤੇ ਉਨ੍ਹਾਂ ਦੀ ਧੱਕੇਸ਼ਾਹੀ ਵਾਲੇ ਰਾਜ ਨੂੰ ਹਮੇਸ਼ਾਂ ਵਾਸਤੇ ਪੱਕਿਆਂ ਕਰਨਾ ਹੈ। ਅਫਗਾਨਿਸਤਾਨ ਦੇ ਅਮੀਰ ਦੋਸਤ ਮੁਹੰਮਦ ਖਾਂ ਨਾਲ ਗੱਠਜੋੜ ਕਰ ਕੇ ਸਰਦਾਰ ਚਤਰ ਸਿੰਘ ਨੇ ਅੰਗਰੇਜ਼ ਅਧਿਕਾਰੀਆਂ ਦੇ ਇਸ ਮੰਦੇ ਮਨਸੂਬੇ ਨੂੰ ਅਸਫਲ ਕਰਨ ਦਾ ਦਲੇਰ ਜਤਨ ਕੀਤਾ।

ਇਸ ਗੱਲ ਦਾ ਠੀਕ ਅੰਦਾਜ਼ਾ ਲਾਉਣ ਲਈ ਕਿ ਸਰਦਾਰ ਚਤਰ ਸਿੰਘ ਨੇ ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦਾ ਅਸਰ ਖ਼ਤਮ ਕਰਨ ਵਾਸਤੇ ਕਿੰਨਾ ਕੰਮ ਕੀਤਾ, ਇਹ ਜ਼ਰੂਰੀ ਹੈ ਕਿ ਅਸੀਂ ਉਨ੍ਹੀਂਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਤੋਂ ਹਜ਼ਾਰੇ ਵਿਚ ਵਰਤ ਰਹੀ ਅਵਸਥਾ ਦਾ ਵਰਣਨ ਕਰੀਏ ਜਦ ਸੱਯਦ ਅਹਿਮਦ ਸ਼ਾਹ ਨੇ ਸਿੱਖ ਸਰਕਾਰ ਦੇ ਵਿਰੁੱਧ ਜਹਾਦ ਖੜ੍ਹਾ ਕੀਤਾ ਸੀ। ਉਸ ਸਮੇਂ ਅੰਗਰੇਜ਼ੀ ਇਲਾਕੇ ਤੋਂ ਕੁਝ ਕੱਟੜ ਮੁਸਲਮਾਨ ਸੱਯਦ ਅਹਿਮਦ ਸ਼ਾਹ ਬਰੇਲਵੀ ਦੀ ਅਗਵਾਈ ਹੇਠ ਇਥੇ ਆਏ ਸਨ ਤੇ ਉਨ੍ਹਾਂ ਨੇ ਸਥਾਨਕ ਪਠਾਣਾਂ ਦੇ ਮਜ਼੍ਹਬੀ ਜੋਸ਼ ਨੂੰ ਭੜਕਾ ਕੇ ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰ ਦੇ ਵਿਰੁੱਧ ਯੁੱਧ ਕੀਤੇ ਸਨ। ਪਹਿਲਾ ਯੁੱਧ ਜਾਂ ਜਹਾਦ ੧੮੨੩ ਈ. ਵਿਚ ਕੀਤਾ ਗਿਆ ਜਦ ਸੱਯਦ ਅਹਿਮਦ ਦਾ ਭਤੀਜਾ ਅਹਿਮਦ ਅਲੀ ਸ਼ਾਹ ਭਾਰਤ ਵਿੱਚੋਂ ਆਪਣੇ ਚੇਲਿਆਂ ਦਾ ਇਕ ਭਾਰੀ ਲਸ਼ਕਰ ਭਰਤੀ ਕਰ ਕੇ ਹਜ਼ਾਰੇ ਆਇਆ। ਇਥੇ ਲੱਗਭਗ ਦੋ ਹਜ਼ਾਰ ਆਦਮੀ ਇਨ੍ਹਾਂ ਜਨੂਨੀਆਂ ਦੇ ਨਾਲ ਰਲ ਗਏ। ਇਸ ਜਹਾਦ ਨੇ ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰ ਦੇ ਸਾਹਮਣੇ ਇਕ ਭਾਰੀ ਸਮੱਸਿਆ ਖੜ੍ਹੀ ਕਰ ਦਿੱਤੀ। ਇਹ ਠੀਕ ਹੈ ਕਿ ਜਦ ਸਰਦਾਰ ਹਰੀ ਸਿੰਘ ਨਲਵੇ ਨੇ ਅਹਿਮਦ ਅਲੀ ਸ਼ਾਹ ਨੂੰ ਹਾਰ ਦਿੱਤੀ ਤੇ ੧੮੩੦ ਈ. ਵਿਚ ਬਾਲਾਕੋਟ ਦੀ ਲੜਾਈ ਵਿਚ ਸੱਯਦ ਅਹਿਮਦ ਦੀ ਮੌਤ ਹੋ ਗਈ, ਤਾਂ ਇਹ ਲਹਿਰ ਬਹੁਤ ਹੱਦ ਤਕ ਖ਼ਤਮ ਹੋ ਗਈ। ਪ੍ਰੰਤੂ ਇਸ ਇਲਾਕੇ ਦੇ ਲੋਕਾਂ ਵਿਚ

** ਇੰਚਾਰਜ ਸਿੱਖ ਸ੍ਰੋਤ ਇਤਿਹਾਸਕ ਗ੍ਰੰਥ ਸੰਪਾਦਨਾ ਪ੍ਰਾਜੈਕਟ, ਕਲਗੀਧਰ ਨਿਵਾਸ, ੨੭-ਬੀ, ਚੰਡੀਗੜ੍ਹ।*

ਨਾ ਤਾਂ ਪਿਸ਼ਾਵਰੀ ਪਠਾਣਾਂ ਵਾਂਗ ਮਰਦਊਪੁਣੇ ਦਾ ਗੁਣ ਸੀ ਤੇ ਨਾ ਰਾਵਲਪਿੰਡੀ ਤੇ ਜਿਹਲਮ ਦੇ ਪੰਜਾਬੀ ਮੁਸਲਮਾਨਾਂ ਵਾਂਗ ਇਹ ਸੁਤੰਤਰਤਾ ਦੇ ਆਸ਼ਕ ਸਨ। ਇਸ ਦੇ ਉਲਟ ਇਨ੍ਹਾਂ ਦਾ ਸੁਭਾਅ ਅਮੋੜ ਤੇ ਕਾਹਲਾ ਸੀ ਤੇ ਇਹ ਛੇਤੀ ਭੜਕ ਉਠਦੇ ਸਨ, ਇਸ ਲਈ ਇਸ ਇਲਾਕੇ ਵਿਚ ਥੋੜ੍ਹੀ-ਬਹੁਤ ਗੜਬੜ ਲਗਾਤਾਰ ਜਾਰੀ ਰਹੀ। ਪਹਿਲੇ ਅੰਗਰੇਜ਼-ਸਿੱਖ ਯੁੱਧ ਤੋਂ ਬਾਅਦ ਜਦ ਜੰਮੂ-ਕਸ਼ਮੀਰ ਤੇ ਹਜ਼ਾਰੇ ਦਾ ਇਲਾਕਾ ਮਹਾਰਾਜਾ ਗੁਲਾਬ ਸਿੰਘ ਨੂੰ ਦਿੱਤੇ ਜਾਣ ਦਾ ਫੈਸਲਾ ਹੋਇਆ ਤੇ ੧੮੪੬-੪੭ ਈ. ਵਿਚ ਜੇਮਜ਼ ਐਬਟ ਉਸ ਦੀ ਨਵੀਂ ਰਿਆਸਤ ਦੀਆਂ ਹੱਦਾਂ ਉਲੀਕਣ ਲੱਗਾ ਤਾਂ ਗੁਲਾਬ ਸਿੰਘ ਨੇ ਹਜ਼ਾਰੇ ਦੇ ਪਠਾਣਾਂ ਦੇ ਅਮੋੜ ਤੇ ਭੜਕੀਲੇ ਸੁਭਾਅ ਤੋਂ ਡਰ ਕੇ ਹੀ ਹਜ਼ਾਰੇ ਦੀ ਥਾਂ ਲਾਹੌਰ ਦਰਬਾਰ ਦਾ ਕੋਈ ਹੋਰ ਇਲਾਕਾ ਲੈਣਾ ਮਨਜ਼ੂਰ ਕਰ ਲਿਆ। ਇਸ ਸੰਬੰਧ ਵਿਚ ਐੱਚ.ਡੀ. ਵਾਟਸਨ ਨੇ ਲਿਖਿਆ ਹੈ ਕਿ "ਨਵੰਬਰ ੧੮੪੬ ਈ. ਵਿਚ ਜਦ ਕੈਪਟਨ ਜੇਮਜ਼ ਐਬਟ ਹਸਨ ਅਬਦਾਲ ਵਿਚ ਪੰਜਾਬ ਤੇ ਕਸ਼ਮੀਰ ਦੇ ਵਿਚਕਾਰ ਹੱਦ-ਬੰਦੀ ਦਾ ਫੈਸਲਾ ਕਰ ਰਿਹਾ ਸੀ ਤਾਂ ਹਰੀਪੁਰ ਦੇ ਕਬਾਇਲੀਆਂ ਦਾ ਇਕ ਡੈਪੂਟੇਸ਼ਨ ਉਹਦੇ ਕੋਲ ਹਾਜ਼ਰ ਹੋਇਆ ਤੇ ਉਨ੍ਹਾਂ ਨੇ ਅੰਗਰੇਜ਼ੀ ਸਰਕਾਰ ਕੋਲ ਬੇਨਤੀ ਕੀਤੀ ਕਿ ਸਾਨੂੰ ਕਸ਼ਮੀਰ ਦੇ ਮਹਾਰਾਜੇ ਦੀ ਗ਼ੁਲਾਮੀ ਤੋਂ ਬਚਾਇਆ ਜਾਏ। ਕੈਪਟਨ ਐਬਟ ਨੇ ਇਸ ਤਬਦੀਲੀ ਦੀ ਸਿਫਾਰਸ਼ ਕਰ ਦਿੱਤੀ। ਅਸਲ ਵਿਚ ਉਸ ਨੇ ਹੀ ਹਜ਼ਾਰੇ ਦੇ ਇਨ੍ਹਾਂ ਕਬਾਇਲੀਆਂ ਨੂੰ ਚੁੱਕਿਆ ਸੀ ਕਿ ਉਹ ਇਸ ਤਬਦੀਲੀ ਲਈ ਰੌਲਾ ਪਾਉਣ। ਸੋ ਜਦੋਂ ਸਰਦਾਰ ਚਤਰ ਸਿੰਘ ਨੂੰ ਹਜ਼ਾਰੇ ਦਾ ਗਵਰਨਰ ਨਿਯਤ ਕੀਤਾ ਗਿਆ ਤਾਂ ਨਾਲ ਹੀ ਕੈਪਟਨ ਐਬਟ ਨੂੰ ਉਸ ਦਾ ਅਸਿਸਟੈਂਟ ਥਾਪ ਦਿੱਤਾ ਗਿਆ। ਇਸ ਕਰਕੇ ਉਸ ਨੂੰ ਹਜ਼ਾਰੇ ਦੇ ਕਬਾਇਲੀਆਂ ਨੂੰ ਚੁੱਕਣ ਦਾ ਮੌਕਾ ਮਿਲ ਗਿਆ।

ਪ੍ਰਤੱਖ ਹੈ ਕਿ ਇਹ ਕਾਰਵਾਈ ਕਿਸੇ ਗੁਪਤ ਸਦ-ਭਾਵਨਾ ਨੂੰ ਮੁੱਖ ਰੱਖ ਕੇ ਹੀ ਕੀਤੀ ਗਈ ਸੀ। ਪ੍ਰੰਤੂ ਸਰਦਾਰ ਚਤਰ ਸਿੰਘ ਕੋਈ ਅੱਲ੍ਹੜ ਗੱਭਰੂ ਨਹੀਂ; ਸਗੋਂ ਹੰਢਿਆ ਵਰਤਿਆ, ਚੋਖੀ ਵੱਡੀ ਉਮਰ ਵਾਲਾ ਬਜ਼ੁਰਗ ਤੇ ਲਾਹੌਰ ਸਰਕਾਰ ਦੇ ਮੂਹਰਲੇ ਦਰਬਾਰੀਆਂ ਵਿੱਚੋਂ ਸੀ। ਸੋ ਉਹ ਤੁਰੰਤ ਹੀ ਹਜ਼ਾਰੇ ਵਿਚ ਇਸ ਨਵੇਂ ਪ੍ਰਬੰਧ ਦੀਆਂ ਉਲਝਣਾਂ ਨੂੰ ਤਾੜ ਗਿਆ। ਜਦ ਉਸ ਨੂੰ ਹਜ਼ਾਰੇ ਦੀ ਗਵਰਨਰੀ ਪੇਸ਼ ਕੀਤੀ ਗਈ ਤਾਂ ਇਸ ਦੀ ਤਹਿ ਵਿਚ ਭਾਰੀ ਸ਼ਰਾਰਤ ਵੇਖ ਕੇ ਉਸ ਨੇ ਇਸ ਨੂੰ ਪ੍ਰਵਾਨ ਕਰਨ ਵਿਚ ਝਿਜਕ ਮਹਿਸੂਸ ਕੀਤੀ। ਉਧਰੋਂ ਐਬਟ ਝਟਪਟ ਆਪਣੀ ਨਵੀਂ ਅਸਾਮੀ 'ਤੇ ਪਹੁੰਚ ਗਿਆ ਤੇ ਉਸ ਨੇ ਰੈਜ਼ੀਡੈਂਟ ਕੋਲ ਗਵਰਨਰ ਦੀ ਗੈਰ-ਹਾਜ਼ਰੀ ਬਾਰੇ ਸ਼ਿਕਾਇਤ ਕੀਤੀ। ਅੰਤ ਬਹੁਤ ਸਾਰੀ ਪ੍ਰੇਰਨਾ ਦੇ ਬਾਅਦ ਸਰਦਾਰ ਚਤਰ ਸਿੰਘ ਮੰਨ ਗਿਆ ਤੇ ਜੁਲਾਈ ੧੮੪੭ ਈ. ਵਿਚ ਉਹ ਹਜ਼ਾਰੇ ਪਹੁੰਚ ਗਿਆ। ਜਿਵੇਂ ਪਹਿਲਾਂ ਹੀ ਖ਼ਤਰਾ ਸੀ, ਬਿਰਧ ਸਰਦਾਰ ਨੇ ਆਉਂਦਿਆਂ ਹੀ ਵੇਖ ਲਿਆ ਕਿ ਨੌਜਵਾਨ ਤੇ ਲੋੜੋਂ ਵੱਧ

ਚੁਸਤ ਅਸਿਸਟੈਂਟ ਰੈਜ਼ੀਡੈਂਟ ਐਬਟ, ਲਾਹੌਰ ਸਰਕਾਰ ਦੀ ਪਰਜਾ ਉੱਤੇ ਆਪ ਸਿੱਧੀ ਹਕੂਮਤ ਕਰਨ ਵਾਸਤੇ ਤੁੱਲਿਆ ਹੋਇਆ ਸੀ ਤੇ ਉਹ ਲਾਹੌਰ ਦਰਬਾਰ ਦੇ ਬਾਕਾਇਦਾ ਨਿਯਤ ਕੀਤੇ ਗਵਰਨਰ ਨੂੰ, ਜਿਸ ਨੂੰ ਉਸ ਨੇ ਕੇਵਲ ਸਹਾਇਤਾ ਤੇ ਮਸ਼ਵਰਾ ਦੇਣਾ ਸੀ, ਟਿੱਚ ਜਾਣਦਾ ਸੀ।

ਭਾਵੇਂ ਸਰਦਾਰ ਚਤਰ ਸਿੰਘ ਐਬਟ ਦੀਆਂ ਸ਼ਰਾਰਤਾਂ ਬਰਦਾਸ਼ਤ ਨਹੀਂ ਕਰ ਸਕਦਾ ਸੀ, ਪਰ ਕੁਝ ਚਿਰ ਲਈ ਉਸ ਨੇ ਉਸ ਨੂੰ ਖੁੱਲ੍ਹ ਦੇ ਦਿੱਤੀ। ਜਦ ਉਸ ਨੇ ਵੇਖਿਆ ਕਿ ਇਹ ਕਿਸੇ ਤਰ੍ਹਾਂ ਨਹੀਂ ਸੁਧਰਦਾ ਤਾਂ ਉਹ ਸਾਫ਼-ਸਾਫ਼ ਗੱਲ ਕਹਿਣ ਲਈ ਮਜਬੂਰ ਹੋ ਗਿਆ। ੧ ਅਗਸਤ ੧੮੪੮ ਈ. ਵਿਚ ਉਸ ਨੇ ਰੈਜ਼ੀਡੈਂਟ ਨੂੰ ਲਿਖਿਆ ਕਿ "ਅੰਗਰੇਜ਼ਾਂ ਨਾਲ ਸਾਡੀ ਸੰਧੀ ਇਹ ਹੈ ਕਿ ਜਦ ਤਕ ਮਹਾਰਾਜਾ ਬਾਲਗ ਨਹੀਂ ਹੁੰਦਾ, ਉਹ ਉਸ ਦੀ ਰੱਖਿਆ ਕਰਨਗੇ ਤੇ ਜਦ ਉਹ ਹਕੂਮਤ ਕਰਨ ਦੇ ਯੋਗ ਹੋ ਜਾਏਗਾ ਤਾਂ ਇਸ ਦੇਸ ਨਾਲ ਕੋਈ ਵਾਸਤਾ ਨਹੀਂ ਰੱਖਣਗੇ। ਪ੍ਰੰਤੂ ਮੈਂ ਮਹਿਸੂਸ ਕਰਦਾ ਹਾਂ ਕਿ ਐਬਟ ਤੇ ਉਸ ਦੇ ਹੋਰ ਸਾਥੀ ਜਿਸ ਨੀਤੀ 'ਤੇ ਅਮਲ ਕਰ ਰਹੇ ਹਨ, ਉਸ ਦਾ ਮਨੋਰਥ ਅੰਗਰੇਜ਼ਾਂ ਦੇ ਸਾਰੇ ਹੱਕਾਂ ਨੂੰ ਖ਼ਤਮ ਕਰਨਾ ਨਹੀਂ ਸਗੋਂ ਪੰਜਾਬ ਦੀ ਮੁਸਲਮਾਨ ਵੱਸੋਂ ਨੂੰ ਸਿੱਖਾਂ ਦੀ ਦੁਸ਼ਮਣ ਬਣਾ ਕੇ ਅੰਗਰੇਜ਼ਾਂ ਦੇ ਜੱਫੇ ਨੂੰ ਪੱਕਿਆਂ ਕਰਨਾ ਹੈ।"

ਬਸ, ਇਸੇ ਤੋਂ ਗੱਲ ਵਧ ਗਈ ਤੇ ਗਵਰਨਰ ਮੁਸ਼ਕਲਾਂ ਵਿਚ ਫਸ ਗਿਆ। ਜੇਮਜ਼ ਐਬਟ ਨੇ ਸਰਦਾਰ ਚਤਰ ਸਿੰਘ ਦੇ ਰੋਸ ਦਾ ਉੱਤਰ ਇਸ ਤਰ੍ਹਾਂ ਦਿੱਤਾ ਕਿ ਮੁਸਲਮਾਨ ਕਿਸਾਨਾਂ ਨੂੰ ਭੜਕਾਉਣ ਦੇ ਜਤਨ ਵਧੇਰੇ ਤੇਜ਼ ਕਰ ਦਿੱਤੇ। ਉਸ ਦਾ ਮਨੋਰਥ ਇਹ ਜਾਪਦਾ ਸੀ ਕਿ ਉਸ ਇਲਾਕੇ ਵਿੱਚੋਂ ਸਿੱਖ ਫੌਜਾਂ 'ਤੇ ਗਵਰਨਰ ਦਾ ਖੁਰਾ-ਖੋਜ ਹੀ ਮਿਟਾ ਦਿੱਤਾ ਜਾਏ।

ਐਬਟ ਦੇ ਇਸ ਮਨਸੂਬੇ ਉੱਤੇ ਹੋਰ ਵਧੇਰੇ ਚਾਨਣ ਉਸ ਦੀ ਆਪਣੀ ਰਿਪੋਰਟ ਤੋਂ ਪੈਂਦਾ ਹੈ, ਜੋ ਉਸ ਨੇ ਲਾਹੌਰ ਦੇ ਰੈਜ਼ੀਡੈਂਟ ਨੂੰ ਭੇਜੀ ਸੀ। ਉਸ ਨੇ ਲਿਖਿਆ ਸੀ, "ਮੈਂ ਹਜ਼ਾਰੇ ਦੇ ਮੁਖੀਆਂ ਨੂੰ ਇਕੱਠਾ ਕਰ ਕੇ ਸਭ ਹਾਲਾਤ ਦੀ ਵਿਆਖਿਆ ਕੀਤੀ ਤੇ ਉਨ੍ਹਾਂ ਨੂੰ ਆਪਣੇ ਕਤਲ ਕੀਤੇ ਗਏ ਮਾਪਿਆਂ, ਮਿੱਤਰਾਂ ਤੇ ਰਿਸ਼ਤੇਦਾਰਾਂ ਦੀ ਯਾਦ ਦਿਵਾ ਕੇ ਵੰਗਾਰਿਆ ਕਿ ਉਹ ਉੱਠ ਖੜ੍ਹੇ ਹੋਣ ਤੇ ਸਿੱਖ ਫੌਜਾਂ ਦਾ ਖੁਰਾ-ਖੋਜ ਮਿਟਾਉਣ ਵਿਚ ਮੇਰੀ ਮਦਦ ਕਰਨ। ਮੈਂ ਇਸ ਭਾਵ ਦੇ ਪਰਵਾਨੇ ਸਾਰੇ ਇਲਾਕੇ ਵਿਚ ਜਾਰੀ ਕਰ ਦਿੱਤੇ ਤੇ ਆਪ ਇਕ ਸੁਰੱਖਿਅਤ ਥਾਂ ਵੱਲ ਕੂਚ ਕਰ ਦਿੱਤਾ। ਮੈਂ ਹਥਿਆਰਬੰਦ ਕਿਸਾਨਾਂ ਨੂੰ ਇਕੱਠੇ ਹੋਣ ਦਾ ਹੁਕਮ ਜਾਰੀ ਕਰ ਦਿੱਤਾ ਤੇ ਸਿੱਖ ਫੌਜ ਨੂੰ ਤਬਾਹ ਕਰਨ ਲਈ ਆਪਣੀ ਪੂਰੀ ਵਾਹ ਲਾਵਾਂਗਾ।" ਇਸ ਤੋਂ ਸਾਬਤ ਹੋ ਜਾਂਦਾ ਹੈ ਕਿ ਐਬਟ ਕਿਵੇਂ ਹਜ਼ਾਰੇ ਦੇ ਕਬਾਇਲੀਆਂ ਵਿਚ ਸਿੱਖਾਂ ਦੇ ਵਿਰੁੱਧ ਨੀਵੇਂ ਫਿਰਕੂ ਜਜ਼ਬੇ ਉਭਾਰਨ ਦਾ ਜਤਨ ਕਰ ਰਿਹਾ ਸੀ।

ਪ੍ਰੰਤੂ ਉਸ ਨੇ ਇੰਨੇ 'ਤੇ ਹੀ ਬਸ ਨਹੀਂ ਕੀਤੀ। ਉਸ ਨੇ ਦੂਜਾ ਕਦਮ ਇਹ ਚੁੱਕਿਆ ਕਿ ਉਨ੍ਹਾਂ ਦੋਂਹਾਂ ਸਿੱਖ ਰੈਜ਼ਮੈਂਟਾਂ ਨੂੰ ਤਨਖਾਹ ਦੇਣ ਤੋਂ ਇਨਕਾਰ ਕਰ ਦਿੱਤਾ ਜੋ ਗਵਰਨਰ ਦੇ ਨਾਲ ਪਾਖਲੀ ਵਿਚ ਡੇਰੇ ਲਾਈ ਬੈਠੀਆਂ ਸਨ। ਉਸ ਦਾ ਉਜ਼ਰ ਇਹ ਸੀ ਕਿ ਇਹ ਰੈਜ਼ਮੈਂਟਾਂ ਮੁਲਤਾਨ ਦੀ ਬਗਾਵਤ ਵਿਚ ਹਿੱਸਾ ਲੈਣ ਜਾਂ ਲਾਹੌਰ ਵੱਲ ਕੂਚ ਕਰਨ ਦਾ ਇਰਾਦਾ ਕਰ ਰਹੀਆਂ ਹਨ।

ਜੇ ਐਬਟ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਪ੍ਰਤੀਨਿਧ ਮੰਨ ਕੇ ਇਹ ਕੁਝ ਕਰਨਾ ਜ਼ਰੂਰੀ ਸਮਝਦਾ ਸੀ ਤਾਂ ਸਰਦਾਰ ਚਤਰ ਸਿੰਘ ਵੀ ਆਪਣੇ ਮਹਾਰਾਜੇ ਦਲੀਪ ਸਿੰਘ ਤੇ ਆਪਣੇ ਦੇਸ਼ ਦਾ ਹਾਰਦਿਕ ਵਫ਼ਾਦਾਰ ਸੀ। ਅਸਲ ਵਿਚ ਮੁਲਤਾਨ ਵਿਚ ਦੀਵਾਨ ਮੂਲ ਰਾਜ ਦੀ ਬਗ਼ਾਵਤ, ਬੰਨੂ, ਕੋਹਾਟ, ਪਿਸ਼ਾਵਰ ਤੇ ਹੋਰ ਥਾਵਾਂ ਵਿਚ ਸਿੱਖ ਰੈਜ਼ਮੈਂਟਾਂ ਦੇ ਬਲਵੇ ਅਤੇ ਮੱਧ ਪੰਜਾਬ ਤੇ ਜਲੰਧਰ ਦੁਆਬੇ ਵਿਚ ਲੋਕਾਂ ਦੀ ਹਲਚਲ ਆਦਿ ਘਟਨਾਵਾਂ ਆਪੋ ਵਿਚ ਜੁੜੀਆਂ ਹੋਈਆਂ ਸਨ। ਸਭ ਥਾਈਂ ਕਾਰਨ ਇੱਕੋ ਸੀ ਕਿ ਲਾਹੌਰ ਵਿਚ ਉੱਪਰੋਂ-ਉੱਪਰੋਂ ਮਹਾਰਾਜਾ ਦਲੀਪ ਸਿੰਘ ਦੇ ਨਾਂ 'ਤੇ ਰਾਜ ਕਰਨ ਵਾਲੇ ਅੰਗਰੇਜ਼ ਆਪਣੇ-ਆਪ ਨੂੰ ਖੁਦ-ਮੁਖਤਾਰ ਸਮਝ ਕੇ ਪੰਜਾਬ ਦੇ ਲੋਕਾਂ ਤੇ ਸਥਾਨਕ ਮੁਖੀਆਂ ਨਾਲ ਧੱਕੇਸ਼ਾਹੀ ਵਾਲਾ ਵਰਤਾਓ ਕਰ ਰਹੇ ਸਨ। ਸੋ ਇਸ ਵੇਲੇ ਇਹ ਐਨ ਸੁਭਾਵਕ ਸੀ ਕਿ ਉੱਤਰ-ਪੱਛਮੀ ਸਰਹੱਦ ਉੱਤੇ ਸਰਦਾਰ ਚਤਰ ਸਿੰਘ ਵਰਗੀ ਲਿਆਕਤ ਤੇ ਹੈਸੀਅਤ ਦਾ ਸਰਦਾਰ ਅੰਗਰੇਜ਼-ਵਿਰੋਧੀ ਲਹਿਰ ਦੀ ਅਗਵਾਈ ਆਪਣੇ ਹੱਥ ਵਿਚ ਲੈ ਲੈਂਦਾ।

ਸਰਦਾਰ ਚਤਰ ਸਿੰਘ ਨੂੰ ਅੰਗਰੇਜ਼ਾਂ ਦੇ ਵਿਰੁੱਧ ਕੁਝ ਜ਼ਾਤੀ ਰੰਜਸ਼ ਵੀ ਸੀ। ਉਹ ਇਹ ਕਿ ਰਾਜਾ ਸ਼ੇਰ ਸਿੰਘ ਨੇ ਕਈ ਵਾਰੀ ਰੈਜ਼ੀਡੈਂਟ ਕੋਲ ਇਹ ਤਜਵੀਜ਼ ਰੱਖੀ ਸੀ ਕਿ ਉਸ ਦੀ ਭੈਣ (ਸਰਦਾਰ ਚਤਰ ਸਿੰਘ ਦੀ ਪੁੱਤਰੀ) ਦੀ ਸ਼ਾਦੀ ਮਹਾਰਾਜਾ ਦਲੀਪ ਸਿੰਘ ਨਾਲ ਤਹਿ ਕਰ ਦਿੱਤੀ ਜਾਏ, ਪਰ ਰੈਜ਼ੀਡੈਂਟ ਨੇ ਇਨਕਾਰ ਕਰ ਦਿੱਤਾ ਸੀ।

ਅਗਸਤ ੧੮੪੮ ਈ. ਤਕ ਪੰਜਾਬ ਵਿਚ ਸੰਕਟ ਬਹੁਤ ਡੂੰਘਾ ਹੋ ਗਿਆ। ਸਰਦਾਰ ਚਤਰ ਸਿੰਘ ਨੇ ਇਸ ਹਾਲਤ ਦਾ ਫਾਇਦਾ ਉਠਾ ਕੇ ਅੰਗਰੇਜ਼ ਰੈਜ਼ੀਡੈਂਟ ਨੂੰ ਇਕ ਬੜੀ ਲੰਮੀ ਚਿੱਠੀ ਲਿਖੀ, ਜਿਸ ਵਿਚ ਕੈਪਟਨ ਐਬਟ ਨੂੰ ਕਈ ਗਲਤ ਕੰਮਾਂ ਤੇ ਉਕਾਈਆਂ ਦਾ ਦੋਸ਼ੀ ਠਹਿਰਾਇਆ। ਇਨ੍ਹਾਂ ਵਿੱਚੋਂ ਕੁਝ ਇਹ ਸਨ:-

(੧) ਉਸ ਨੇ ਮੁਸਲਮਾਨ ਸਿਪਾਹੀਆਂ ਦੀ ਸਹਾਇਤਾ ਨਾਲ ਕਈ ਕਿਲ੍ਹਿਆਂ ਦੀ ਨਾਕਾਬੰਦੀ ਕੀਤੀ ਸੀ ਤੇ ਪਾਖਲੀ ਦੇ ਗਵਾਂਢ ਨਾਰੇ ਵਿਚ ਹੋਰ ਆਦਮੀ ਭਰਤੀ ਕਰੀ ਜਾ ਰਿਹਾ ਹੈ।

(੨) ਉਸ ਨੇ ੨੦,੦੦੦ ਰੁਪਿਆ ਹਜ਼ਾਰੇ ਦੇ ਕਬਾਇਲੀਆਂ ਨੂੰ ਦਿੱਤਾ ਤੇ ਉਨ੍ਹਾਂ ਨਾਲ ਇਕਰਾਰ ਕੀਤਾ ਹੈ ਕਿ ਜੇ ਉਹ ਸਿੱਖ ਫੌਜਾਂ ਨੂੰ ਤਬਾਹ ਕਰਨ ਤੇ ਗਵਰਨਰ ਨੂੰ ਕਤਲ ਕਰ ਦੇਣ ਤਾਂ ਉਨ੍ਹਾਂ ਨੂੰ ਇਕ ਤੋਂ ਤਿੰਨ ਵਰ੍ਹੇ ਤਕ ਦੇ ਲਗਾਨ ਦੀ ਛੋਟ ਦੇ

ਦਿੱਤੀ ਜਾਏਗੀ।

(੩) ਐਬਟ ਦੀਆਂ ਹਦਾਇਤਾਂ ਹੇਠ ਸਥਾਨਕ ਵਸਨੀਕ ਸਾਰੇ ਕਿਲ੍ਹਿਆਂ ਤੇ ਬਾਹਰਲੀਆਂ ਚੌਂਕੀਆਂ ਦੁਆਲੇ ਘੇਰਾ ਪਾ ਰਹੇ ਹਨ।

(੪) ਐਬਟ ਕਰਨਲ ਕੈਨੋਰਾ ਨੂੰ ਗਵਰਨਰ ਦੇ ਵਿਰੁੱਧ ਭੜਕਾਉਣ ਵਾਲੀਆਂ ਚਿੱਠੀਆਂ ਲਿਖਦਾ ਰਿਹਾ ਹੈ।

(੫) ਹਜ਼ਾਰੇ ਵਿੱਚੋਂ ਐਬਟ ਨੇ ਤੇ ਸਿੰਧ ਸਾਗਰ ਦੁਆਬੇ ਵਿੱਚੋਂ ਨਿਕਲਸਨ ਨੇ ਉਸ ਨੂੰ ਰਸਦ ਤੇ ਹੋਰ ਸਮਾਨ ਭੇਜਣਾ ਬੰਦ ਕਰ ਦਿੱਤਾ ਹੈ।

ਰੈਜ਼ੀਡੈਂਟ ਨੇ ਇਨ੍ਹਾਂ ਦੋਸ਼ਾਂ ਦੀ ਪੜਤਾਲ ਵਾਸਤੇ ਇਹ ਚਿੱਠੀ ਜਾਰਜ ਲਾਰੰਸ ਨੂੰ ਭੇਜ ਦਿੱਤੀ, ਜੋ ਪਿਸ਼ਾਵਰ ਵਿਚ ਮੁੱਖ ਅਸਿਸਟੈਂਟ ਰੈਜ਼ੀਡੈਂਟ ਸੀ ਤੇ ਉਹ ਆਪ ਹਾਲਤ ਨੂੰ ਸੁਧਾਰਨ ਦੇ ਵਿਰੁੱਧ ਸੀ ਤੇ ਗਵਰਨਰ ਨੂੰ ਬੇਇੱਜ਼ਤ ਕਰਨ 'ਤੇ ਤੁੱਲਿਆ ਹੋਇਆ ਸੀ। ਇਸ ਮੰਤਵ ਨੂੰ ਮੁੱਖ ਰੱਖ ਕੇ ਉਸ ਨੇ ਰੈਜ਼ੀਡੈਂਟ ਨੂੰ ਸਲਾਹ ਦਿੱਤੀ ਕਿ ਉਹ ਗ਼ੈਰ-ਵਫਾਦਾਰੀ ਦੇ ਦੋਸ਼ਾਂ ਦੀ ਜਵਾਬਦੇਹੀ ਵਾਸਤੇ ਸਰਦਾਰ ਚਤਰ ਸਿੰਘ ਨੂੰ ਲਾਹੌਰ ਸੱਦੇ। ਜਾਰਜ ਦੇ ਖਿਆਲ ਵਿਚ "ਸਰਦਾਰ ਚਤਰ ਸਿੰਘ ਨੂੰ ਬਾਗ਼ੀ ਫੌਜਾਂ ਤੋਂ, ਜਿਨ੍ਹਾਂ ਉੱਤੇ ਉਸ ਦੇ ਨਾਂ ਤੇ ਮਿਲਖ ਦਾ ਚੋਖਾ ਪ੍ਰਭਾਵ ਸੀ, ਵੱਖ ਕਰਨ ਦਾ ਇਹ ਸਭ ਤੋਂ ਚੰਗਾ ਤਰੀਕਾ ਸੀ।" ਦੂਜੇ ਪਾਸੇ ਉਸ ਨੇ ਗਵਰਨਰ ਨੂੰ ਚਿੱਠੀ ਲਿਖ ਕੇ ਬੇਨਤੀ ਕੀਤੀ ਕਿ ਉਹ ਕੈਪਟਨ ਐਬਟ ਨੂੰ ਮਿਲ ਕੇ ਝਗੜੇ ਵਾਲੇ ਮਾਮਲਿਆਂ ਦਾ ਫੈਸਲਾ ਕਰ ਲਏ। ਪ੍ਰੰਤੂ ਸਰਦਾਰ ਦਾ ਗੌਰਵ ਤੇ ਸ੍ਵੈ-ਸਤਿਕਾਰ ਉਸ ਨੂੰ ਅਜਿਹਾ ਕਰਨ ਤੋਂ ਵਰਜਦਾ ਸੀ। ਉਸ ਨੇ ਜਾਰਜ ਉੱਤੇ ਜ਼ੋਰ ਦਿੱਤਾ ਕਿ ਐਬਟ ਕੱਟੜ ਕਬਾਇਲੀਆਂ ਦੀ ਅਣ-ਅਧਿਕਾਰੀ ਫੌਜ ਨੂੰ ਤੁਰੰਤ ਤੋੜ ਦੇਵੇ। ਇਸ ਦੇ ਉੱਤਰ ਵਿਚ ਜਾਰਜ ਲਾਰੰਸ ਨੇ ਜ਼ਰਾ ਤਲਖ਼ ਹੋ ਕੇ ਲਿਖਿਆ, "ਤੁਹਾਨੂੰ ਪਤਾ ਹੈ ਕਿ ਇਲਾਕਿਆਂ ਵਿਚ ਅੰਗਰੇਜ਼ ਅਫ਼ਸਰ ਇਸ ਲਈ ਨਿਯਤ ਕੀਤੇ ਜਾਂਦੇ ਹਨ ਕਿ ਉਹ ਉਨ੍ਹਾਂ ਦੇ ਚੰਗੇ ਪ੍ਰਬੰਧ ਵਿਚ ਮਦਦ ਦੇਣ ਤੇ ਜੇ ਨਾਜ਼ਮ (ਗਵਰਨਰ) ਹੀ ਉਨ੍ਹਾਂ ਨਾਲ ਮਿਲਵਰਤਨ ਨਾ ਕਰਨ, ਤਾਂ ਕੰਮ ਕਿਵੇਂ ਚੱਲ ਸਕਦਾ ਹੈ?" ਸਰਦਾਰ ਚਤਰ ਸਿੰਘ ਨੇ ਇਹ ਵੀ ਬੇਨਤੀ ਕੀਤੀ ਸੀ ਕਿ ਉਸਦੀ ਸਹਾਇਤਾ ਲਈ ਕੁਝ ਦਸਤੇ ਭੇਜੇ ਜਾਣ। ਇਸ ਦਾ ਮੁੱਖ ਅਸਿਸਟੈਂਟ ਰੈਜ਼ੀਡੈਂਟ ਨੇ ਬੜੀ ਆਕੜ ਨਾਲ ਇਉਂ ਉੱਤਰ ਦਿੱਤਾ, ਤੁਹਾਡੀ ਇਸ ਦਰਖ਼ਾਸਤ ਸੰਬੰਧੀ ਕਿ ਮੈਂ ਇਥੋਂ ਹਜ਼ਾਰੇ ਨੂੰ ਕੁਝ ਦਸਤੇ ਭੇਜਾਂ, ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਕੀ ਸਮਝਦੇ ਹੋ? ਅੰਗਰੇਜ਼ ਅਫ਼ਸਰ ਦੇਸ਼ ਵਿਚ ਅਮਨ ਤੇ ਫੌਜਾਂ ਵਿਚ ਜ਼ਬਤ ਕਾਇਮ ਰੱਖਣ ਲਈ ਨਿਯਤ ਕੀਤੇ ਜਾਂਦੇ ਹਨ। ਇਹ ਕਿੰਨੀ ਫਜ਼ੂਲ ਗੱਲ ਹੈ ਕਿ ਮੈਂ ਇਥੋਂ ਫ਼ੌਜ ਭੇਜਾਂ, ਤਾਂ ਜੁ ਉਹ ਉਥੇ ਜਾ ਕੇ ਬਾਗੀਆਂ ਨਾਲ ਮਿਲ ਜਾਣ!" ਜਦ ਸਰਦਾਰ ਨੇ ਇਹ ਉਜ਼ਰ ਕੀਤਾ ਕਿ ਐਬਟ ਲਈ ਫੌਜ ਦੇ ਨਵੇਂ ਦਸਤੇ ਭਰਤੀ ਕਰਨਾ ਅਯੋਗ ਹੈ ਤਾਂ ਜਾਰਜ ਲਾਰੰਸ ਨੇ ਬੜਾ ਅਨੋਖਾ ਉੱਤਰ ਦਿੱਤਾ ਕਿ, "ਉਹਨੇ ਜਿੰਨੇ ਸੌਖ ਨਾਲ ਇਹ ਭਰਤੀ ਕੀਤੀ ਹੈ, ਓਵੇਂ ਹੀ

ਸੌਖਿਆਂ ਉਨ੍ਹਾਂ ਨੂੰ ਬਰਖ਼ਾਸਤ ਵੀ ਕਰ ਸਕਦਾ ਹੈ।"

ਇਨ੍ਹਾਂ ਗੱਲਾਂ ਤੋਂ ਸਾਫ਼ ਦਿੱਸ ਰਿਹਾ ਸੀ ਕਿ ਕਿਸੇ ਵੀ ਪੱਧਰ 'ਤੇ ਅੰਗਰੇਜ਼ ਅਫ਼ਸਰ ਦਲੀਲ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਸਨ। ਜਾਪਦਾ ਸੀ ਕਿ ਅੰਗਰੇਜ਼ ਅਧਿਕਾਰੀਆਂ ਨੇ ਖੂਬ ਸੋਚ-ਸਮਝ ਕੇ ਇਹ ਮਨਸੂਬਾ ਬਣਾਇਆ ਸੀ ਕਿ ਜਿੱਥੇ ਵੀ ਲਾਹੌਰ ਦਰਬਾਰ ਦੇ ਗਵਰਨਰ ਜਾਂ ਹੋਰ ਅਫ਼ਸਰ ਸੁਯੋਗ ਤੇ ਸ੍ਵੈ-ਸਤਿਕਾਰ ਵਾਲੇ ਪ੍ਰਬੰਧਕਾਂ ਵਜੋਂ ਉੱਘੀ ਯੋਗਤਾ ਦਾ ਸਬੂਤ ਦੇਣ, ਉਥੇ ਹੀ ਉਨ੍ਹਾਂ ਨੂੰ ਛੁਟਿਆਉਣ ਤੇ ਉਨ੍ਹਾਂ ਦੀ ਹੇਠੀ ਕਰਨ ਦਾ ਜਤਨ ਕੀਤਾ ਜਾਏ। ਸਰਦਾਰ ਚਤਰ ਸਿੰਘ ਨੂੰ ਅਜਿਹੀ ਉਲਝਣ ਵਿਚ ਫਸਾਉਣਾ ਕਿਸੇ ਤਰ੍ਹਾਂ ਵੀ ਯੋਗ ਤੇ ਨਿਆਂਪੂਰਨ ਨਹੀਂ ਸੀ। ਪਰ ਨਿਕਲਸਨ ਨੇ ਵੀ, ਜੋ ਪ੍ਰਗਟ ਤੌਰ 'ਤੇ ਗਵਰਨਰ ਤੇ ਉਸ ਦੇ ਅੰਗਰੇਜ਼ ਅਸਿਸਟੈਂਟ ਦੇ ਵਿਚਕਾਰ ਵਿਚੋਲੇ ਦਾ ਕੰਮ ਕਰ ਰਿਹਾ ਸੀ, ਸਰਦਾਰ ਚਤਰ ਸਿੰਘ ਨੂੰ ਧਮਕਾਉਣ ਦਾ ਜਤਨ ਕੀਤਾ। ਉਸ ਨੂੰ ਚਿਤਾਵਨੀ ਦਿੰਦਿਆਂ ਹੋਇਆਂ ਉਸ ਨੇ ਲਿਖਿਆ, "ਜੇ ਉਹ ਤੁਰੰਤ ਅਧੀਨਤਾ ਮੰਨ ਲਏ ਤੇ ਫੌਜਾਂ ਨੂੰ ਆਪੋ-ਆਪਣੇ ਟਿਕਾਣਿਆਂ 'ਤੇ ਵਾਪਸ ਭੇਜ ਦੇਵੇ ਤਾਂ ਮੈਂ ਇਸ ਗੱਲ ਦਾ ਜ਼ਿੰਮਾ ਲੈਂਦਾ ਹਾਂ ਕਿ ਉਸ ਦੀ ਜਾਨ ਤੇ ਇੱਜ਼ਤ ਬਚ ਜਾਏਗੀ। ਪਰ ਮੈਂ ਉਸ ਦੀ ਨਜ਼ਾਮਤ (ਗਵਰਨਰੀ) ਤੇ ਜਾਗੀਰ ਦੀ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ। ਅਸਲ ਵਿਚ ਮੈਂ ਉਸ ਨੂੰ ਪਹਿਲਾਂ ਹੀ ਲਿਖ ਦਿੱਤਾ ਹੈ ਕਿ ਉਸ ਨੂੰ ਇਹ ਚੀਜ਼ਾਂ ਬਚਣ ਦੀ ਉਮੀਦ ਨਹੀਂ ਰੱਖਣੀ ਚਾਹੀਦੀ। ਇਸ ਤੋਂ ਛੁੱਟ ਉਸ ਨੂੰ ਪੰਜਾਬ ਦੇ ਕਿਸੇ ਵੀ ਹਿੱਸੇ ਵਿਚ, ਜਿੱਥੇ ਅਸੀਂ ਉਸ ਨੂੰ ਰੱਖਣਾ ਚਾਹੀਏ, ਰਹਿਣਾ ਪਏਗਾ ਅਤੇ ਜੇ ਇਹ ਯੋਗ ਸਮਝਿਆ ਗਿਆ ਤਾਂ ਉਹਨੂੰ ਇਕ ਜਾਂ ਦੋ ਵਰ੍ਹੇ ਲਈ ਤੀਰਥ-ਯਾਤਰਾ ਉੱਤੇ ਪੰਜਾਬ ਤੋਂ ਬਾਹਰ ਜਾਣਾ ਪਏਗਾ।

ਜਦ ਸਰਦਾਰ ਚਤਰ ਸਿੰਘ ਵਿਧਾਨਕ ਸਾਧਨਾਂ ਨਾਲ ਅੰਗਰੇਜ਼ ਰੈਜ਼ੀਡੈਂਟ ਤੇ ਉਸ ਦੇ ਮਾਤਹਿਤਾਂ ਉੱਤੇ ਇਹ ਪ੍ਰਭਾਵ ਨਾ ਪਾ ਸਕਿਆ ਕਿ ਉਨ੍ਹਾਂ ਦਾ ਆਪ-ਹੁੱਦਰਾ ਵਤੀਰਾ ਭਰੋਵਾਲ ਦੇ ਅਹਿਦਨਾਮੇ ਦੇ ਉਲਟ ਹੈ ਤਾਂ ਉਸ ਨੇ ਮਹਾਰਾਜਾ ਦਲੀਪ ਸਿੰਘ ਤੇ ਲਾਹੌਰ ਦਰਬਾਰ ਨਾਲ ਨਿਆਂ ਕਰਾਉਣ ਦਾ ਇੱਕੋ-ਇੱਕ ਰਹਿੰਦਾ ਸਾਧਨ ਹਥਿਆਰਬੰਦ ਬਗ਼ਾਵਤ ਵਰਤਣ ਦਾ ਫੈਸਲਾ ਕਰ ਲਿਆ। ਸੋ ਉਸ ਨੇ ਪਿਸ਼ਾਵਰ, ਅਟਕ, ਬੰਨੂੰ ਤੇ ਹੋਰ ਥਾਵਾਂ ਦੀਆਂ ਸਿੱਖ ਰੈਜ਼ਮੈਂਟਾਂ ਨੂੰ ਅਪੀਲ ਕੀਤੀ ਕਿ ਉਹ ਦੇਸ਼-ਭਗਤ ਬਣ ਕੇ ਉੱਠ ਖੜ੍ਹੇ ਹੋਣ। ਪਿਸ਼ਾਵਰ ਦੀਆਂ ਸਿੱਖ ਫੌਜਾਂ ਨੇ ਉਸ ਦੀ ਮੰਗ 'ਤੇ ਤਤਕਾਲ ਫੁੱਲ ਚਾੜ੍ਹਦਿਆਂ ਉਸ ਨੂੰ ਲਿਖਤੀ ਇਕਰਾਰਨਾਮਾ ਭੇਜਿਆ, ਜਿਸ ਵਿਚ ਗਵਰਨਰ ਤੇ ਉਸ ਦੇ ਪਵਿੱਤਰ ਉਦੇਸ਼ ਨਾਲ ਵਫ਼ਾਦਾਰ ਰਹਿਣ ਦੀ ਪ੍ਰਤਿੱਗਿਆ ਕੀਤੀ। ਛੇਤੀ ਪਿੱਛੋਂ ਬੰਨੂੰ ਦੀਆਂ ਰੈਜ਼ਮੈਂਟਾਂ ਨੇ ਵੀ ਉਸ ਨਾਲ ਵਫਾਦਾਰੀ ਦਾ ਐਲਾਨ ਕਰ ਦਿੱਤਾ। ਅਸਲ ਵਿਚ ਲਾਹੌਰ ਦਰਬਾਰ ਦੇ ਸਿਪਾਹੀ ਚਿਰ ਤੋਂ ਇਸ ਮੌਕੇ ਦੀ ਉਡੀਕ ਕਰ ਰਹੇ ਸਨ ਤੇ ਉਨ੍ਹਾਂ ਨੂੰ ਸਲਤੁਜ ਦੇ ਕੰਢੇ ਦੀ ਹਾਰ ਭੁੱਲੀ ਨਹੀਂ ਸੀ, ਸਗੋਂ ਉਨ੍ਹਾਂ ਨੂੰ ਆਪਣੀ ਹਾਰ ਉੱਤੇ

ਰਹਿ-ਰਹਿ ਕੇ ਗੁੱਸਾ ਆ ਰਿਹਾ ਸੀ। ਇਨ੍ਹਾਂ ਸਿਪਾਹੀਆਂ ਵਿਚ ਇਹ ਆਮ ਯਕੀਨ ਫੈਲਿਆ ਹੋਇਆ ਸੀ ਕਿ ਪੰਜਾਬ ਢਾਈ ਵਰ੍ਹੇ ਬਾਅਦ ਮੁੜ ਕੇ ਆਪਣੀ ਖ਼ੁੱਸੀ ਹੋਈ ਸੁਤੰਤਰਤਾ ਪ੍ਰਾਪਤ ਕਰ ਲਏਗਾ। ਮਹਾਰਾਣੀ ਜਿੰਦਾਂ ਦੇ ਦੇਸ਼-ਨਿਕਾਲੇ ਨਾਲ ਅੰਗਰੇਜ਼ਾਂ ਦੇ ਵਿਰੁੱਧ ਉਨ੍ਹਾਂ ਦੀ ਦੁਸ਼ਮਣੀ ਹੋਰ ਵੀ ਡੂੰਘੀ ਹੋ ਗਈ ਸੀ।

ਸਰਦਾਰ ਚਤਰ ਸਿੰਘ ਇਨ੍ਹਾਂ ਤਾਜ਼ੀਆਂ ਘਟਨਾਵਾਂ ਬਾਰੇ ਆਪਣੇ ਪੁੱਤਰਾਂ ਨਾਲ ਵੀ ਚਿੱਠੀ-ਪੱਤਰ ਕਰ ਰਿਹਾ ਸੀ। ਜਦ ਉਸ ਨੇ ਵੇਖਿਆ ਕਿ ਰਾਜਾ ਸ਼ੇਰ ਸਿੰਘ ਰਾਸ਼ਟਰੀ ਮਨੋਰਥ ਦੀ ਪ੍ਰੋੜ੍ਹਤਾ ਕਰਨ ਵਿਚ ਕੁਝ ਢਿੱਲ-ਮੱਠ ਕਰ ਰਿਹਾ ਹੈ ਤਾਂ ਉਸ ਨੇ ਉਹਨੂੰ ਝਾੜ ਪਾਉਂਦਿਆਂ ਹੋਇਆਂ ਲਿਖਿਆ, "ਅੰਗਰੇਜ਼ਾਂ ਨਾਲ ਹੋਏ ਸਮਝੌਤੇ ਨਾਲ ਤੇਰਾ ਕੋਈ ਮਤਲਬ ਨਹੀਂ ਹੈ। ਜੇ ਤੂੰ ਮੇਰੀ ਜਾਨ ਤੇ ਆਪਣੇ ਦੇਸ਼ ਦੇ ਧਰਮ ਨੂੰ ਬਚਾਉਣਾ ਚਾਹੁੰਦਾ ਹੈਂ ਤਾਂ ਤੈਨੂੰ ਮੇਰੇ ਕਹੇ 'ਤੇ ਚੱਲਣਾ ਚਾਹੀਦਾ ਹੈ।" ਇਸ ਤੋਂ ਛੇਤੀ ਬਾਅਦ ਉਸ ਨੇ ਸਰਦਾਰ ਸੂਰਤ ਸਿੰਘ ਮਜੀਠੀਏ ਨੂੰ ਰਾਜੇ ਕੋਲ ਭੇਜਿਆ ਤੇ ਉਸ ਉੱਤੇ ਜ਼ੋਰ ਦਿੱਤਾ ਕਿ ਉਹ ਬਿਨਾਂ ਹੋਰ ਢਿੱਲ-ਮੱਠ ਦੇ ਅੰਗਰੇਜ਼ਾਂ ਦੇ ਵਿਰੁੱਧ ਬਗ਼ਾਵਤ ਕਰ ਦੇਵੇ। ਮਜੀਠੀਏ ਸਰਦਾਰ ਨੇ ਰਾਜਾ ਸ਼ੇਰ ਸਿੰਘ ਦੇ ਕੈਂਪ ਵਿਚ ਪਹੁੰਚਦਿਆਂ ਸਾਰ ਐਲਾਨ ਕਰ ਦਿੱਤਾ ਕਿ "ਫਰੰਗੀਆਂ ਨੂੰ ਦੇਸ਼ ਵਿੱਚੋਂ ਕੱਢਣ ਦਾ ਇਹੀ ਮੌਕਾ ਹੈ ਤੇ ਜਿਹੜਾ ਸਰਦਾਰ ਇਸ ਵੇਲੇ ਇਸ ਲਹਿਰ ਦੀ ਵਿਰੋਧਤਾ ਕਰੇਗਾ, ਉਹਨੂੰ ਖਾਲਸੇ ਦਾ ਦੁਸ਼ਮਣ ਸਮਝਿਆ ਜਾਏਗਾ।"

ਰਾਜਾ ਸ਼ੇਰ ਸਿੰਘ ਨੇ ਬੜੇ ਉਤਸ਼ਾਹ ਨਾਲ ਇਸ ਸੁਨੇਹੇ 'ਤੇ ਫੁੱਲ ਚੜ੍ਹਾਏ ਤੇ ਉਹ ਆਪਣੀ ੫,੦੦੦ ਫੌਜ ਸਮੇਤ ੧੪ ਸਤੰਬਰ ੧੮੪੮ ਈ. ਨੂੰ ਦੀਵਾਨ ਮੂਲ ਰਾਜ ਨਾਲ ਮਿਲ ਗਿਆ। ਅੰਗਰੇਜ਼-ਵਿਰੋਧੀ ਕੈਂਪ ਵਿਚ ਜਾਣ ਤੋਂ ਝੱਟ ਪਹਿਲਾਂ ਰਾਜਾ ਸ਼ੇਰ ਸਿੰਘ ਨੇ ਆਪਣੇ ਛੋਟੇ ਭਰਾ ਗੁਲਾਬ ਸਿੰਘ ਨੂੰ ਲਾਹੌਰ ਵਿਚ ਹੇਠਲੇ ਮਨੋਭਾਵ ਦੀ ਇਕ ਚਿੱਠੀ ਲਿਖੀ, "ਸਿੰਘ ਸਾਹਿਬ (ਸਰਦਾਰ ਚਤਰ ਸਿੰਘ) ਨੇ ਮੈਨੂੰ ਕਈ ਵਾਰ ਲਿਖਿਆ ਕਿ ਕੈਪਟਨ ਐਬਟ ਨੇ ਉਸ ਨੂੰ ਬਹੁਤ ਦੁੱਖ ਤੇ ਕਸ਼ਟ ਦਿੱਤਾ ਤੇ ਉਸ ਨੇ ਖਾਲਸਾ ਫੌਜ ਨੂੰ ਖਿੰਡਾਉਣ ਤੇ ਤਬਾਹ ਕਰਨ ਦਾ ਵੀ ਪੂਰਾ ਜਤਨ ਕੀਤਾ ਹੈ। ਇਸ ਵਾਸਤੇ ਮੈਂ ਸਿੰਘ ਸਾਹਿਬ ਨਾਲ ਮਿਲਣ ਤੇ ਆਪਣੇ-ਆਪ ਨੂੰ ਆਪਣੇ ਧਰਮ ਦੇ ਅਰਪਨ ਕਰਨ ਦਾ ਫੈਸਲਾ ਕਰ ਲਿਆ ਹੈ। ਜੇ ਤੇਰੇ ਦਿਲ ਵਿਚ ਸਿੰਘ ਸਾਹਿਬ ਦੀਆਂ ਹਦਾਇਤਾਂ ਦਾ ਜਾਂ ਮੇਰੀ ਨਸੀਹਤ ਦਾ ਕੋਈ ਸਤਿਕਾਰ ਹੈ ਤਾਂ ਇਸ ਚਿੱਠੀ ਦੇ ਮਿਲਦਿਆਂ ਹੀ ਸਿੰਘ ਸਾਹਿਬ ਨਾਲ ਰਲਣ ਵਾਸਤੇ ਤਿਆਰ ਹੋ ਜਾਓ, ਜਾਂ ਜੰਮੂ ਜਾਂ ਕਿਸੇ ਹੋਰ ਯੋਗ ਥਾਂ 'ਤੇ ਚਲੇ ਜਾਓ। ਜੇ ਤੂੰ ਮੇਰੀ ਨਸੀਹਤ ਉੱਤੇ ਕੰਨ ਨਹੀਂ ਧਰੇਂਗਾ, ਤਾਂ ਜਿਵੇਂ ਤੇਰੀ ਮਰਜ਼ੀ ਹੈ ਕਰ; ਪਰ ਇਹ ਯਾਦ ਰੱਖ ਕਿ ਪੁੱਤਰਾਂ ਦਾ ਇਹ ਫਰਜ਼ ਬਣਦਾ ਹੈ ਕਿ ਆਪਣੇ ਪਿਤਾ ਦਾ ਹੁਕਮ ਮੰਨਣ ਕਿਉਂ ਜੁ ਜੀਵਨ ਛਿਨ-ਭੰਗਰ ਹੈ। ਹੋਰ ਚਿੱਠੀ ਦੀ ਉਡੀਕ ਨਾ ਕਰੀਂ। ਸਾਡੇ ਵਿਚਕਾਰ ਰੱਬ ਜ਼ਾਮਨ ਹੈ। ਜੇ ਅਸੀਂ ਜੀਂਦੇ

ਰਹੇ ਤਾਂ ਮਿਲ ਪਵਾਂਗੇ, ਨਹੀਂ ਤਾਂ ਜੋ ਵਾਹਿਗੁਰੂ ਦਾ ਭਾਣਾ! ਮੈਂ ਪਹਿਲੀ ਅੱਸੂ (੧੪ ਸਤੰਬਰ ੧੮੪੮ ਈ.) ਨੂੰ ਮੁਲਤਾਨ ਦੇ ਕਿਲ੍ਹੇ ਵਿਚ ਚਲਿਆ ਜਾਵਾਂਗਾ।"

ਅਟਾਰੀ ਵਾਲੇ ਸਰਦਾਰਾਂ ਦੇ ਉਲਟਣ ਨਾਲ ਅੰਗਰੇਜ਼-ਵਿਰੋਧੀ ਬਗਾਵਤ ਸਾਰੇ ਪੰਜਾਬ ਵਿਚ ਫੈਲ ਗਈ। ਇਸ ਗੱਲ ਦੀ ਰਿਪੋਰਟ ਦਿੰਦਿਆਂ ਮਿਸਟਰ ਕਰੀ ਨੇ ਆਪਣੀ ਸਰਕਾਰ ਨੂੰ ਲਿਖਿਆ, "ਸਰਦਾਰ ਚਤਰ ਸਿੰਘ ਦੀ ਬਗਾਵਤ ਨੇ ਇਸ ਵੇਲੇ ਤਕ ਥੋੜ੍ਹੇ ਹਮਾਇਤੀ ਬਣਾਏ ਹਨ ਕਿ ਬਹੁਤੇ, ਪਰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਸਾਰੇ ਦੇਸ਼ ਵਿਚ ਰਾਜਨੀਤਿਕ ਅਸ਼ਾਂਤੀ ਇੰਨੀ ਆਮ ਹੈ ਤੇ ਉਸ ਨੇ ਇੰਨੇ ਸਾਧਨ ਅਪਣਾਏ ਹਨ ਕਿ... ਇਸ ਨੇ ਛੇਤੀ ਹੀ ਆਮ ਬਗਾਵਤ ਦਾ ਰੂਪ ਧਾਰ ਲੈਣਾ ਹੈ। ਸੋ ਨਿਰਾ ਸਰਦਾਰ ਚਤਰ ਸਿੰਘ ਨੂੰ ਹਜ਼ਾਰੇ ਵਿਚ ਦਬਾ ਲੈਣਾ ਅਮਨ ਕਾਇਮ ਕਰਨ ਵਿਚ ਬਹੁਤਾ ਸਹਾਇਕ ਨਹੀਂ ਹੋਵੇਗਾ।"

ਇਸ ਆਮ ਬਗਾਵਤ ਦਾ ਨਤੀਜਾ ਇਹ ਹੋਇਆ ਕਿ ਜਿਹੜੇ ਕਬਾਇਲੀਆਂ ਨੇ ਪਹਿਲਾਂ ਜੇਮਜ਼ ਐਬਟ ਨੂੰ ਹਮਾਇਤ ਦੇ ਬਚਨ ਦਿੱਤੇ ਸਨ, ਉਨ੍ਹਾਂ ਨੇ ਵੀ ਬਹੁਤੀ ਥਾਈਂ ਉਸ ਨੂੰ ਛੱਡ ਦਿੱਤਾ। ਐਬਟ ਨੇ ਆਪਣੇ ਵੱਡੇ ਅਫਸਰਾਂ ਨੂੰ ਇਸ ਗੱਲ ਦੀ ਇਤਲਾਹ ਦਿੰਦਿਆਂ ਹੋਇਆਂ ਲਿਖਿਆ, "ਤਿੰਨ ਗਵਾਂਢੀ ਕਿਲ੍ਹਿਆਂ ਦੀ ਫੌਜ ਨੇ ਮੇਰੀ ਅਧੀਨਤਾ ਮੰਨ ਲਈ ਸੀ ਤੇ ਕੁਝ ਪੇਸ਼ਗੀ ਤਨਖਾਹ ਵੀ ਵਸੂਲ ਕਰ ਲਈ ਸੀ। ਇਸ ਤੋਂ ਛੁੱਟ ਉਨ੍ਹਾਂ ਨੇ ਛੱਛ ਦੇ ਕਾਰਦਾਰ ਦੇ ਨਾਂ ਹੋਰ ਦੋ ਮਹੀਨਿਆਂ ਦੀ ਤਨਖਾਹ ਦੇ ਪਰਵਾਨੇ ਲੈ ਲਏ ਸਨ। ਉਨ੍ਹਾਂ ਨੂੰ ਸਾਰੇ ਪਿਛਲੇ ਬਕਾਏ ਅਦਾ ਕਰਨ ਦਾ ਬਚਨ ਦਿੱਤਾ ਗਿਆ ਸੀ। ਸ਼ਰਤ ਇਹ ਸੀ ਕਿ ਉਹ ਸਰਦਾਰ ਚਤਰ ਸਿੰਘ ਕੋਲ ਨੌਕਰੀ ਨਹੀਂ ਕਰਨਗੇ। ਪਰ ਇਹ ਲੋਕ ਹੁਕਮ ਮੰਨਣ ਦਾ ਬਹੁਤ ਪੱਕਾ ਬਚਨ ਦੇ ਕੇ ਵੀ ਸਾਰੇ ਇਕੱਠੇ ਹੀ ਦੁਸ਼ਮਣ ਨਾਲ ਜਾ ਰਲੇ ਹਨ। ਇਸ ਗੱਲ ਨਾਲ ਮੇਰੇ ਕੈਂਪ ਵਿਚ ਬਹੁਤ ਗੁੱਸਾ ਫੈਲ ਗਿਆ ਹੈ। ਇਹ ਵੀ ਸਾਬਤ ਹੋ ਗਿਆ ਹੈ ਕਿ ਸਿਰਵਾਨ ਦੀ ਕਿਲ੍ਹੇਬੰਦ ਫੌਜ ਵੀ ਸਰਦਾਰ ਚਤਰ ਸਿੰਘ ਨਾਲ ਚਿੱਠੀ-ਪੱਤਰ ਕਰ ਰਹੀ ਹੈ।"

**ਦੋਸਤ ਮੁਹੰਮਦ ਖਾਂ ਨਾਲ ਗੱਠਜੋੜ**

ਸਰਦਾਰ ਚਤਰ ਸਿੰਘ ਨੇ ਸਭ ਤੋਂ ਵੱਧ ਸਿਆਣੀ ਚਾਲ ਇਹ ਚੱਲੀ ਕਿ ਕਾਬਲ ਦੇ ਹੁਕਮਰਾਨ ਅਮੀਰ ਦੋਸਤ ਮੁਹੰਮਦ ਖ਼ਾਂ ਨਾਲ ਗੱਠਜੋੜ ਕਰ ਕੇ ਅੰਗਰੇਜ਼-ਵਿਰੋਧੀ ਮੋਰਚੇ ਨੂੰ ਹੋਰ ਤਕੜਾ ਕਰ ਲਿਆ। ਇਹ ਅਸਲ ਵਿਚ ਮੁਸਲਮਾਨਾਂ ਨੂੰ ਸਿੱਖਾਂ ਦੇ ਵਿਰੁੱਧ ਖੜ੍ਹੇ ਕਰਨ ਦੀ ਅੰਗਰੇਜ਼ੀ ਨੀਤੀ ਦੇ ਵਿਰੁੱਧ ਇਕ ਪਰਤਵੀਂ ਚਾਲ ਸੀ। ਇਸ ਮੰਤਵ ਲਈ ਉਸ ਨੇ ਸੁਲਤਾਨ ਮੁਹੰਮਦ ਖਾਂ ਦੀ ਰਾਹੀਂ ਅਫਗਾਨਿਸਤਾਨ ਦੇ ਹਾਕਮ ਨਾਲ ਇਕ ਮੁਲਾਕਾਤ ਦਾ ਪ੍ਰਬੰਧ ਕੀਤਾ। ਚੰਗੇ ਭਾਗਾਂ ਨੂੰ ਇਸ ਦਾ ਨਤੀਜਾ ਇਹ ਨਿਕਲਿਆ ਕਿ ਦੋਸਤ ਮੁਹੰਮਦ ਖ਼ਾਂ ਨੇ ਸਰਦਾਰ ਚਤਰ ਸਿੰਘ ਨਾਲ ਮਿਲਣਾ ਪ੍ਰਵਾਨ ਕਰ ਲਿਆ ਤੇ ਸਰਦਾਰ ਚਤਰ ਸਿੰਘ ਨੇ ਇਕਰਾਰ ਕੀਤਾ ਕਿ ਸਾਡੇ ਦੁਸ਼ਮਣ ਅੰਗਰੇਜ਼

ਨੂੰ ਪੰਜਾਬ ਵਿੱਚੋਂ ਕੱਢਣ ਤੋਂ ਬਾਅਦ ਪਿਸ਼ਾਵਰ ਅਫਗਾਨਾਂ ਦੇ ਹਵਾਲੇ ਕਰ ਦਿੱਤਾ ਜਾਏਗਾ। ਸੋ ਫੈਸਲਾ ਹੋਇਆ ਕਿ ਅਮੀਰ ਦਾ ਪੁੱਤਰ, ਅਕਰਮ ਖਾਂ ਆਪਣੀ ਫੌਜ ਸਮੇਤ ਸਰਦਾਰ ਚਤਰ ਸਿੰਘ ਦੇ ਕੈਂਪ ਵਿਚ ਪਹੁੰਚ ਜਾਏਗਾ।

ਇਸ ਤਰ੍ਹਾਂ ਆਪਣੀ ਸਥਿਤੀ ਨੂੰ ਪੱਕਿਆਂ ਕਰ ਕੇ ਸਰਦਾਰ ਨੇ ਐਬਟ ਵੱਲੋਂ ਚੱਲੀਆਂ ਗਈਆਂ ਚਾਲਾਂ ਨੂੰ ਅਸਫਲ ਕਰਨ ਲਈ ਪਰਤਵੇਂ ਵਾਰ ਸ਼ੁਰੂ ਕੀਤੇ। ਮੰਦੇ ਭਾਗਾਂ ਨੂੰ ਪਹਿਲੀ ਕਾਰਵਾਈ ਆਪਣੇ ਹੀ ਤੋਪਖਾਨੇ ਦੇ ਇਕ ਅਫਸਰ ਕਰਨਲ ਕੈਨੋਰਾ ਦੇ ਵਿਰੁੱਧ ਕਰਨੀ ਪੈ ਗਈ। ਇਹ ਆਦਮੀ ਐਬਟ ਦਾ ਖੁਫੀਆ ਹਮਾਇਤੀ ਸੀ। ਜਦ ਐਬਟ ਨੇ ਹਰੀਪੁਰ ਵਿਚ ਮੁਸਲਮਾਨ ਸਿਪਾਹੀਆਂ ਦੀ ਮਦਦ ਨਾਲ ਗਵਰਨਰ ਦੀ ਕੋਠੀ ਦੇ ਦੁਆਲੇ ਘੇਰਾ ਪਾਇਆ ਤੇ ਉਨ੍ਹਾਂ ਉੱਤੇ ਜ਼ੋਰ ਦਿੱਤਾ ਕਿ ਅੰਗਰੇਜ਼ਾਂ ਦੇ ਵਿਰੋਧੀ ਹਰੇਕ ਸਿੱਖ ਦਾ ਖੁਰਾ-ਖੋਜ ਮਿਟਾ ਦਿਓ ਤਾਂ ਕਰਨਲ ਕੈਨੋਰਾ ਨੇ ਸਿੱਖ ਫੌਜ ਨਾਲ ਮਿਲਵਰਤਣ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਦੇ ਸਪੁਰਦ ਦੋ ਤੋਪਾਂ ਸਨ, ਪਰ ਉਸ ਨੇ ਨਾ ਕੇਵਲ ਸ਼ਹਿਰੋਂ ਬਾਹਰ ਨਿਕਲਣ ਤੋਂ ਇਨਕਾਰ ਕਰ ਦਿੱਤਾ ਸਗੋਂ ਆਪਣੇ ਹੀ ਆਦਮੀਆਂ ਉੱਤੇ ਗੋਲਾਬਾਰੀ ਕਰਨ ਲਈ ਦੋਵੇਂ ਤੋਪਾਂ ਬੀੜ ਲਈਆਂ। ਕੁਦਰਤੀ ਤੌਰ 'ਤੇ ਗਵਰਨਰ ਆਪਣੇ ਹੀ ਇਕ ਮਾਤਹਿਤ ਅਫਸਰ ਦੇ ਬਾਗੀਆਨਾ ਵਤੀਰੇ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਸੀ। ਇਸ ਲਈ ਉਸ ਨੇ ਉਹਦੇ ਪਾਸੋਂ ਤੋਪਾਂ ਖੋਹਣ ਵਾਸਤੇ ਸਿੱਖ ਪਿਆਦਾ ਫੌਜ ਦੀਆਂ ਦੋ ਕੰਪਨੀਆਂ ਭੇਜ ਦਿੱਤੀਆਂ। ਇਸ ਉੱਤੇ ਕਰਨਲ ਕੈਨੋਰਾ ਨੇ ਪਹਿਲਾਂ ਤਾਂ ਆਪਣੇ ਹੀ ਤੋਪਚੀ ਨੂੰ, ਜਿਸ ਨੇ ਪੈਦਲ ਫੌਜ 'ਤੇ ਗੋਲੀ ਚਲਾਉਣ ਤੋਂ ਇਨਕਾਰ ਕਰ ਦਿੱਤਾ ਸੀ, ਗੋਲੀ ਮਾਰ ਕੇ ਉਡਾ ਦਿੱਤਾ ਤੇ ਇਸ ਤੋਂ ਬਾਅਦ ਉਸ ਨੇ ਇਕ ਤੋਪ ਨੂੰ ਆਪ ਅੱਗ ਲਾ ਦਿੱਤੀ। ਚੰਗੇ ਭਾਗਾਂ ਨੂੰ ਤੋਪ ਚੱਲੀ ਨਾ ਤੇ ਬਚਾਅ ਹੋ ਗਿਆ। ਇਸ ਤੋਂ ਬਾਅਦ ਹੋਈ ਝੜਪ ਵਿਚ ਕਰਨਲ ਕੈਨੋਰਾ ਤੇ ਸਿੱਖ ਦਸਤੇ ਦੇ ਦੋ ਅਫਸਰ ਮਾਰੇ ਗਏ। ਜੇਮਜ਼ ਐਬਟ ਨੇ ਇਸ ਨੂੰ 'ਬੇਦਰਦੀ ਭਰਿਆ ਕਤਲ' ਆਖ ਕੇ ਸਰਦਾਰ ਚਤਰ ਸਿੰਘ ਕੋਲੋਂ ਮੰਗ ਕੀਤੀ ਕਿ ਉਹ ਕੈਨੋਰਾ ਦੇ ਕਾਤਲਾਂ ਨੂੰ ਉਹਦੇ ਹਵਾਲੇ ਕਰ ਦੇਵੇ ਤਾਂ ਜੁ ਉਨ੍ਹਾਂ ਉੱਤੇ ਮੁਕੱਦਮਾ ਚਲਾ ਕੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਏ।

ਸਰਦਾਰ ਚਤਰ ਸਿੰਘ ਨੇ ਇਸ ਦੋਸ਼ ਦਾ ਖੰਡਨ ਕਰਦਿਆਂ ਐਬਟ ਨੂੰ ਉੱਤਰ ਦਿੱਤਾ ਕਿ "ਕੈਨੋਰਾ ਆਪਣੇ ਤੋਪਚੀ ਸਮੇਤ ਬਗਾਵਤ ਕਰਦਾ ਹੋਇਆ ਮਾਰਿਆ ਗਿਆ ਹੈ।" ਉਸ ਨੇ ਖੁੱਲ੍ਹਮ-ਖੁੱਲ੍ਹਾ ਉਨ੍ਹਾਂ ਸਿਪਾਹੀਆਂ ਨੂੰ ਇਨਾਮ ਦਿੱਤੇ ਜਿਨ੍ਹਾਂ ਨੇ ਉਸ ਦਾ ਹੁਕਮ ਮੰਨ ਕੇ ਤੇ ਆਪਣੀਆਂ ਜਾਨਾਂ ਨੂੰ ਖਤਰੇ ਵਿਚ ਪਾ ਕੇ ਬਾਗੀ ਕਰਨਲ ਪਾਸੋਂ ਤੋਪਾਂ ਖੋਹੀਆਂ ਸਨ। ਫਿਰ ਉਸ ਨੇ ਐਬਟ ਦੇ ਵਿਰੁੱਧ, ਜਿਸ ਨੇ ਗੰਦਗੜ੍ਹ ਪਹਾੜੀਆਂ ਦੇ ਪੈਰਾਂ ਵਿਚ (ਜਿਸ ਨੂੰ 'ਤਖਤੇ ਹਜ਼ਾਰਾ' ਵੀ ਕਹਿੰਦੇ ਹਨ) ਮੋਰਚੇ ਬਣਾ ਲਏ ਸਨ, ਚੜ੍ਹਾਈ ਕਰ ਦਿੱਤੀ। ਸਰਦਾਰ ਦੇ ਚੰਗੇ ਭਾਗਾਂ ਨੂੰ ਐਬਟ ਦੀ ਭਰਤੀ ਕੀਤੀ ਹੋਈ 'ਸੂਰਬੀਰ ਤੇ ਵਫਾਦਾਰ ਵੱਸੋਂ ਦੀ ਅਣਖੀ ਕੌਮ' ਸਿੱਖਾਂ ਦੀ ਬਾਕਾਇਦਾ

ਫੌਜ ਦੇ ਸਾਹਮਣੇ ਇਕ ਦਿਨ ਵੀ ਨਾ ਅੜ ਸਕੀ ਤੇ ਆਪਣਾ ਗੋਲਾ-ਬਾਰੂਦ ਖ਼ਤਮ ਕਰ ਕੇ ਹਰਨ ਹੋ ਗਈ।

ਸਰਦਾਰ ਚਤਰ ਸਿੰਘ ਦਾ ਅਗਲਾ ਪ੍ਰੋਗਰਾਮ ਰਾਜਾ ਸ਼ੇਰ ਸਿੰਘ ਦੀਆਂ ਫੌਜਾਂ ਨਾਲ ਮਿਲਣਾ ਸੀ, ਜੋ ਇਸ ਵੇਲੇ ਉੱਤਰ-ਪੱਛਮ ਵੱਲ ਕੂਚ ਕਰ ਰਹੀਆਂ ਸਨ। ਅੰਗਰੇਜ਼ ਅਧਿਕਾਰੀਆਂ ਨੇ ਪਿਤਾ ਤੇ ਪੁੱਤਰ ਦੀਆਂ ਫੌਜਾਂ ਦੇ ਮਿਲਾਪ ਨੂੰ ਰੋਕਣ ਦਾ ਬਹੁਤ ਜਤਨ ਕੀਤਾ, ਪਰ ਉਹ ਸਫਲਾ ਨਾ ਹੋ ਸਕੇ। ਸਰਦਾਰ ਚਤਰ ਸਿੰਘ ਨੇ ਪਿਸ਼ਾਵਰ ਅਤੇ ਅਟਕ 'ਤੇ ਕਬਜ਼ਾ ਕਰ ਲਿਆ ਤੇ ਜਾਰਜ ਲਾਰੰਸ ਅਤੇ ਲੈਫਟੀਨੈਂਟ ਬੋਵੀ ਨੂੰ ਕੈਦੀ ਬਣਾ ਲਿਆ। ਦੂਜੇ ਪਾਸੇ ਰਾਜਾ ਸ਼ੇਰ ਸਿੰਘ ਨੇ ਅੰਗਰੇਜ਼ਾਂ ਨੂੰ ਰਾਮ ਨਗਰ ਵਿਚ ੨੨ ਨਵੰਬਰ ੧੮੪੮ ਈ. ਨੂੰ ਤੇ ਚੇਲਿਆਂਵਾਲੇ ਵਿਚ ੧੩ ਜਨਵਰੀ ੧੮੪੯ ਈ. ਨੂੰ ਤਕੜੀ ਭਾਂਜ ਦਿੱਤੀ। ਇਨ੍ਹਾਂ ਲੜਾਈਆਂ ਵਿਚ ਬਾਗੀ ਸਿੱਖ ਫੌਜਾਂ ਨੇ ਇੰਨਾ ਪ੍ਰਭਾਵ ਪਾਇਆ ਕਿ ਇੰਗਲੈਂਡ ਦੀ ਪਾਰਲੀਮੈਂਟ ਵਿਚ ਤੂਫਾਨ ਉੱਠ ਖੜ੍ਹਾ ਹੋਇਆ ਤੇ ਨਤੀਜੇ ਵਜੋਂ ਜਨਰਲ ਗਫ ਦੀ ਥਾਂ ਸਰ ਚਾਰਲਸ ਨੇਪੀਅਰ ਨੂੰ ਕਮਾਂਡਰ-ਇਨ-ਚੀਫ ਨਿਯਤ ਕਰ ਕੇ ਭੇਜਿਆ ਗਿਆ।

ਰਾਜਾ ਸ਼ੇਰ ਸਿੰਘ ਨੇ ਆਪਣੇ ਪਿਤਾ ਦੀ ਫੌਜ ਨੂੰ ਮਿਲਣ ਦੀ ਕਾਹਲ ਵਿਚ ਇਕ ਬਹੁਤ ਭਾਰੀ ਭੁੱਲ ਇਹ ਕੀਤੀ ਕਿ ਅੰਗਰੇਜ਼ਾਂ ਨੂੰ ਇੰਨਾ ਸਮਾਂ ਦੇ ਦਿੱਤਾ ਕਿ ਉਨ੍ਹਾਂ ਨੇ ਮੁਲਤਾਨ 'ਤੇ ਕਬਜ਼ਾ ਕਰ ਕੇ ਤੇ ਉਧਰੋਂ ਵਿਹਲੇ ਹੋ ਕੇ ਆਪਣੀ ਸਾਰੀ ਫੌਜ ਸ਼ੇਰ ਸਿੰਘ ਦੇ ਮੁਕਾਬਲੇ 'ਤੇ ਝੋਕ ਦਿੱਤੀ। ਜੇ ਕਦੀ ਰਾਜਾ ਸ਼ੇਰ ਸਿੰਘ ਚੇਲਿਆਂਵਾਲੇ ਦੀ ਖ਼ੂਨੀ ਲੜਾਈ ਤੋਂ ਬਾਅਦ ਅੰਗਰੇਜ਼ਾਂ ਨੂੰ ਸੰਭਲਣ ਦਾ ਮੌਕਾ ਨਾ ਦਿੰਦਾ ਅਤੇ ਉਨ੍ਹਾਂ ਉੱਤੇ ੨੧ ਜਨਵਰੀ, ੧੮੪੯ ਈ. ਅਰਥਾਤ ਮੁਲਤਾਨ ਦੀ ਹਾਰ ਤੋਂ ਪਹਿਲਾਂ-ਪਹਿਲਾਂ ਹਮਲਾ ਕਰ ਦਿੰਦਾ ਤਾਂ ਐਨ ਸੰਭਵ ਸੀ ਕਿ ਉਹ ਜਿੱਤ ਜਾਂਦਾ। ਜਦੋਂ ਪਿਤਾ ਤੇ ਪੁੱਤਰ ਦਾ ਰਸੂਲ ਵਿਚ ਮੇਲ ਹੋਇਆ ਤਾਂ ਉਨ੍ਹਾਂ ਦੀਆਂ ਮਿਲਵੀਆਂ ਫੌਜਾਂ ਸਮੇਤ ਅਕਰਮ ਖਾਂ ਦੀ ੧੦,੦੦੦ ਦੀ ਭਾਰੀ ਫੌਜ ਦੇ ਅੰਗਰੇਜ਼ਾਂ ਦੀਆਂ ਫੌਜਾਂ ਨਾਲੋਂ, ਜੋ ਹੁਣ ਲੱਗਭਗ ਸਾਰੀਆਂ ਇਕੱਠੀਆਂ ਹੋ ਗਈਆਂ ਸਨ, ਬਹੁਤ ਘੱਟ ਸਨ। ਇਸ ਦਾ ਦਿਲ-ਢਾਊ ਨਤੀਜਾ ਇਹ ਹੋਇਆ ਕਿ ੨੧ ਫਰਵਰੀ ੧੮੪੯ ਈ. ਨੂੰ ਗੁਜਰਾਤ ਦੀ ਪ੍ਰਸਿੱਧ ਲੜਾਈ ਵਿਚ ਸਿੱਖ-ਅਫਗਾਨ ਮਿਲਵੀਆਂ ਫੌਜਾਂ ਨੂੰ ਲੱਕ-ਤੋੜਵੀਂ ਹਾਰ ਹੋਈ।

## ਗ੍ਰਿਫਤਾਰੀ ਤੇ ਕੈਦ

ਗੁਜਰਾਤ ਦੀ ਤਬਾਹੀ ਤੋਂ ਬਾਅਦ ਸਿੱਖ ਆਗੂ ਰਾਵਲਪਿੰਡੀ ਭੱਜ ਗਏ, ਜਿੱਥੇ ਇਸ ਮੁਹਿੰਮ ਦੇ ਭਵਿੱਖ ਦਾ ਫੈਸਲਾ ਕਰਨ ਲਈ ਉੱਚੇ ਪੱਧਰ 'ਤੇ ਇਕ ਕਾਨਫਰੰਸ ਹੋਈ। ਪ੍ਰੰਤੂ ਇਹ ਵੇਖ ਕੇ ਕਿ ਅੰਗਰੇਜ਼ਾਂ ਦੀਆਂ ਫੌਜਾਂ ਤੇਜ਼ੀ ਨਾਲ ਉਨ੍ਹਾਂ ਦਾ ਪਿੱਛਾ ਕਰ ਰਹੀਆਂ ਹਨ, ਉਨ੍ਹਾਂ ਨੇ ਹਾਰ ਮੰਨਣ ਦਾ ਫੈਸਲਾ ਕਰ ਲਿਆ। ੧੨ ਮਾਰਚ, ੧੮੪੯ ਈ. ਨੂੰ ਉਨ੍ਹਾਂ ਨੇ ਮਾਣਕਿਆਲਾ ਪਿੰਡ ਵਿਚ ਰਸਮੀ ਤੌਰ 'ਤੇ ਹਥਿਆਰ ਸੁੱਟ

ਦਿੱਤੇ। ਸਜਲ ਨੇਤਰਾਂ ਅਤੇ ਨਿੰਮੋਝੂਣੇ ਤੇ ਉਦਾਸ ਚਿਹਰਿਆਂ ਨਾਲ ਚੁੱਪਚਾਪ ਇਕ ਕਤਾਰ ਵਿਚ ਤੁਰਦੇ ਹੋਏ ਸਿੱਖ ਸਿਪਾਹੀ ਆਉਂਦੇ ਤੇ ਵਾਰੀ-ਵਾਰੀ ਆਪਣੇ ਹਥਿਆਰ ਦੁਸ਼ਮਣ ਦੇ ਹਵਾਲੇ ਕਰਦੇ ਗਏ।

ਸਰਦਾਰ ਚਤਰ ਸਿੰਘ ਤੇ ਉਸ ਦੇ ਪੁੱਤਰਾਂ ਦੀ ਹਾਰ ਤੋਂ ਬਾਅਦ ਅੰਗਰੇਜ਼ੀ ਸਰਕਾਰ ਨੇ ਪੰਜਾਬ ਨੂੰ ਆਪਣੇ ਰਾਜ ਵਿਚ ਮਿਲਾ ਲਿਆ। ਗਵਰਨਰ-ਜਨਰਲ ਲਾਰਡ ਡਲਹੌਜ਼ੀ ਦਾ ਵਿਚਾਰ ਸੀ ਕਿ ਸੱਜਰਿਆਂ ਕਸ਼ਟਾਂ ਤੇ ਬਿਪਤਾਵਾਂ ਕਰਕੇ ਅਤੇ ਤਾਕਤਾਂ ਤੇ ਜਾਗੀਰਾਂ ਦੇ ਖੁੱਸ ਜਾਣ ਦੇ ਕਾਰਨ ਇਨ੍ਹਾਂ ਬਾਗੀਆਂ ਦਾ ਮੱਚ ਬਿਲਕੁਲ ਮਰ ਗਿਆ ਹੈ। ਇਸ ਲਈ ਉਸ ਨੇ ਫੈਸਲਾ ਕੀਤਾ ਕਿ ਇਨ੍ਹਾਂ ਨੂੰ ਹੇਠ ਲਿਖੀਆਂ ਬੰਦਸ਼ਾਂ ਦੇ ਅਧੀਨ ਆਪਣੇ ਪਿੰਡ ਅਟਾਰੀ ਦੀਆਂ ਹੱਦਾਂ ਦੇ ਅੰਦਰ ਨਜ਼ਰਬੰਦ ਕਰ ਦਿੱਤਾ ਜਾਏ:

(੧) ਉਹ ਲਿਖਤੀ ਆਗਿਆ ਤੋਂ ਬਗੈਰ ਅਟਾਰੀ ਤੋਂ ਡੇਢ ਕੋਹ ਤੋਂ ਪਰ੍ਹੇ ਨਹੀਂ ਜਾਣਗੇ।

(੨) ਉਹ ਕੋਈ ਹਥਿਆਰ ਨਹੀਂ ਰੱਖਣਗੇ।

(੩) ਉਹ ਪਿਛਲੀਆਂ ਲੜਾਈਆਂ ਨਾਲ ਸੰਬੰਧਿਤ ਕਿਸੇ ਪੁਰਸ਼ ਨਾਲ ਚਿੱਠੀ-ਪੱਤਰ ਨਹੀਂ ਕਰਨਗੇ।

ਪ੍ਰੰਤੂ ਅੰਗਰੇਜ਼ ਅਧਿਕਾਰੀਆਂ ਨੂੰ ਛੇਤੀ ਹੀ ਇਹ ਵੇਖ ਕੇ ਬੜੀ ਘਬਰਾਹਟ ਹੋਈ ਕਿ ਇਨ੍ਹਾਂ ਬੰਦਸ਼ਾਂ ਦੇ ਬਾਵਜੂਦ ਪੰਜਾਬ ਦੇ ਸਾਰੇ ਦੇਸ਼-ਭਗਤ ਅਗਵਾਈ ਲਈ ਅਟਾਰੀ ਵਾਲਿਆਂ ਵੱਲ ਵੇਖਦੇ ਸਨ ਤੇ ਅਟਾਰੀ ਇਕ ਵਾਰ ਫਿਰ ਪੰਜਾਬ ਵਿਚ ਤੂਫਾਨ ਦਾ ਕੇਂਦਰ ਬਣਦਾ ਜਾ ਰਿਹਾ ਸੀ। ਬ੍ਰਾਹਮਣ ਤੇ ਸਿੱਖ ਸੰਦੇਸ਼ਕਾਂ ਦੀ ਰਾਹੀਂ ਸਾਰੀਆਂ ਅੰਗਰੇਜ਼-ਵਿਰੋਧੀ ਤਾਕਤਾਂ ਦੇ ਵਿਚਕਾਰ ਬਾਕਾਇਦਾ ਤਾਲਮੇਲ ਰੱਖਿਆ ਜਾ ਰਿਹਾ ਸੀ। ਸਰ ਹੈਨਰੀ ਲਾਰੰਸ ਨੇ ਆਪਣੀ ੧੨ ਸਤੰਬਰ ਦੀ ਨੀਮ-ਸਰਕਾਰੀ ਚਿੱਠੀ ਵਿਚ ਲਿਖਿਆ, "ਇਹ ਸਭ ਨੂੰ ਪਤਾ ਹੈ ਕਿ ਇਹ ਬ੍ਰਾਹਮਣ ਉਹ ਸ਼੍ਰੇਣੀ ਹਨ, ਜਿਨ੍ਹਾਂ ਦੀ ਰਾਹੀਂ ਰਾਜਨੀਤਿਕ ਗਾਂਢੇ-ਸਾਂਢੇ ਹੁੰਦੇ ਰਹਿੰਦੇ ਹਨ। ਰਾਜਾ ਸ਼ੇਰ ਸਿੰਘ ਜਾਣਦਾ ਹੈ ਕਿ ਕਿੰਨੀ ਵਾਰੀ ਰਾਣੀ (ਮਹਾਰਾਣੀ ਜਿੰਦ ਕੌਰ) ਨੇ ਇਨ੍ਹਾਂ ਦਾ ਆਸਰਾ ਲਿਆ ਤੇ ਕਿੰਨੀ ਵਾਰੀ ਉਸ ਨੂੰ ਇਸ ਕੰਮ ਤੋਂ ਵਰਜਿਆ ਗਿਆ।" ਲਾਰਡ ਡਲਹੌਜ਼ੀ ਨੇ ਇਸ ਰਾਏ ਨਾਲ ਪੂਰੀ ਤਰ੍ਹਾਂ ਸਹਿਮਤ ਹੁੰਦਿਆਂ ਲਿਖਿਆ, "ਅਟਾਰੀ ਖਾਨਦਾਨ ਸੱਚੀਮੁੱਚੀ ਉਨ੍ਹਾਂ ਪੁਰਸ਼ਾਂ ਵਿੱਚੋਂ ਬਹੁਤਿਆਂ ਨਾਲ ਲਗਾਤਾਰ ਚਿੱਠੀ-ਪੱਤਰ ਕਰ ਰਿਹਾ ਹੈ, ਜਿਹੜੇ ਪਿਛਲੀ ਲੜਾਈ ਵਿਚ ਸ਼ਾਮਲ ਸਨ। ਉਹ ਸੁਨੇਹੇ ਲੈ-ਦੇ ਰਹੇ ਹਨ।" ਇਸ ਵਾਸਤੇ ਫੈਸਲਾ ਇਹ ਹੋਇਆ ਕਿ ਜਵਾਬੀ ਕਾਰਵਾਈ ਵਜੋਂ ਸਰਦਾਰ ਚਤਰ ਸਿੰਘ ਤੇ ਹੋਰ ਸਾਰੇ ਅਖੌਤੀ ਬਾਗੀ ਸਰਦਾਰਾਂ ਨੂੰ ਗ੍ਰਿਫਤਾਰ ਕਰ ਕੇ ਪੰਜਾਬ ਵਿੱਚੋਂ ਦੇਸ-ਨਿਕਾਲਾ ਦੇ ਦਿੱਤਾ ਜਾਏ।

ਉਨ੍ਹਾਂ ਦੀ ਗ੍ਰਿਫਤਾਰੀ ਵਾਸਤੇ ੧ ਨਵੰਬਰ ੧੮੪੯ ਈ. ਦੀ ਤਰੀਕ ਨਿਯਤ

ਕੀਤੀ ਗਈ। ਗਵਰਨਰ ਜਨਰਲ ਦੀ ਹਦਾਇਤ ਇਹ ਸੀ ਕਿ ਇਹ ਗ੍ਰਿਫਤਾਰੀ ਅਜਿਹੇ ਢੰਗ ਨਾਲ ਹੋਵੇ ਕਿ ਕਿਸੇ ਨੂੰ ਫਸਾਦ ਦਾ ਮੌਕਾ ਨਾ ਮਿਲੇ। ਸੋ ਅਟਾਰੀ ਵਾਲੇ ਖਾਨਦਾਨ ਦੀ ਗ੍ਰਿਫਤਾਰੀ ਲਈ ਮੇਜਰ ਲਾਰੰਸ, ਆਰ. ਮੰਟਗੁਮਰੀ, ਮੇਜਰ ਐਡਵਰਡ ਤੇ ਹਡਸਨ ਬਾਕਾਇਦਾ ਘੋੜ-ਚੜ੍ਹਿਆਂ ਦੇ ਇਕ ਦਸਤੇ ਤੇ ਪਠਾਣ ਸਵਾਰਾਂ ਨੂੰ ਨਾਲ ਲੈ ਕੇ ਸਵੇਰ ਦੇ ਇਕ ਵਜੇ ਲਾਹੌਰੋਂ ਟੁਰ ਪਏ। ਦਿਨ ਚੜ੍ਹਨ ਤੋਂ ਪਹਿਲਾਂ-ਪਹਿਲਾਂ ਪਿੰਡ ਵਿਚ ਪਹੁੰਚ ਕੇ ਉਨ੍ਹਾਂ ਨੇ ਝਟਪਟ ਪਿੰਡ ਦੇ ਦੁਆਲੇ ਘੇਰਾ ਪਾ ਲਿਆ ਤੇ ਅਚਾਨਕ ਘੂਕ ਸੁੱਤੇ ਆਗੂਆਂ ਉੱਤੇ ਜਾ ਪਏ। ਸਰਦਾਰ ਚਤਰ ਸਿੰਘ, ਉਸ ਦੇ ਪੁੱਤਰ ਸਰਦਾਰ ਸ਼ੇਰ ਸਿੰਘ, ਸਰਦਾਰ ਅਵਤਾਰ ਸਿੰਘ ਤੇ ਸਰਦਾਰ ਤੇਜ ਸਿੰਘ ਅਤੇ ਉਸ ਦੇ ਭਤੀਜੇ ਸਰਦਾਰ ਨਾਹਰ ਸਿੰਘ ਤੇ ਸਰਦਾਰ ਬਿਸ਼ਨ ਸਿੰਘ ਸਭ ਗ੍ਰਿਫਤਾਰ ਕਰ ਕੇ ੧੧ ਵਜੇ ਸਵੇਰ ਤਕ ਲਾਹੌਰ ਕਿਲ੍ਹੇ ਵਿਚ ਪਹੁੰਚਾ ਦਿੱਤੇ ਗਏ। ਗ੍ਰਿਫਤਾਰ ਹੋਏ ਸਰਦਾਰਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਤੇ ਉਨ੍ਹਾਂ ਦੇ ਕਿਲ੍ਹੇ ਨੂੰ ਢਾਹੁਣ ਲਈ ਹਡਸਨ ਨੂੰ ਅਟਾਰੀ ਹੀ ਰੱਖਿਆ ਗਿਆ।

ਲਾਹੌਰ ਤੋਂ ਅਟਾਰੀ ਵਾਲੇ ਸਰਦਾਰਾਂ ਨੂੰ ਹੋਰ ਗਦਰੀ ਮੁਖੀਆਂ ਦੇ ਨਾਲ ਅਲਾਹਾਬਾਦ ਕਿਲ੍ਹੇ ਵਿਚ ਭੇਜ ਦਿੱਤਾ ਗਿਆ। ਅਲਾਹਾਬਾਦ ਵਿਚ ਉਨ੍ਹਾਂ ਉੱਤੇ ਬੜਾ ਕਰੜਾ ਪਹਿਰਾ ਰੱਖਿਆ ਗਿਆ। ਇਥੋਂ ਤਕ ਕਿ ਗਰਮੀਆਂ ਦੇ ਮੌਸਮ ਵਿਚ ਵੀ ਉਨ੍ਹਾਂ ਨੂੰ ਬਾਹਰ ਸੌਣ ਦੀ ਆਗਿਆ ਨਹੀਂ ਸੀ।

ਪਰ ਇਸ ਸਾਰੀ ਨਿਗਰਾਨੀ ਦੇ ਬਾਵਜੂਦ ਅਟਾਰੀ ਵਾਲੇ ਸਰਦਾਰਾਂ ਨੇ ਇਕ ਵਾਰੀ ਫਿਰ ਮਹਾਰਾਣੀ ਜਿੰਦ ਕੌਰ ਨਾਲ, ਜੋ ਉਸ ਵੇਲੇ ਬਨਾਰਸ ਵਿਚ ਕੈਦ ਸੀ, ਤਾਲ-ਮੇਲ ਪੈਦਾ ਕਰ ਲਿਆ। ਇਸ ਦੇ ਨਤੀਜੇ ਵਜੋਂ ਸਰਦਾਰ ਚਤਰ ਸਿੰਘ ਤੇ ਉਸ ਦੇ ਪੁੱਤਰਾਂ ਨੂੰ ਕਲਕੱਤੇ ਭੇਜ ਦਿੱਤਾ ਗਿਆ, ਜਿਥੇ ਉਨ੍ਹਾਂ ਨੂੰ ਕਿਲ੍ਹੇ ਵਿਚ ਕੈਦ ਕਰ ਕੇ ਹੋਰ ਵਧੇਰੇ ਪਾਬੰਦੀਆਂ ਲਾ ਦਿੱਤੀਆਂ ਗਈਆਂ। ਬਿਰਧ ਸਰਦਾਰ, ਜਿਸ ਨੇ ਏਨੇ ਵਰ੍ਹੇ ਖਿੜੇ-ਮੱਥੇ ਬੰਦੀ-ਜੀਵਨ ਦੀਆਂ ਤਕਲੀਫਾਂ ਝੱਲੀਆਂ ਤੇ ਜਫਰ ਜਾਲੇ ਸਨ, ਅੰਤ ਢੇਰੀ ਹੋ ਗਿਆ ਤੇ ਅਕਤੂਬਰ ੧੯੫੫ ਈ. ਵਿਚ ਉਹ ਸਖ਼ਤ ਪੇਚਸ਼ ਨਾਲ ਮੰਜੇ 'ਤੇ ਪੈ ਗਿਆ। ਇਹ ਬੀਮਾਰੀ ਅੰਤ ਅਸਾਸ ਹੋ ਗਈ ਤੇ ੨੭ ਦਸੰਬਰ ੧੯੫੫ ਈ. ਨੂੰ ਉਸ ਦੀ ਜੀਵਨ-ਯਾਤਰਾ ਸਮਾਪਤ ਹੋ ਗਈ।

ਇਉਂ ਉਸ ਸੂਰਬੀਰ ਜੋਧੇ ਦੇ ਸ਼ਾਨਦਾਰ ਜੀਵਨ ਦਾ ਅੰਤ ਹੋਇਆ, ਜਿਸ ਨੇ ਆਪਣੀ ਮਾਤ-ਭੂਮੀ ਦੀ ਸੁਤੰਤਰਤਾ ਲਈ ਆਪਣੀ ਜਾਨ-ਮਾਲ ਤੇ ਇੱਜ਼ਤ ਦੀ ਬਾਜ਼ੀ ਲਾ ਦਿੱਤੀ ਸੀ, ਜਿਸ ਨੇ ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦੀ ਠੀਕ-ਠਾਕ ਤਸਖੀਸ ਕਰ ਲਈ ਸੀ ਤੇ ਜਿਸ ਤੋਂ ਬਿਨਾਂ ਦੂਜਾ ਅੰਗਰੇਜ਼-ਸਿੱਖ ਯੁੱਧ ਨਾ ਛਿੜ ਸਕਦਾ!

■

*੨੭ ਫਰਵਰੀ ੧੯੨੬ ਨੂੰ ਫਾਂਸੀ ਲਾ ਕੇ ਸ਼ਹੀਦ ਕੀਤੇ ਗਏ ਬੱਬਰਾਂ ਨੂੰ ਯਾਦ ਕਰਦਿਆਂ*

# ਬੱਬਰ ਅਕਾਲੀ ਲਹਿਰ ਅਤੇ ਉਸ ਦਾ ਪਿਛੋਕੜ

-ਸ. ਦੀਦਾਰ ਸਿੰਘ*

*ਹਰ ਮਿੱਟੀ ਦੀ ਆਪਣੀ ਖਸਲਤ, ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ।*
*ਫੱਟੜ ਮੱਥਾ ਨਹੀਂ ਝੁਕਦਾ, ਬੰਨ੍ਹ ਲਾਇਆਂ ਹਰ ਛੱਲ ਨਹੀਂ ਰੁਕਦੀ।*

ਸਮਾਂ ਪੋਰਸ ਦਾ ਹੋਵੇ ਜਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੱਤਾਂ ਦਰਿਆਵਾਂ ਜਾਂ ਪੰਜਾਂ ਪਾਣੀਆਂ ਦੀ ਧਰਤੀ ਕਰਕੇ ਜਾਣੇ ਇਸ ਇਲਾਕੇ ਨੇ ਪੂਰੇ ਭਾਰਤ ਨੂੰ, ਵਿਸ਼ੇਸ਼ ਕਰਕੇ ਇਸ ਦੇ ਉੱਤਰੀ ਹਿੱਸੇ ਨੂੰ ਇਸ ਕਦਰ ਆਪਣੀ ਲਪੇਟ ਵਿਚ ਲੈ ਲੈਣਾ ਹੈ, ਕਿਸੇ ਦੇ ਯਾਦ-ਚਿੱਤ ਵੀ ਨਹੀਂ ਹੋਵੇਗਾ।

ਮਨੁੱਖ ਹਾਲਾਤ ਦੀ ਉਤਪਤੀ ਹੈ। ਫਿਰ ਸਾਰੇ ਲੋਕ ਇਨਕਲਾਬੀ ਕਿਉਂ ਨਹੀਂ ਬਣ ਜਾਂਦੇ? ਜ਼ਬਰ- ਜ਼ੁਲਮ ਚੁਫੇਰੇ ਪਸਰਿਆ ਹੋਵੇ। ਬਾਬਰੀ ਧਾੜਾਂ ਦੇਸ ਦਾ ਕੋਨਾ ਕੋਨਾ, ਆਪਣੇ ਜ਼ਬਰ ਦਾ ਨਿਸ਼ਾਨਾ ਬਣਾ ਰਹੀਆਂ ਹੋਣ। ਸਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਰ੍ਹਾਂ ਜ਼ਾਬਰ-ਬਾਬਰ ਨੂੰ ਪਾਪ ਕੀ ਜੰਞ ਲੈ ਕਾਬਲਹੁ ਧਾਇਆ" ਆਖ, ਕਿਉਂ ਨਹੀਂ ਵੰਗਾਰਦੇ?.....ਹਾਂ! ਕੁਝ ਹੀ ਲੋਕ ਹੁੰਦੇ ਹਨ ਅਜਿਹੇ,ਜਿਹੜੇ ਸਮੇਂ ਦੀ ਅੱਖ ਵਿਚ ਅੱਖ ਪਾ ਕੇ ਗੱਲ ਕਰਨ ਦੀ ਸਮਰੱਥਾ ਰੱਖਦੇ ਹੁੰਦੇ ਹਨ। ਕਾਬਜ਼ ਹਾਕਮਾਂ ਵੱਲੋਂ ਨਿਰਧਾਰਤ ਰਸਤਿਆਂ ਨੂੰ ਰੱਦ ਕਰ ਕੇ, ਨਵੀਆਂ ਲੀਹਾਂ ਦੇ ਸਿਰਜਣਹਾਰੇ ਬਣਦੇ ਹਨ। ਇਨ੍ਹਾਂ ਔਖੇ ਪੈਂਡਿਆਂ ਦੇ ਪਾਂਧੀ ਬਣਨਾ ਹਰ ਐਰੇ- ਗੈਰੇ ਦੇ ਵੱਸ ਨਹੀਂ ਹੁੰਦਾ।

ਵਿਰਲਿਆਂ ਦੇ ਨਸੀਬ ਹੁੰਦੇ ਹਨ, ਇਤਿਹਾਸ ਦੀਆਂ ਨੀਂਹਾਂ ਦੇ ਰੋੜੇ ਬਣਨਾ। ਇਤਿਹਾਸ ਦੀ ਸਿਰਜਣਾ ਕਰਦੇ ਇਹ ਹੀ ਯੁੱਗ-ਪੁਰਸ਼ ਹੁੰਦੇ ਹਨ ਜਿਹੜੇ ਨਵੀਆਂ ਕੌਮਾਂ ਦੇ ਜਨਮਦਾਤੇ ਬਣਦੇ ਹਨ। ਇਸ ਉਸਰੀ ਖੂਬਸੂਰਤ ਇਮਾਰਤ ਦੀ ਮਮਟੀ ਦੇ ਮੁਕਟ ਉੱਤੇ, ਸੁਨਹਿਰਾ ਤਾਜ ਬਣ ਚਮਕਣ ਦਾ, ਉਨ੍ਹਾਂ ਮੁੱਲ ਤਾਰਿਆ ਹੁੰਦਾ ਹੈ, ਸਾਹਾਂ ਦੇ ਵਣਜ ਕਰ ਕੇ। ਜਿਨ੍ਹਾਂ ਕੋਲ ਆਪਣੇ ਪੁਰਖਿਆਂ ਦੀ ਅਜਿਹੀ ਅਮੀਰ ਵਿਰਾਸਤ ਹੁੰਦੀ ਹੈ,ਉਹ ਕਦੀ ਵੀ, ਕੁਝ ਵੀ, ਕਰ ਗੁਜ਼ਰਨ ਦੇ ਯੋਗ ਹੁੰਦੇ ਹਨ। ਉਨ੍ਹਾਂ ਦੀਆਂ ਹੀ ਸਿਦਕੀ, ਸਿਰੜੀ ਜ਼ਿੰਦਗੀਆਂ ਨੂੰ ਆਉਣ ਵਾਲੇ ਸਮੇਂ, ਸਦਾ ਨਤ-ਮਸਤਕ ਹੋ ਕੇ, ਆਪਣੇ ਫਰਜ਼ਾਂ ਤੋਂ ਸੁਰਖਰੂ ਹੋਏ, ਮਹਿਸੂਸ ਕਰ ਕੇ, ਖੁਸ਼ੀਆਂ ਦਾ ਪ੍ਰਗਟਾਵਾ ਕਰਦੇ ਹਨ।

ਕੁਝ ਉਹ ਵੀ ਹੁੰਦੇ ਹਨ ਜਿਹੜੇ ਆਪਣੇ ਪੁਰਖਿਆਂ ਵੱਲੋਂ ਖੂਨ ਡੋਲ੍ਹ, ਸਿਰਜੇ,

** ਬੀ-੫/੬੧੪, ਕਵਿਤਾ ਭਵਨ, ਚੰਡੀਗੜ੍ਹ ਰੋਡ, ਨਵਾਂਸ਼ਹਿਰ-੧੪੪੫੧੪ (ਸ਼ਹੀਦ ਭਗਤ ਸਿੰਘ ਨਗਰ) ਮੋ:੯੮੧੪੯-੨੨੫੫੯*

ਇਸ ਅਮੀਰ ਵਿਰਸੇ ਦੀ ਪੈਰ-ਵਈ ਕਰਦੇ ਹੋਏ, ਅੱਗੇ ਵਧਦੇ ਹਨ। ਉਹ ਇਤਿਹਾਸ ਦੀ ਧੂੜ ਵਿਚ ਗੁਆਚਦੇ ਨਹੀਂ, ਸਗੋਂ ਉਸ ਧੁੰਦ-ਗੁਬਾਰ ਵਿੱਚੋਂ, ਇਕ ਚਾਨਣ ਮੁਨਾਰੇ ਦੀ ਨਿਆਈਂ, ਟਿਮਟਿਮਾਉਂਦੇ ਸਿਤਾਰੇ ਹੋ ਨਿੱਬੜਦੇ ਹਨ। ਇਸ ਜਬਰ-ਜ਼ੁਲਮ ਦੀ ਧੁੰਦ ਵਿਚ ਲਿਪਟੀ ਲੋਕਾਈ ਨੂੰ ਅੱਗੇ ਵਧਣ, ਖ਼ੂਬਸੂਰਤ ਵਰਤਮਾਨ ਅਤੇ ਭਵਿੱਖ ਵੱਲ ਪੈਰ ਪੁੱਟਣ ਲਈ ਇਸ਼ਾਰੇ ਕਰ ਜਾਂਦੇ ਹਨ। ਅਜਿਹੇ ਹੀ ਸੂਰਮੇ ਸਨ ਉਹ। ਗੁਰੂ-ਕਾਲ ਪਿੱਛੋਂ, ਸਿੱਖ-ਕਾਲ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਦੇ ਅਸਲ ਵਾਰਸ। ਖ਼ੂਬਸੂਰਤ ਕੁਦਰਤੀ ਵਰਤਾਰੇ ਅਨੁਸਾਰ ਜੀਣ-ਥੀਣ ਦੀ ਗੱਲ ਕਰਨ ਵਾਲੇ ਆਪਣੀ ਗੱਲ ਕਹਿਣ ਦਾ ਮੁੱਲ ਤਾਰਦੇ ਹਨ। ਪੀੜ੍ਹੀ-ਦਰ-ਪੀੜ੍ਹੀ ਸ਼ਹੀਦੀਆਂ ਦੇ ਕੇ, ਘਰ-ਘਾਟ ਗੁਆ ਕੇ, ਬੇ-ਘਰਿਆਂ ਲਈ ਘਰਾਂ ਦੀਆਂ ਉਸਾਰੀਆਂ ਕਰ ਜਾਂਦੇ ਹਨ। ਅਜਿਹੇ ਲੋਕ ਆਪਣੇ ਪੁਰਖਿਆਂ ਦੀ, ਮਾਣ-ਮੱਤੀ ਰੀਤ ਨੂੰ,ਅੱਗੇ ਤੋਰਦੇ ਹਨ। ਅਜਿਹੇ ਲੋਕ ਹੀ ਹੁੰਦੇ ਹਨ, ਜਿਹੜੇ ਘੋੜਿਆਂ ਦੀਆਂ ਪਿੱਠਾਂ ਨੂੰ ਹੀ, ਆਪਣਾ ਘਰ-ਘਾਟ, ਆਪਣਾ ਨਸੀਬ ਮੰਨ ਲੈਂਦੇ, ਹਰ ਨਵੇਂ ਚੜ੍ਹੇ ਦਿਨ ਨੂੰ ਖ਼ੁਸ਼-ਆਮ-ਦੀਦ ਕਹਿੰਦੇ, ਅੱਗੇ ਵਧਦੇ ਹਨ। ਇੱਕ-ਇੱਕ ਦਿਨ ਵਿਚ ਹੀ ਹਜ਼ਾਰਾਂ ਦੀ ਗਿਣਤੀ ਵਿਚ ਕਤਲਗਾਹਾਂ ਦੀ ਭੇਂਟ ਚੜ੍ਹ ਕੇ, ਸਿਰ ਕਲਮ ਕਰਵਾ ਕੇ ਵੀ ਇਹ ਲੋਕ ਕਦੇ ਝੁਕਦੇ ਨਹੀਂ।

ਲੁਟੇਰੀਆਂ ਜਮਾਤਾਂ ਆਪਣੇ ਨਾਂ ਬਦਲ ਕੇ ਆਉਂਦੀਆਂ ਰਹਿੰਦੀਆਂ ਹਨ। ਪਰ ਕੁਦਰਤੀ ਵਰਤਾਰੇ ਦੇ ਆਸ਼ਕ ਕਦੀ ਸਮਝੌਤਾ ਨਹੀਂ ਕਰਦੇ। ਮੁਗਲ ਗਏ। ਗੋਰੇ ਆਏ। ਇਹ ਬਹਾਦਰ ਕਦੇ ਕੂਕੇ, ਸਿੰਘ ਸਭੀਏ ਬਣਦੇ ਹਨ। ਵਿਦੇਸ਼ੀ ਧਰਤੀਆਂ ਦੇ ਸੁਖ-ਅਨੰਦਾਂ ਨੂੰ ਠੇਡਾ ਮਾਰ,ਆਪਣੀ ਮਿੱਟੀ ਦਾ ਕਰਜ਼ ਲਾਹੁਣ, ਆਪਣੇ ਪੁਰਖਿਆਂ ਦੀ ਅਮੀਰ ਵਿਰਾਸਤ ਦਾ ਮਾਣ ਬਣਨ ਲਈ ਗਦਰੀ ਬਾਬਿਆਂ ਦੇ ਰੂਪ ਵਿਚ ਲੰਡਨ ਦੀਆਂ ਵਾਰਾਂ ਗਾਉਂਦੇ,ਸ਼ਹੀਦੀਆਂ ਦੇ ਗਾਨੇ ਬੰਨ੍ਹਦੇ ਹਨ। ਕਦੀ ਗੁਰਦੁਆਰਾ ਸੁਧਾਰ ਲਹਿਰ ਦੇ ਰੂਪ ਵਿਚ ਵਿਚਰਦੇ, ਨਨਕਾਣਾ ਸਾਹਿਬ ਦੀ ਪਵਿੱਤਰਤਾ ਬਹਾਲ ਕਰਨ ਵਾਸਤੇ ਘਿਨਾਉਣੇ ਜ਼ਬਰ-ਜ਼ੁਲਮ ਦਾ ਸ਼ਿਕਾਰ ਹੋ ਇਤਿਹਾਸ ਦੇ ਪਿੜ ਵਿਚ ਗਰਜਦੇ ਰਹੇ। ਅਜਿਹੇ ਘਿਨਾਉਣੇ ਜ਼ੁਲਮ ਮਨੁੱਖੀ ਹਿਰਦਿਆਂ ਨੂੰ ਝੰਜੋੜ ਕੇ ਰੱਖ ਦਿੰਦੇ ਹਨ।

ਤੁਸੀਂ ਹੀ ਦੱਸੋ ਅਣਖੀਲੀਆਂ ਕੌਮਾਂ ਅਜਿਹੇ ਸਮੇਂ ਵਿਚ ਕੀ ਕਰਨ? ਕੁਝ ਯੋਧੇ ਸਰਦਾਰ ਕਿਸ਼ਨ ਸਿੰਘ ਗੜਗੱਜ ਦੇ ਚੱਕਰਵਰਤੀ ਜਥੇ ਦਾ ਹਿੱਸਾ ਬਣ ਵਿਚਰ ਰਹੇ ਹਨ। ਕਨੇਡਾ ਦੇ ਸੁਖ-ਅਰਾਮ ਨੂੰ ਲੱਤ ਮਾਰ, ਗਦਰੀ ਬਾਬਿਆਂ ਦੀ ਸੰਗਤ ਵਿਚ ਪ੍ਰਵਾਨ ਚੜ੍ਹ ਰਹੇ, ਨੌਜੁਆਨ ਸਰਦਾਰ ਕਰਮ ਸਿੰਘ ਦੌਲਤਪੁਰ ਵੱਲੋਂ ਦੁਆਬੇ ਦੀ ਧਰਤੀ ਦੇ ਪਿੰਡ ਦੌਲਤ ਪੁਰ ਤੋਂ "ਬੱਬਰ ਅਕਾਲੀ ਦੁਆਬਾ" ਅਖਬਾਰ ਕੱਢ ਕੇ ਲੋਕ-ਚੇਤਨਾ ਦਾ ਪ੍ਰਵਾਹ ਚਲਾਇਆ ਜਾ ਰਿਹਾ ਹੈ। ਇਹ ਹੀ ਪਰਚਾ "ਬੱਬਰ ਅਕਾਲੀ ਦੁਆਬਾ" ਸੀ ਜਿਸ ਦੇ ਨਾਂ 'ਤੇ ਪਿੱਛੋਂ ਜਾ ਕੇ ਲਹਿਰ ਦਾ ਨਾਂ ਹੀ "ਬੱਬਰ ਅਕਾਲੀ

ਲਹਿਰ" ਹੋ ਨਿੱਬੜਿਆ। ਬੱਬਰ ਸਰਦਾਰ ਕਰਮ ਸਿੰਘ ਦੇ ਰੂਪ ਵਿਚ ਲਟ-ਲਟ ਬਲਦੀ ਦੇਸ਼- ਭਗਤੀ ਦੀ ਇਸ ਸ਼ਮ੍ਹਾਂ ਦੁਆਲੇ ਮਰ-ਮਿਟਣ ਵਾਲੇ, ਹੋਰ ਪਰਵਾਨੇ ਵੀ ਆ ਜੁੜਦੇ ਗਏ। ਸਰਦਾਰ ਆਸਾ ਸਿੰਘ ਭਕੜੂਦੀ (ਕਿਸ਼ਨਪੁਰਾ), ਸਰਦਾਰ ਬਿਸ਼ਨ ਸਿੰਘ (ਮਾਂਗਟ), ਸਰਦਾਰ ਮਹਿੰਦਰ ਸਿੰਘ ਪੰਡੋਰੀ, ਸਰਦਾਰ ਗੰਗਾ ਸਿੰਘ, ਸਰਦਾਰ ਉਦੈ ਸਿੰਘ ਰਾਮਗੜ੍ਹ ਝੁੱਗੀਆਂ, ਸਰਦਾਰ ਕਰਮ ਸਿੰਘ ਮਾਣੋਕੇ, ਸਰਦਾਰ ਸੰਤਾ ਸਿੰਘ ਛੋਟੀ ਹਰਿਓਂ (ਲੁਧਿਆਣਾ), ਸਰਦਾਰ ਦਲੀਪ ਸਿੰਘ ਧਾਮੀਆਂ, ਸਰਦਾਰ ਧਰਮ ਸਿੰਘ ਹਿਆਤਪੁਰ ਰੁੜਕੀ, ਸਰਦਾਰ ਧੰਨਾ ਸਿੰਘ ਬਹਿਲਪੁਰ, ਸਰਦਾਰ ਵਰਿਆਮ ਸਿੰਘ ਧੁੱਗਾ, ਸਰਦਾਰ ਰਤਨ ਸਿੰਘ ਰੱਕੜਾਂ ਬੇਟ ਅਤੇ ਸਰਦਾਰ ਉਜਾਗਰ ਸਿੰਘ ਪਨਿਆਲੀ ਦੇ ਰੂਪ ਵਿਚ ਇਕ ਪੂਰੀ ਸੰਸਥਾ/ਫੌਜੀ ਟੁਕੜੀ ਬਣ ਜੁੜਦੇ ਗਏ। ਅਨੇਕਾਂ ਪਰਵਾਨਿਆਂ ਵਿੱਚੋਂ ਸਨ ਕੁਝ ਇਹ ਨਾਂ।

ਚੀਫ ਖਾਲਸਾ ਦੀਵਾਨ ਦੀ ਹੁਸ਼ਿਆਰਪੁਰ ਵਿਦਿਅਕ ਕਾਨਫਰੰਸ ਵਿਚ ਲਿਆ ਗਿਆ ਸਖਤ ਸਟੈਂਡ ਹੀ ਸੀ ਜਿਹੜਾ ਪਿੱਛੋਂ ਪਿੰਡ ਕੌਲਗੜ੍ਹ (ਬੱਬਰ ਸਰਦਾਰ ਕਰਮ ਸਿੰਘ ਦਾ ਨਾਨਕਾ ਪਿੰਡ) ਦੀ ਜੂਹ ਵਿਚ ਪੈਂਦੇ ਇਕ ਬਾਗ ਵਿਚ ਹੋਈ ਬੱਬਰਾਂ ਦੀ ਬੈਠਕ ਨੂੰ ਗੋਰੀ ਹਕੂਮਤ ਦੇ ਝੋਲੀਚੁੱਕਾਂ ਨੂੰ ਸੋਧਣ ਦਾ ਫੈਸਲਾ ਕਰਨ ਲਈ ਮਜਬੂਰ ਕਰ ਦਿੰਦਾ ਹੈ। ਕੌਲਗੜ੍ਹ ਦੀ ਇਸ ਇਤਿਹਾਸਕ ਬੈਠਕ ਵਿਚ ਤਿੰਨ ਨੌਜੁਆਨਾਂ ਨੇ ਉਭਰ ਕੇ ਸਾਹਮਣੇ ਆਉਂਦਿਆਂ, ਹਰ ਘਟਨਾਕ੍ਰਮ ਦੀ, ਜ਼ਿਮੇਵਾਰੀ ਆਪਣੇ ਨਾਂ ਲੈ ਲੈਣ ਦਾ ਫੈਸਲਾ ਕਰਵਾ ਲਿਆ। ਇਹ ਤਿੰਨ ਨੌਜੁਆਨ ਸਨ, ਬੱਬਰ ਸਰਦਾਰ ਕਰਮ ਸਿੰਘ ਦੌਲਤਪੁਰ, ਸਰਦਾਰ ਉਦੈ ਸਿੰਘ ਰਾਮਗੜ੍ਹ ਝੁੱਗੀਆਂ ਅਤੇ ਸਰਦਾਰ ਧੰਨਾ ਸਿੰਘ ਬਹਿਲਪੁਰ। ਲੋਕ-ਹਿੱਤਾਂ ਨੂੰ ਅਪਣਾਈ ਇਸ ਲਹਿਰ ਨੂੰ ਅੱਗੇ ਵਧਾਉਣ ਲਈ ਹੀ ਇਨ੍ਹਾਂ ਯੋਧਿਆਂ ਨੇ ਲੋਕਾਂ ਖੂਨ-ਪੀਣੀਆਂ ਜੋਕਾਂ ਦੇ ਪੇਟਾਂ 'ਚੋਂ ਕੁਝ ਹਿੱਸਾ ਜ਼ਬਰਦਸਤੀ ਆਪਣੇ ਲੋਕਾਂ ਦੀ ਖਾਤਰ ਕੱਢਣਾ ਸ਼ੁਰੂ ਕਰ ਦਿੱਤਾ। ਉਹ ਘਟਨਾ ਜਾਡਲੇ ਦੇ ਮੁਨਸ਼ੀ ਰਾਮ ਦੇ ਘਰ ਦੀ ਹੋਵੇ ਜਾਂ ਕਾਨ੍ਹੇ ਦੀਆਂ ਫਲਾਹੀਆਂ ਨੇੜੇ ਪਨਾਮ (ਗੜ੍ਹਸ਼ੰਕਰ), ਵਿਖੇ ਬਛੌੜੀ ਦੇ ਰਾਮ ਦਿੱਤਾ "ਕਾਕੇ ਲੰਬੜਦਾਰ" ਤੋਂ ਸਰਕਾਰੀ ਖਜ਼ਾਨੇ ਵਿਚ ਗੜ੍ਹਸ਼ੰਕਰ ਜਮ੍ਹਾਂ ਕਰਵਾਉਣ ਲਈ ਜਾਂਦਿਆਂ ਮਾਮਲਾ ਪ੍ਰਾਪਤ ਕਰ ਲੈਣਾ ਹੋਵੇ ਇਹ ਉਹ ਦਿਨ ਸਨ ਜਦੋਂ ਗੋਰੀ ਹਕੂਮਤ ਦਾ, ਦੁਆਬੇ ਦੀ ਧਰਤੀ ਤੋਂ, ਜੁੱਲੀ-ਤੱਪੜੀ ਸਮੇਟ, ਉਸ ਨੂੰ ਦੋਆਬਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਲਾਡਲਿਆਂ, ਬਾਬਾ ਬੰਦਾ ਸਿੰਘ ਬਹਾਦਰ ਦੇ ਵਾਰਸਾਂ ਅਧੀਨ ਹੋਇਆ ਜਾਪਣ ਲੱਗਿਆ ਸੀ।

੧੯੨੩ ਈ. ਦੇ ਸ਼ੁਰੂ ਵਿਚ ਹੀ ਗੋਰੀ ਹਕੂਮਤ ਨੂੰ ਜਿਹੜੀ ਗਦਰੀ ਬਾਬਿਆਂ ਦੀਆਂ ਮਾਰੀਆਂ ਸੱਟਾਂ ਨੂੰ ਹਾਲੇ ਭੁੱਲੀ ਨਹੀਂ ਸੀ ਨੇ ਇਨ੍ਹਾਂ ਬੱਬਰ ਯੋਧਿਆਂ ਨੂੰ ਸੰਭਾਲਣ ਲਈ ਆਪਣੀ ਪੁਲਿਸ ਤੋਂ ਇਲਾਵਾ ੨੦੦ ਘੋੜ ਸਵਾਰ ਅਤੇ ੨੫੦ ਪੈਦਲ ਫੌਜੀਆਂ

*(ਬਾਕੀ ਸਫ਼ਾ ੭੨ 'ਤੇ)*

# ਸਾਕਾ ਨਨਕਾਣਾ ਸਾਹਿਬ-ਇਕ ਨਜ਼ਰੀਆ

*-ਪ੍ਰੋ. ਦਲਜੀਤ ਸਿੰਘ**

ਇਸ ਧਰਤੀ 'ਤੇ ਸਮੇਂ-ਸਮੇਂ ਕਈ ਨਵੀਆਂ ਵਿਚਾਰਧਾਰਾਵਾਂ, ਫਲਸਫੇ ਪਨਪੇ ਅਤੇ ਸਮੇਂ ਦੀ ਹਨੇਰੀ ਨਾਲ ਖੇਰੂੰ-ਖੇਰੂੰ ਹੋ ਗਏ। ਜਿਨ੍ਹਾਂ ਵਿਚਾਰਧਾਰਾਵਾਂ ਅਤੇ ਫ਼ਲਸਫ਼ਿਆਂ ਨੂੰ ਕੌਮਾਂ ਨੇ ਆਪਣੇ ਖ਼ੂਨ ਨਾਲ ਸਿੰਜਿਆ ਉਹ ਸਥਾਪਤ ਰਹੇ ਅਤੇ ਅਜੇ ਤਕ ਜਿਉਂ ਦੇ ਤਿਉਂ ਖੜ੍ਹੇ ਹਨ। ਜਿਨ੍ਹਾਂ ਕੌਮਾਂ ਵਿਚ ਮੌਤ ਪ੍ਰਤੀ ਲਾਪਰਵਾਹੀ ਅਤੇ ਨਿਡਰਤਾ, ਆਪਣੇ ਰਹਿਬਰ ਅਤੇ ਫਲਸਫੇ ਪ੍ਰਤੀ ਪੂਰਨ ਸਮਰਪਣ ਦੀ ਭਾਵਨਾ ਹੁੰਦੀ ਹੈ, ਉਨ੍ਹਾਂ ਦੇ ਵਜੂਦ ਨੂੰ ਕੋਈ ਤਾਕਤ ਅਤੇ ਜਬਰ ਖ਼ਤਮ ਨਹੀਂ ਕਰ ਸਕਦਾ। ਸੰਸਾਰ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜਿਨ੍ਹਾਂ ਸਿਰ ਦਿੱਤੇ, ਆਪਾ ਵਾਰਿਆ ਉਹ ਕੌਮਾਂ ਜਿਊਂਦੀਆਂ ਹਨ ਅਤੇ ਸੰਸਾਰੀਆਂ ਨੂੰ ਨਵੀਂ ਚੇਤਨਾ ਨਾਲ ਭਰਦੀਆਂ ਹਨ। ਸਿੱਖਾਂ ਦੀ ਖਾਲਸੇ ਦੇ ਰੂਪ ਵਿਚ ਇਸ ਧਰਤੀ 'ਤੇ ਸਥਾਪਤੀ ਅਕਾਲ ਪੁਰਖ ਦੀ ਉਸ ਮੌਜ ਦੀ ਗਵਾਹੀ ਹੈ ਜਿਹੜੀ ਦਸਵੇਂ ਪਾਤਸ਼ਾਹ ਦੇ ਰਾਹੀਂ ਆਪਣਾ ਮੁਕੰਮਲ ਰੂਪ ਧਾਰਨ ਕਰਦੀ ਹੈ। ਅਕਾਲ ਪੁਰਖ ਇਸ ਧਰਤੀ ਨੂੰ ਉਨ੍ਹਾਂ ਮਰਦ ਪੁਰਖਾਂ ਰਾਹੀਂ ਸੰਵਾਰਨਾ ਅਤੇ ਸਜਾਉਣਾ ਚਾਹੁੰਦਾ ਹੈ, ਜਿਨ੍ਹਾਂ ਨੇ ਸੱਚ ਦੀ ਗਵਾਹੀ ਭਰਨੀ ਹੈ ਅਤੇ ਉਸ ਦੀ ਸਥਾਪਤੀ ਲਈ ਆਪਾ ਕੁਰਬਾਨ ਕਰਨ ਲਈ ਤਤਪਰ ਰਹਿਣਾ ਹੈ। ਇਸ ਧਰਤੀ ਧਰਮਸਾਲ ਨੂੰ ਕਾਮਲ ਪੁਰਖਾਂ ਨਾਲ ਸੁਸ਼ੋਭਿਤ ਕਰਨ ਲਈ ਹੀ ਪੂਰਨ ਪੁਰਖ ਨੇ ਖਾਲਸੇ ਦੀ ਹੋਂਦ ਨੂੰ ਸਾਕਾਰ ਰੂਪ ਦਿੱਤਾ।

ਮਹਾਨ ਕੌਮਾਂ ਯਕੀਨਨ ਪਰਮਾਤਮਾ ਵੱਲੋਂ ਸੱਚ ਦੀ ਗਵਾਹੀ ਭਰਨ ਲਈ ਸਮੇਂ-ਸਮੇਂ ਨਵੇਂ ਇਮਤਿਹਾਨਾਂ ਵਿੱਚੋਂ ਗੁਜ਼ਰ ਕੇ ਸੱਚ ਪ੍ਰਤੀ ਸੰਸਾਰ ਨੂੰ ਚੇਤਨਾ ਦਿੰਦੀਆਂ ਹਨ। ਵੱਡਾਪਨ ਵੱਡਿਆਂ ਕਾਰਨਾਮਿਆਂ ਕਰਕੇ ਹਾਸਲ ਹੁੰਦਾ ਹੈ। ਵੱਡੀ ਘਾਲਣਾ, ਵੱਡੇ ਆਦਰਸ਼ ਸਿਰਜ ਕੇ ਲੋਕਾਈ ਦੀ ਅਗਵਾਈ ਲਈ ਪ੍ਰੇਰਨਾ-ਸ੍ਰੋਤ ਬਣਦੀ ਹੈ। ਸਿੱਖ ਇਸ ਧਰਤੀ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਮਦ ਨਾਲ ਹੋਂਦ ਵਿਚ ਆ ਕੇ ਦਸਵੇਂ ਪਾਤਸ਼ਾਹ ਦੀ ਅੰਮ੍ਰਿਤ-ਅਸੀਸ ਸਦਕਾ ਸੰਤ-ਸਿਪਾਹੀ ਦੀ ਨਵੀਂ ਬੁਲੰਦੀ ਨੂੰ ਛੂੰਹਦਾ ਅਤੇ ਉਸ ਦੀ ਰਾਖੀ ਲਈ ਬੋਟੀ-ਬੋਟੀ ਹੋਣ ਦੇ ਹੌਸਲੇ ਨਾਲ ਪੂਰਨਤਾ ਨੂੰ ਹਾਸਲ ਕਰਦਾ ਹੈ। ਸਿੱਖ, ਪੰਜ-ਭੂਤਕ ਸਰੀਰ ਗੁਰੂ ਦੀ ਅਗਵਾਈ ਤੋਂ ਬਾਅਦ ਸ਼ਬਦ-ਗੁਰੂ ਦੀ ਸਰਪ੍ਰਸਤੀ ਹੇਠ ਲੋਕਾਈ ਸਨਮੁੱਖ ਹੋ ਕੇ ਨਵੀਆਂ ਪੈੜਾਂ ਪਾਉਂਦਾ ਆਪਣੇ ਸੱਚੇ ਪਾਤਸ਼ਾਹ ਨੂੰ ਸੱਚੀ ਨਮਸਕਾਰ ਕਰਦਾ ਹੈ।

** ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ। ਮੋ: ੯੮੭੮੩-੭੧੩੪੫*

ਸਿੱਖ ਜਿੰਨੀ ਸ਼ਿੱਦਤ ਨਾਲ ਬਾਣੀ ਪੜ੍ਹਦਾ, ਸੇਵਾ ਕਰਦਾ ਅਤੇ ਆਪਣੇ ਗ੍ਰਿਹਸਤ ਜੀਵਨ ਨੂੰ ਨਿਭਾਉਂਦਾ ਹੈ, ਉਸ ਦੇ ਨਾਲ ਹੀ ਵਧੇਰੇ ਚਾਅ ਤੇ ਉਮਾਹ ਨਾਲ ਇਸ ਦੀ ਰਾਖੀ ਅਤੇ ਸਥਾਪਤੀ ਲਈ ਕੁਰਬਾਨ ਹੋਣ ਲਈ ਵੀ ਤਿਆਰ ਰਹਿੰਦਾ ਹੈ। ਇਤਿਹਾਸ ਇਨ੍ਹਾਂ ਦੀ ਇਸ ਦ੍ਰਿੜ੍ਹਤਾ ਦੀ ਗਵਾਹੀ ਸੀਨਾ ਠੋਕ ਕੇ ਦਿੰਦਾ ਹੈ। ਘਟਨਾਵਾਂ, ਤੱਥ, ਤਰੀਕਾਂ, ਚਰਿੱਤਰ ਇੰਨੇ ਜੀਵੰਤ ਅਤੇ ਪ੍ਰਮਾਣਿਕ ਹਨ ਕਿ ਇਵੇਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਉਹ ਸਭ ਸਾਡੇ ਸਾਹਮਣੇ ਹੀ ਵਾਪਰਿਆ ਹੋਵੇ। ਕੋਈ ਕਲਪਨਾ ਜਾਂ ਕਹਾਣੀ ਨਹੀਂ ਘੜੀ ਗਈ, ਯਥਾਰਥ-ਚਿਤਰਨ ਹੈ ਉਸ ਵਾਸਤਵਿਕਤਾ ਦਾ ਜੋ ਵਾਪਰੀ ਅਤੇ ਆਪਣੇ ਕਦੀ ਨਾ ਭੁੱਲਣ ਵਾਲੇ ਨਿਸ਼ਾਨ ਛੱਡ ਗਈ, ਤਾਂ ਕਿ ਆਉਣ ਵਾਲੀਆਂ ਨਸਲਾਂ ਆਪਣੇ ਬਜ਼ੁਰਗਾਂ ਤੋਂ ਪ੍ਰੇਰਨਾ ਲੈ ਕੇ ਸੱਚ ਦੀ ਸਥਾਪਤੀ ਲਈ ਹਰ ਪੱਖੋਂ ਤੱਤਪਰ ਰਹਿਣ। ਨਨਕਾਣਾ ਸਾਹਿਬ ਦੀ ਉਹ ਪਾਵਨ ਧਰਤੀ ਜਿਥੇ ਦੁਨੀਆਂ ਦੇ ਸਭ ਤੋਂ ਮਹਾਨ ਆਧੁਨਿਕ, ਅਧਿਆਤਮਿਕ, ਰਾਜਨੀਤਿਕ, ਆਰਥਿਕ, ਸਮਾਜਿਕ ਚਿੰਤਕ ਨੇ ਕਦਮ ਰੱਖੇ; ਜਿਸ ਦੀ ਆਮਦ ਨਾਲ ਜ਼ਰ੍ਹਾ-ਜ਼ਰ੍ਹਾ ਖੁਸ਼, ਉਤਸ਼ਾਹਿਤ ਅਤੇ ਪ੍ਰਫੁੱਲਤ ਹੋਇਆ, ਮਨੁੱਖਤਾ ਨੇ ਸੁਖ, ਸਕੂਨ ਮਹਿਸੂਸਿਆ ਅਤੇ ਸੱਚ ਦੀ ਪਛਾਣ ਕੀਤੀ; ਉਸ ਮਹਾਨ ਪੁਰਖ ਨੂੰ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਪੁਕਾਰਿਆ ਅਤੇ ਸਤਿਕਾਰਿਆ ਜਾਂਦਾ ਹੈ। ਜਿਥੇ ਇਸ ਮਹਾਨ ਗੁਰੂ ਦੇ ਕਦਮ ਪਏ, ਉਹ ਧਰਤੀ ਧੰਨ ਹੋ ਗਈ, ਉਹ ਘਰ ਧਰਮਸਾਲ ਹੋ ਗਿਆ। ਜਿਸ ਹਿਰਦੇ ਨੇ ਇਸ ਦੀ ਅਵਾਜ਼ ਸੁਣੀ ਉਹ ਹਰਿ ਮੰਦਰ ਹੋ ਗਿਆ।

ਸਮੇਂ ਦੇ ਗੁਜ਼ਰਨ ਨਾਲ ਧਰਮਸਾਲਾਵਾਂ 'ਤੇ ਕਾਬਜ਼ ਬੰਦੇ ਬਦਕਾਰ, ਖੂੰਖਾਰ ਅਤੇ ਵਿਭਚਾਰੀ ਹੋ ਗਏ। ਗੁਰਧਾਮਾਂ ਦੀ ਕਮਾਈ ਆਪਣੇ ਨਿੱਜੀ ਸਵਾਰਥਾਂ ਹਿਤ ਖਰਚਣ ਲੱਗੇ। ਬਾਬੇ ਦਾ ਅਦਬ, ਸਤਿਕਾਰ ਭੁੱਲਦੇ ਗਏ। ਜਦੋਂ ਇਹ ਆਪਣੀ ਹਉਂ ਵਿਚ ਅੰਨ੍ਹੇ ਹੋ ਗਏ ਤਾਂ ਗੁਰੂ ਦੇ ਖਾਲਸੇ ਨੇ ਆਪਣੇ ਫ਼ਰਜ਼ ਨਿਭਾਉਣ ਲਈ ਸਿਰ ਤਲੀ 'ਤੇ ਰੱਖੇ। ਨਨਕਾਣਾ ਸਾਹਿਬ ਦਾ ਸਾਕਾ ਸਿੱਖਾਂ ਦੀ ਮਰਦਾਨਗੀ ਅਤੇ ਗੁਰੂ ਪ੍ਰਤੀ ਵਫ਼ਾਦਾਰੀ ਦਾ ਉਹ ਪੁਖਤਾ ਸਬੂਤ ਹੈ ਜਿਸ ਨੇ ਯੁੱਗਾਂ-ਯੁੱਗਾਂ ਤਕ ਖਾਲਸਾਈ ਕਾਰਗੁਜ਼ਾਰੀ ਨੂੰ ਜਿਊਂਦੀ ਰੱਖਣਾ ਹੈ। ਇਹ ਉਨ੍ਹਾਂ ਨਾਪਾਕ ਪੁਰਖਾਂ ਦੀ ਉਦਾਹਰਣ ਵੀ ਦਰਸਾਉਂਦਾ ਰਹੇਗਾ ਜਿਨ੍ਹਾਂ ਮਨੁੱਖਤਾ ਨੂੰ ਕਲੰਕਿਤ ਹੀ ਨਹੀਂ ਕੀਤਾ ਬਲਕਿ ਮਨੁੱਖ ਦੇ ਅੰਦਰ ਪਈ ਉਸ ਦਰਿੰਦਗੀ ਦਾ ਪਰਦਾਫਾਸ਼ ਵੀ ਕੀਤਾ ਹੈ ਜੋ ਧਾਰਮਿਕ ਲਿਬਾਸ ਦੇ ਅੰਦਰ ਆਪਾ ਲੁਕਾਈ ਰੱਖਦੀ ਹੈ। ਇਹ ਇਸ ਗੱਲ ਦੀ ਸਾਖੀ ਵੀ ਬਣਦੀ ਹੈ ਕਿ ਪਵਿੱਤਰ ਧਰਮ-ਸਥਾਨਾਂ 'ਤੇ ਭੇਖ ਧਾਰ ਕੇ ਕਾਬਜ਼ ਹੋਇਆਂ ਕੋਈ ਫਰਿਸ਼ਤਾ ਜਾਂ ਪੂਰਨ ਪੁਰਖ ਨਹੀਂ ਬਣਦਾ। ਸੱਚਾ ਗੁਰੂ ਆਪਣੇ ਸਾਤਵਿਕ ਰੂਪ ਖਾਲਸੇ ਰਾਹੀਂ ਪ੍ਰਗਟ ਹੋ ਕੇ ਅਜਿਹੀ ਭੇਖੀ ਅਤੇ ਮੈਲੀ ਵਿਵਸਥਾ ਨੂੰ ਨਾ ਸਿਰਫ਼ ਵੰਗਾਰਦਾ ਹੈ ਬਲਕਿ ਉਸ ਦੀਆਂ ਜੜ੍ਹਾਂ ਪੁੱਟ ਸੁੱਟਣ ਦੀ ਤਾਕਤ ਵੀ ਰੱਖਦਾ ਹੈ।

ਜਿਸ ਧਰਤੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਮਦ ਨਾਲ ਆਪਣੇ ਵਜੂਦ ਨੂੰ ਖ਼ਲਕਤ ਦੇ ਸਾਹਮਣੇ ਪੂਜਨੀਕ ਪਵਿੱਤਰ ਧਾਮ ਰੂਪ ਵਿਚ ਪੇਸ਼ ਕੀਤਾ, ਜਿੱਥੋਂ ਸੰਸਾਰ ਨੂੰ ਸ਼ਾਂਤੀ, ਪ੍ਰੇਮ, ਭਾਈਚਾਰੇ ਅਤੇ ਅਧਿਆਤਮਕ ਉੱਨਤੀ ਦੀ ਲੋਅ ਲੱਗੀ, ਅੱਜ ਉਹੀ ਧਰਤੀ ਆਪਣੇ ਨਾਲ ਇਕ ਹੋਰ ਇਤਿਹਾਸਕ ਵਰਕਾ ਜੋੜਨ ਲਈ ਤਿਆਰ ਹੋਈ ਪ੍ਰਤੀਤ ਹੁੰਦੀ ਹੈ। ਅੱਯਾਸ਼ ਮਹੰਤ ਨਰੈਣ ਦਾਸ ਕੁਝ ਕੁ ਹਮਖ਼ਿਆਲੀ ਅਤੇ ਹਮਪਿਆਲੀ ਚਾਪਲੂਸਾਂ ਨਾਲ ਮਿਲ ਕੇ ਸਮੇਂ ਦੀ ਹਕੂਮਤ ਦੀ ਸ਼ਹਿ ਨਾਲ ਖਾਲਸਾਈ ਸ਼ਾਨ ਨੂੰ ਲਲਕਾਰ ਪਾਉਂਦਾ ਹੈ। ਮਹੰਤ ਦੀ ਹਉਂ ਨੂੰ ਠੱਲ੍ਹ ਪਾਉਣ ਲਈ ਅਤੇ ਨਨਕਾਣਾ ਸਾਹਿਬ ਨੂੰ ਅਜਿਹੇ ਹੰਕਾਰੀ ਤੋਂ ਅਜ਼ਾਦ ਕਰਵਾਉਣ ਲਈ ਪਿੰਡ ਧਾਰੋਵਾਲੀ ਵਿਖੇ ਇਕ ਦੀਵਾਨ ਸਜਾਇਆ ਗਿਆ ਅਤੇ ਮਹੰਤ ਨੂੰ ਆਪਣਾ ਪ੍ਰਬੰਧ ਅਤੇ ਕਰਮਾਚਾਰ ਸੁਧਾਰਨ ਲਈ ਮਤਾ ਪਾਸ ਕੀਤਾ ਗਿਆ। ਜਦੋਂ ਮਹੰਤ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਆਪਣੇ ਸੁਧਾਰ ਦੀ ਬਜਾਏ ਸਿੱਖਾਂ ਨੂੰ ਸਬਕ ਸਿਖਾਉਣ ਦੀ ਠਾਣ ਲਈ ਅਤੇ ਤਿਆਰੀ ਅਰੰਭੀ। ਨਨਕਾਣਾ ਸਾਹਿਬ ਦੀ ਪਾਵਨ ਜੂਹ ਅੰਦਰ ਹਥਿਆਰ, ਤੇਲ ਅਤੇ ਜ਼ਰਾਇਮਪੇਸ਼ਾ ਬੰਦੇ ਇਕੱਤਰ ਕੀਤੇ ਤੇ ਉਸ ਅਸਥਾਨ ਨੂੰ ਮੋਰਚਾਬੰਦੀ ਕਰ ਕੇ ਜੰਗੀ ਕਿਲ੍ਹੇ ਦਾ ਰੂਪ ਦੇ ਦਿੱਤਾ। ਆਪਣੇ ਪਿਛਲੱਗੂਆਂ ਨੂੰ ਇਹ ਖਾਸ ਹਦਾਇਤ ਕੀਤੀ ਕਿ ਕੋਈ ਬਚੇ ਨਾ।

੨੦ ਫਰਵਰੀ, ੧੯੨੧ ਈ. ਨੂੰ ਭਾਈ ਲਛਮਣ ਸਿੰਘ ਹੋਰੀਂ ਲੱਗਭਗ ੧੫੦ ਸਿੰਘਾਂ ਦਾ ਜਥਾ ਲੈ ਕੇ ਸ਼ਾਂਤੀਪੂਰਨ ਅਤੇ ਗੁਰੂ-ਅਦਬ ਨਾਲ ਦਰਸ਼ਨੀ ਡਿਉਢੀ ਤੋਂ ਅੰਦਰ ਦਾਖ਼ਲ ਹੋਏ। ਭਾਈ ਲਛਮਣ ਸਿੰਘ ਹੋਰੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਗਏ ਅਤੇ ਬਾਕੀ ਸਿੰਘ ਦਰਬਾਰ ਸਾਹਿਬ ਦੇ ਹਾਲ ਵਿਚ ਬੈਠ ਕੇ ਸ਼ਬਦ ਪੜ੍ਹਨ ਵਿਚ ਮਗਨ ਹੋ ਗਏ। ਉਥੋਂ ਡੇਰੇ ਦੇ ਮਹੰਤ ਅਤੇ ਹੋਰ ਬੰਦੇ ਖਿਸਕ ਗਏ। ਇੰਨੇ ਵਿਚ ਛੱਤਾਂ ਉੱਤੇ ਬਣੇ ਮੋਰਚਿਆਂ ਵਿੱਚੋਂ ਗੋਲੀਆਂ ਦੀ ਬੁਛਾੜ ਸ਼ੁਰੂ ਹੋ ਗਈ। ਗੋਲੀਆਂ ਨਾਲ ਕਈ ਸਿੰਘ ਸ਼ਹੀਦ ਹੋ ਗਏ। ਸਹਿਕਦੇ ਜ਼ਖ਼ਮੀ ਸਿੰਘਾਂ ਨੂੰ ਛੱਤ ਤੋਂ ਉਤਰ ਕੇ ਮਹੰਤ ਦੇ ਗੁੰਡਿਆਂ ਨੇ ਛਵੀਆਂ, ਤਲਵਾਰਾਂ, ਗੰਡਾਸਿਆਂ ਨਾਲ ਵੱਢਣਾ-ਟੁੱਕਣਾ ਸ਼ੁਰੂ ਕੀਤਾ। ਜਦੋਂ ਅੰਦਰ ਵਾਲੇ ਸਿੰਘ ਸ਼ਹੀਦ ਕਰ ਦਿੱਤੇ ਗਏ ਤਾਂ ਮਹੰਤ ਜੋ ਘੋੜੇ 'ਤੇ ਸਵਾਰ ਮੂੰਹ 'ਤੇ ਕੱਪੜਾ ਲਪੇਟੀ, ਉਨ੍ਹਾਂ ਦੀ ਅਗਵਾਈ ਕਰ ਰਿਹਾ ਸੀ, ਗੁਰਦੁਆਰੇ ਦੇ ਗੇਟ ਤੋਂ ਬਾਹਰ ਆ ਗਿਆ ਅਤੇ ਬਾਹਰੋਂ ਆਉਣ ਵਾਲੇ ਸਿੱਖਾਂ ਨੂੰ ਮਰਵਾਉਣ ਲੱਗ ਪਿਆ। ਭਾਈ ਦਲੀਪ ਸਿੰਘ ਦੇ ਉਥੇ ਪਹੁੰਚਣ 'ਤੇ ਆਪ ਨਰੈਣ ਦਾਸ ਨੇ ਉਸ ਨੂੰ ਗੋਲੀ ਮਾਰੀ ਅਤੇ ਉਨ੍ਹਾਂ ਦੇ ਨਾਲ ਦੇ ਸਾਥੀ ਸ. ਵਰਿਆਮ ਸਿੰਘ ਨੂੰ ਉਸ ਦੇ ਗੁੰਡਿਆਂ ਨੇ ਚੀਰ ਸੁੱਟਿਆ। ਸਾਰੀਆਂ ਲੋਥਾਂ ਨੂੰ ਤਿੰਨ ਢੇਰਾਂ ਵਿਚ ਇਕੱਠਾ ਕਰ ਕੇ ਮਿੱਟੀ ਦਾ ਤੇਲ ਪਾ ਕੇ ਅੱਗ ਲਾਈ ਗਈ। ਭਾਈ ਲਛਮਣ ਸਿੰਘ ਹੋਰਾਂ ਨੂੰ ਜੰਡ ਨਾਲ ਬੰਨ੍ਹ ਕੇ ਤੇਲ ਪਾ ਕੇ, ਲਾਂਬੂ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

ਇਤਿਹਾਸ ਦਾ ਇਹ ਲਹੂ ਨਾਲ ਸੁਰਖ ਵਰਕਾ ਬੀਤੇ ਸਮੇਂ ਦੀ ਉਸ ਸੱਜਰੀ ਦਾਸਤਾਨ ਨਾਲ ਰੂ-ਬ-ਰੂ ਕਰਵਾਉਂਦਾ ਹੈ ਜਿਹੜੀ ਸਿਦਕ ਅਤੇ ਅਹੰਕਾਰ ਦੀ ਆਪਸੀ ਟੱਕਰ ਵਿੱਚੋਂ ਸਿਦਕ ਦੀ ਜਿੱਤ ਦੀ ਗਵਾਹੀ ਭਰਦੀ ਅਹਿੰਸਾ ਦੀ ਉਹ ਬੇਮਿਸਾਲ ਪਰਿਭਾਸ਼ਾ ਸਿਰਜਦੀ ਹੈ ਜਿਸ ਦੀ ਬਰਾਬਰੀ ਕੋਈ ਹੋਰ ਅਹਿੰਸਾਤਮਕ ਕ੍ਰਾਂਤੀ ਨਹੀਂ ਕਰ ਸਕਦੀ। ਕੌਮ ਦੇ ਲਾਸਾਨੀ ਇਤਿਹਾਸ ਨੂੰ ਸੁਰਜੀਤ ਰੱਖਣ ਲਈ ਕੌਮੀ ਜਜ਼ਬੇ ਵਾਲੀ ਜਵਾਨੀ ਨੇ ਭਵਿੱਖ ਵਿਚ ਅਜੇ ਆਪਣੇ ਫਰਜ਼ ਨਿਭਾਉਣੇ ਹਨ। ਸ਼ਾਇਦ ਇਸ ਲਈ ਹੀ ਕੌਮ ਦੀ ਸ਼੍ਰੋਮਣੀ ਸੰਸਥਾ ਨੇ ਸ੍ਰੀ ਗੁਰੂ ਰਾਮਦਾਸ ਜੀ ਸੱਚੇ ਪਾਤਸ਼ਾਹ ਜੀ ਦੀ ਪਾਵਨ ਨਗਰੀ ਵਿਚ ਸ਼ਹੀਦ ਸਮਾਰਕ ਰੂਪ ਵਿਚ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਸਥਾਪਤ ਕੀਤਾ ਹੈ।

■

---

**ਬੱਬਰ ਅਕਾਲੀ ਲਹਿਰ ਅਤੇ ਉਸ ਦਾ ਪਿਛੋਕੜ** *(ਸਫ਼ਾ ੬੮ ਦਾ ਬਾਕੀ ਹਿੱਸਾ)*

ਦਾ ਪ੍ਰਬੰਧ, ਇਕੱਲੇ ਜ਼ਿਲ੍ਹਾ ਜਲੰਧਰ ਲਈ ਕਰ ਰੱਖਿਆ ਸੀ। ਦਰਜਨਾਂ ਲੋਕ-ਦੋਖੀਆਂ ਨੂੰ ਸੋਧਣਾ, ਸਜ਼ਾਵਾਂ ਦੇਣੀਆਂ ਬੱਬਰ ਯੋਧਿਆਂ ਦਾ ਮਾਣ-ਮੱਤਾ ਇਤਿਹਾਸ ਬਣਦਾ ਜਾ ਰਿਹਾ ਸੀ।

ਬੱਬਰ ਸਰਦਾਰ ਕਰਮ ਸਿੰਘ ਦੌਲਤਪੁਰ ਦੀ ਅਗਵਾਈ ਵਿਚ ਬੱਬਰਾਂ ਦੇ ਜਥੇ ਅਜਿਹੇ ਰੂਪ ਵਿਚ ਵਿਚਰਦੇ ਹਨ ਕਿ ਸਰਕਾਰ ਹਿੱਲ ਜਾਂਦੀ ਹੈ। ਹਾਕਮੀ ਧਾੜਾਂ ਇਨ੍ਹਾਂ ਬੱਬਰ ਯੋਧਿਆਂ ਦਾ ਸ਼ਿਕਾਰ ਕਰਨ ਹਿੱਤ ਹਰਲ੍ਹ-ਹਰਲ੍ਹ ਕਰਦੀਆਂ ਫਿਰ ਰਹੀਆਂ ਹਨ। ਲੋਕ-ਦੋਖੀ ਝੋਲੀ-ਚੁੱਕਾਂ ਦੀਆ ਕਰਤੂਤਾਂ ਸਦਕਾ ਬੱਬੇਲੀ ਕਾਂਡ ਵਾਪਰ ਜਾਂਦਾ ਹੈ। ਜਿੱਥੇ ਇਤਿਹਾਸਕ ਗੁਰਦੁਆਰਾ ਸਾਹਿਬ ਚੌਂਤਾ ਸਾਹਿਬ ਦੇ ਕਿਨਾਰੇ ਬੇਂਈ ਦੀ ਓਟ ਲੈ ਕੇ ਗੋਰੀ ਹਕੂਮਤ ਦੇ ਸੈਂਕੜੇ ਸਿਪਾਹੀਆਂ ਨਾਲ ਜੂਝਦੇ ਹੋਏ ਚਾਰ ਬੱਬਰ ਯੋਧੇ ਸ਼ਹੀਦੀ ਜਾਮ ਪੀ ਜਾਂਦੇ ਹਨ।

੨੭ ਫਰਵਰੀ ੧੯੨੬ ਈ. ਹੋਲੀ ਵਾਲੇ ਦਿਨ ਲਹਿਰ ਦੇ ਬਾਨੀ ਸਰਦਾਰ ਕਿਸ਼ਨ ਸਿੰਘ ਗੜਗੱਜ (ਵੜਿੰਗ) ਕਰਮ ਸਿੰਘ ਮਾਣੋਕੇ, ਸਰਦਾਰ ਨੰਦ ਸਿੰਘ ਘੜਿਆਲ, ਬਾਬੂ ਸੰਤਾ ਸਿੰਘ ਛੋਟੀ ਹਰਿਓਂ (ਲੁਧਿਆਣਾ), ਸਰਦਾਰ ਦਲੀਪ ਸਿੰਘ ਧਾਮੀਆਂ ਕਲਾਂ, ਸਰਦਾਰ ਧਰਮ ਸਿੰਘ ਹਿਆਤਪੁਰ (ਰੁੜਕੀ) ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਲਾ ਦਿੱਤੀ ਗਈ ਜਿਨ੍ਹਾਂ ਦੇ ਦਰਸ਼ਨਾਂ ਨੂੰ ਅਜ਼ਾਦ ਹਵਾਵਾਂ ਵਿਚ ਸਾਹ ਲੈਣ ਦੀ ਲੋਚਾ ਰੱਖਦੇ ਲੋਕੀਂ ਗੁਰਦੁਆਰਾ ਡੇਰਾ ਸਾਹਿਬ ਪੁੱਜਦੇ ਹਨ।

■

# ਸਮਾਜ ਵਿਕਾਸ ਵੱਲ ਜਾਂ ਨਿਘਾਰ ਵੱਲ?

*-ਬੀਬੀ ਵਰਿੰਦਰਜੀਤ ਕੌਰ**

ਪਰਿਵਰਤਨ ਸਮਾਜ ਦਾ ਨਿਯਮ ਹੈ। ਅੱਜ ਅਕਸਰ ਕਹਿ ਲਿਆ ਜਾਂਦਾ ਹੈ ਕਿ ਮਨੁੱਖ ਤਰੱਕੀ ਕਰ ਰਿਹਾ ਹੈ, ਆਧੁਨਿਕ ਹੋ ਰਿਹਾ ਹੈ ਪਰ ਪਰਿਵਰਤਨ ਦੀ ਇਹ ਦਿਸ਼ਾ ਨਿਰੋਲ ਪਦਾਰਥਕ ਹੈ, ਮਾਨਸਿਕ ਨਹੀਂ। ਜਦੋਂ ਅਸੀਂ ਤਰੱਕੀ ਦੀ ਦਿਸ਼ਾ ਬਾਰੇ ਗੱਲ ਕਰਦੇ ਹਾਂ ਤਾਂ ਇਸ ਸੰਬੰਧੀ ਸਮੁੱਚੀਆਂ ਉਦਾਹਰਣਾਂ ਨਿਰੋਲ ਪਦਾਰਥਕ ਤਰੱਕੀ ਦੀਆਂ ਉਦਾਹਰਣਾਂ ਹਨ, ਜਿਵੇਂ ਤਰੱਕੀ ਨੂੰ ਅਸੀਂ ਵਿਅਕਤੀ ਦੇ ਪੁਲਾੜ ਵੱਲ ਪੁਲਾਂਘਾਂ ਪੁੱਟਣ, ਦੁਨੀਆਂ ਦੇ ਸਿਮਟ ਕੇ ਛੋਟੀ ਹੋ ਜਾਣ, ਫੈਸ਼ਨ ਦੀ ਵਿਭਿੰਨਤਾ, ਨਿਤਾ-ਪ੍ਰਤੀ ਦੇ ਜੀਵਨ ਵਿਚ ਹੋਟਲਾਂ-ਕਲੱਬਾਂ ਦਾ ਵਾਧਾ, ਫਾਸਟ ਫੂਡ, ਵਧੇਰੇ ਖਰਚ, ਸੂਖ਼ਮ, ਸੁਧਰੀ ਭਾਸ਼ਾ ਦੇ ਪ੍ਰਯੋਗ ਨਾਲ ਜੋੜ ਕੇ ਦੇਖਦੇ ਹਾਂ। ਪਰ ਇਸ ਸਮੁੱਚੀ ਵਿਕਾਸ-ਦਰ ਦਾ ਸੰਬੰਧ ਬਾਹਰੀ ਤਰੱਕੀ ਭਾਵ ਪਦਾਰਥਕ ਉੱਨਤੀ ਨਾਲ ਹੈ। ਇਸ ਨੂੰ ਵਿਕਾਸ ਮੰਨਿਆ ਜਾ ਸਕਦਾ ਹੈ ਪਰ ਇਸ ਵਿਕਾਸ ਦੇ ਪਿੱਛੇ ਮਨੁੱਖੀ ਮਾਨਸਿਕ ਦਸ਼ਾ ਜਾਂ ਦਿਸ਼ਾ ਇਕ ਅਜਿਹਾ ਸਵਾਲ ਹੈ ਜਿਸ ਦੇ ਰਾਹੀਂ ਵਿਕਾਸ ਦੀ ਦਿਸ਼ਾ ਨੂੰ ਦੇਖਣਾ ਜ਼ਰੂਰੀ ਹੋ ਜਾਂਦਾ ਹੈ।

ਭਾਰਤੀ ਫਿਲਾਸਫ਼ੀ ਦਾ ਮੂਲ ਮੁੱਦਾ ਪਦਾਰਥਕ ਵਿਕਾਸ ਨਾਲੋਂ ਮਾਨਸਿਕ ਵਿਕਾਸ ਹੀ ਰਿਹਾ ਹੈ। ਭਾਵੇਂ ਸਾਡੀ ਪਦਾਰਥਕ ਵਿਕਾਸ ਦੀ ਦਿਸ਼ਾ ਪੱਛਮੀ ਵਿਕਾਸ ਦੀ ਦਿਸ਼ਾ ਉੱਤੇ ਆਧਾਰਿਤ ਹੈ ਜਿਸ ਵਿਚ ਮਾਨਸਿਕ ਵਿਕਾਸ ਦਾ ਆਧਾਰ ਸੁਖ-ਸੁਵਿਧਾਵਾਂ ਤੇ ਮਾਨਵੀ ਹੱਕ ਹਨ। ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਜਿਸ ਪੱਛਮੀ ਵਿਕਾਸ ਦੇ ਤਹਿਤ ਆਪਣੇ ਵਿਕਾਸ ਨੂੰ ਮਾਪਦੇ ਹਾਂ, ਉਸ ਸਭਿਅਤਾ ਵਿਚ ਸਮਾਜਿਕਤਾ/ਨੈਤਿਕਤਾ ਦੀ ਕੀ ਦਿਸ਼ਾ ਹੈ। ਉਸ ਸਮਾਜ ਵਿਚ ਜੇ ਅਸੀਂ ਮਨੁੱਖ ਨੂੰ ਸੰਪੂਰਨ ਸੁਵਿਧਾਵਾਂ ਪ੍ਰਾਪਤ ਹੋਣ ਵਜੋਂ ਦੇਖਦੇ ਹਾਂ ਤਾਂ ਇਹ ਕੋਈ ਅਤਿਕਥਨੀ ਨਹੀਂ। ਪਰ ਉਨ੍ਹਾਂ ਵਿੱਚੋਂ ਜੀਵਨ ਦਾ ਮਾਨਸਿਕ ਅਨੰਦ ਤੇ ਆਤਮਿਕਤਾ ਦਾ ਜਲੌਅ ਕਿਧਰੇ ਅਲੋਪ ਹੈ। ਇਸ ਦਾ ਸੰਕੇਤ ਲੁਕੇ-ਛਿਪੇ ਤੱਥਾਂ ਤੋਂ ਮਿਲਦਾ ਹੈ ਕਿ ੮੦% ਵਿਅਕਤੀ ਤਨਾਅ ਦਾ ਸ਼ਿਕਾਰ ਹੋਣ ਕਰ ਕੇ ਤਨਾਉ-ਮੁਕਤ ਦਵਾਈਆਂ ਦੇ ਸੇਵਨ 'ਤੇ ਆਧਾਰਿਤ ਹਨ। ਇਹ ਤੱਥ ਸਾਡੇ ਅੱਗੇ ਇਹ ਪ੍ਰਸ਼ਨ ਵੀ ਖੜ੍ਹਾ ਕਰ ਦਿੰਦੇ ਹਨ ਕਿ ਟੁੱਟਦੀ ਸਮਾਜਿਕਤਾ ਵਾਲੇ ਉਸ ਸਮਾਜ ਵਿਚ ਤਨਾਅ ਦਾ ਕਾਰਨ ਕਿਤੇ ਘੱਟਦੀ ਮਾਨਸਿਕਤਾ ਤਾਂ ਨਹੀਂ?

** ਲੈਕਚਰਾਰ ਸ਼ੋਸ਼ਿਆਲੋਜੀ, ਮਾਤਾ ਗੰਗਾ ਖਾਲਸਾ ਕਾਲਜ ਫਾਰ ਗਰਲਜ਼, ਮੰਜੀ ਸਾਹਿਬ, ਕੋਟਾਂ, ਜ਼ਿਲ੍ਹਾ ਲੁਧਿਆਣਾ।*

ਹਮੇਸ਼ਾਂ ਤੋਂ ਚਲੀ ਆਉਂਦੀ ਸੱਚਾਈ ਕਿ ਪਦਾਰਥਕ ਉੱਨਤੀ ਤੇਜ਼ੀ ਨਾਲ ਵਾਪਰਦੀ ਹੈ ਤੇ ਮਾਨਸਿਕ ਵਿਕਾਸ ਦੀ ਗਤੀ ਹੌਲੀ ਹੋਣ ਕਰ ਕੇ ਇਹ ਵਿਕਾਸ ਪਿੱਛੇ ਰਹਿ ਜਾਂਦਾ ਹੈ। ਪਿੱਛੇ ਰਹਿਣ ਕਰ ਕੇ ਇਸ ਵਿਚਲੇ ਪਾੜੇ ਨੂੰ ਸੰਸਕ੍ਰਿਤਕ ਪੱਛੜੇਪਨ ਦਾ ਨਾਮ ਵੀ ਦਿੱਤਾ ਜਾਂਦਾ ਹੈ। ਸਾਡੀ ਭਾਰਤੀ ਫਿਲਾਸਫ਼ੀ ਹਮੇਸ਼ਾਂ ਤੋਂ ਹੀ ਇਸ ਦਾ ਸ਼ਿਕਾਰ ਰਹੀ ਹੈ। ਅੱਜ ਪੱਛਮੀਕਰਨ ਦੇ ਪ੍ਰਭਾਵ ਅਧੀਨ ਅਸੀਂ ਸਿਰਫ ਪਦਾਰਥਕ ਤਰੱਕੀ ਤਕ ਹੀ ਸੀਮਿਤ ਹੋ ਕੇ ਰਹਿ ਗਏ ਹਾਂ। ਵਾਧੂ ਪਦਾਰਥ ਤੇ ਪੈਸਾ, ਵਧ ਰਹੀਆਂ ਲੋੜਾਂ ਸਾਡੇ ਪਰਵਾਰਾਂ ਨੂੰ ਨਿਖੇੜ ਰਹੀਆਂ ਹਨ। ਕਿਸੇ ਕੋਲ ਆਪਣੇ ਪਰਵਾਰ ਨਾਲ ਬੈਠ ਕੇ ਜ਼ਿੰਦਗੀ ਨੂੰ ਮਾਣਨ ਦਾ ਸਮਾਂ ਨਹੀਂ। ਪਦਾਰਥਕ ਬਹੁਲਤਾ ਨੇ ਸਮੇਂ ਦੀ ਕਮੀ ਕਰ ਦਿੱਤੀ ਹੈ। ਸਕੂਨ ਬਾਹਰੋਂ ਲੱਭਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਆਪਸੀ ਸੰਬੰਧ ਪਦਾਰਥਵਾਦੀ ਤੇ ਸੁਆਰਥਵਾਦੀ ਹੋ ਕੇ ਰਹਿ ਗਏ ਹਨ। ਇਹੀ ਕਾਰਨ ਹੈ ਕਿ ਪਰਵਾਰਿਕ ਤੇ ਸਮਾਜਿਕ ਵਿਘਟਨ ਹੋ ਰਿਹਾ ਹੈ।

ਸਦੀਆਂ ਤੋਂ ਸਾਡੇ ਦੇਸ਼ ਵਿਚ ਲੜਕੀਆਂ ਦੇ ਜਨਮ ਲੈਣ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ ਰਹੀ। ਲੜਕੀ ਦੇ ਜਨਮ ਲੈਣ ਤੋਂ ਬਾਅਦ ਦਾਈ ਵੱਲੋਂ ਉਸ ਨੂੰ ਮਾਰ ਦੇਣਾ ਤੇ ਕਹਿਣਾ :

*"ਗੁੜ ਖਾਈਂ ਪੂਣੀ ਕੱਤੀਂ*
*ਆਪ ਨਾ ਆਈਂ, ਵੀਰ ਨੂੰ ਘੱਤੀਂ।"*

ਅੱਜ ਦੇ ਮਸ਼ੀਨੀ ਯੁੱਗ ਨੇ ਹੋਰ ਵੀ ਨਵੇਂ ਤਰੀਕੇ ਅਪਣਾ ਲਏ, ਇਨ੍ਹਾਂ ਨੂੰ ਖ਼ਤਮ ਕਰਨ ਦੇ। ਗੁਰੂ ਸਾਹਿਬਾਨ ਨੇ ਤਾਂ ਕੁੜੀ-ਮਾਰ ਨਾਲ ਰਿਸ਼ਤਾ ਕਰਨਾ ਵਰਜਿਤ ਕੀਤਾ ਸੀ, ਪਰ ਅੱਜ ਬਹੁਤ ਘੱਟ ਪਰਵਾਰ ਇਸ ਦੀ ਮਾਰ ਤੋਂ ਬਚ ਸਕੇ ਹਨ। ਵਧਦੀ ਭਰੂਣ ਹੱਤਿਆ ਤੇ ਘਟਦੀ ਮਾਦਾ ਜਨਸੰਖਿਆ ਦੇ ਬਾਰੇ ਸਾਡੀ ਜਨਗਣਨਾ ਰਿਪੋਰਟ ਗਵਾਹੀ ਭਰਦੀ ਹੈ ਕਿ ਅਸੀਂ ਮਾਨਸਿਕ ਤੌਰ 'ਤੇ ਕਿਹੋ ਜਿਹੀ ਤਰੱਕੀ ਕੀਤੀ ਹੈ। ਅਧਿਐਨਾਂ ਅਨੁਸਾਰ ਅਨਪੜ੍ਹ ਤੇ ਗਰੀਬ ਵਿਅਕਤੀਆਂ ਨਾਲੋਂ ਪੜ੍ਹੇ-ਲਿਖੇ ਤੇ ਅਮੀਰ ਪਰਵਾਰਾਂ ਵਿਚ ਭਰੂਣ-ਹੱਤਿਆ ਦੀ ਦਰ ਵਧੇਰੇ ਪਾਈ ਗਈ ਹੈ।

ਸੰਯੁਕਤ ਪਰਵਾਰਾਂ ਦੇ ਵਿਘਟਨ ਦੇ ਨਾਲ ਬਾਲ-ਘਰ, ਬਿਰਧ-ਆਸ਼ਰਮ ਜਿਹੀਆਂ ਸੰਸਥਾਵਾਂ ਹੋਂਦ ਵਿਚ ਆਈਆਂ ਹਨ। ਬਚਪਨ ਦੇ ਸੰਸਕਾਰ ਅਤੇ ਬੁਢਾਪੇ ਦੀ ਸੁਰੱਖਿਅਤਾ ਦੀ ਭਾਵਨਾ ਖਤਮ ਹੋ ਰਹੀ ਹੈ। ਤਰੱਕੀ ਦੀ ਦੌੜ ਵਿਚ ਵੱਖਰਾ ਕਮਰਾ, ਵੱਖਰਾ ਟੀ.ਵੀ. ਆ ਰਿਹਾ ਹੈ। ਇਉਂ ਹਰ ਵਿਅਕਤੀ ਦੂਸਰੇ ਕੋਲੋਂ ਅਲੱਗ ਹੋ ਰਿਹਾ ਹੈ। ਪਦਾਰਥਕ ਭਿੰਨਤਾ ਦੇ ਪ੍ਰਭਾਵ ਨੇ ਸਾਨੂੰ ਰਿਸ਼ਤਿਆਂ ਦੇ ਸਦੀਵੀ ਨਿਭਾਅ ਤੋਂ ਤੋੜ ਕੇ ਰਿਸ਼ਤਿਆਂ ਦੇ ਬਦਲਾਅ ਵੱਲ ਧਕੇਲ ਦਿੱਤਾ ਹੈ। ਸਾਡੀਆਂ ਪੁਰਾਣੀਆਂ ਸਮਾਜਿਕ ਤੇ ਨੈਤਿਕ ਕਦਰਾਂ-ਕੀਮਤਾਂ ਇਸ ਹੱਦ ਤਕ ਟੁੱਟ ਗਈਆਂ ਹਨ ਕਿ ਹੁਣ ਤਾਂ ਜੀਵਨ-ਸਾਥੀ ਦੇ ਬਦਲਾਅ ਦਾ ਫੈਸ਼ਨ ਵੀ ਭਾਰਤੀ ਸਮਾਜ ਦਾ ਅੰਗ

ਬਣਦਾ ਜਾ ਰਿਹਾ ਹੈ। ਪਰ ਸੰਤੁਸ਼ਟੀ ਦੀ ਇਹ ਬਾਹਰੋਂ ਕੀਤੀ ਭਾਲ ਸਾਰਥਕ ਸਿੱਧ ਨਹੀਂ ਹੋ ਰਹੀ। ਇਸ ਪੜਾਅ 'ਤੇ ਮਨੁੱਖੀ ਮਾਨਸਿਕ ਅਸੁਰੱਖਿਅਤਾ ਦੀ ਭਾਵਨਾ ਵਧਦੀ ਹੈ ਜੋ ਕਿ ਸਮਾਜ ਅੱਗੇ ਆਤਮ-ਹੱਤਿਆ, ਸ਼ਰਾਬਨੋਸ਼ੀ, ਨਸ਼ਈਪੁਣਾ, ਕਤਲ, ਬਲਾਤਕਾਰ, ਪਰਵਾਰਿਕ ਹਿੰਸਾ, ਦੰਪਤੀ ਅਜੋੜਾਂ, ਖਿੱਚੋਤਾਣ ਤੇ ਜਾਇਦਾਦ ਤੋਂ ਬੇਦਖਲੀ, ਪੁੱਤਰ ਵੱਲੋਂ ਪਿਤਾ ਦੀ ਜਾਇਦਾਦ ਹੜੱਪ ਕਰਨਾ, ਅਮੀਰ-ਗਰੀਬ ਦਾ ਪਾੜਾ ਅਨੇਕਾਂ ਹੀ ਅਜਿਹੀਆਂ ਸਮਾਜਿਕ ਬੁਰਾਈਆਂ ਪੈਦਾ ਹੋ ਰਹੀਆਂ ਹਨ।

ਹੁਣ ਜਦ ਕਿ ਰੋਗ ਬਹੁਤ ਵਧ ਚੁੱਕਿਆ ਹੈ ਤਾਂ ਸਾਡਾ ਧਿਆਨ ਪਹਿਲਾਂ ਰੋਗ ਦੇ ਕਾਰਨਾਂ ਤੇ ਫਿਰ ਇਲਾਜ ਵੱਲ ਜਾਂਦਾ ਹੈ। ਭਾਰਤੀ ਦਰਸ਼ਨ ਫਿਲਾਸਫੀ ਆਤਮਿਕ ਉੱਨਤੀ ਤੇ ਸੰਤੁਲਿਤ ਜੀਵਨ ਨੂੰ ਤਰਜੀਹ ਦਿੰਦੀ ਰਹੀ ਹੈ, ਜਿਸ ਵਿੱਚੋਂ ਨਾ ਸਿਰਫ਼ ਸਾਡਾ ਖਾਣਾ-ਪੀਣਾ, ਬੋਲਣਾ-ਵਿਚਾਰਨਾ, ਸਹਿਜ ਭਾਵ ਸੰਤੁਲਿਤ ਹੁੰਦਾ ਹੈ ਸਗੋਂ ਇਸ ਨਾਲ ਸਾਡਾ ਸਮਾਜਿਕ/ਨੈਤਿਕ ਜੀਵਨ ਵੀ ਸੇਧਤ ਹੁੰਦਾ ਹੈ। ਮਨੁੱਖ ਦੀ ਆਤਮਿਕ ਤਰੱਕੀ ਉਸ ਦੇ ਆਤਮਿਕ ਅਨੰਦ ਤੇ ਪਰਮਅਨੰਦ ਵਿਚ ਹੈ, ਜਿਸ ਦੇ ਤਹਿਤ ਉਸ ਦੀ ਸ਼ਖ਼ਸੀਅਤ ਵਿਚ ਅਜਿਹੇ ਗੁਣਾਂ ਦਾ ਪ੍ਰਵੇਸ਼ ਹੁੰਦਾ ਹੈ ਜੋ ਉਸ ਨੂੰ ਪਰਵਾਰਿਕਤਾ ਤੇ ਸਮਾਜਿਕਤਾ ਨਾਲ ਜੋੜਦੇ ਹਨ। ਪਰ ਅਸੀਂ ਪਦਾਰਥਕ ਉੱਨਤੀ ਦੇ ਰਾਹ ਪੈ ਕੇ ਆਤਮਿਕ ਤਰੱਕੀ ਦੇ ਰਸਤੇ ਤੋਂ ਭਟਕ ਚੁੱਕੇ ਹਾਂ। ਇਸੇ ਨੂੰ ਵਿਸਾਰਨ ਕਰ ਕੇ ਹੀ ਅਸੀਂ ਆਪਣੇ ਮੂਲ ਤੋਂ ਭਟਕੇ ਠੋਕਰਾਂ ਖਾ ਰਹੇ ਹਾਂ। ਭਗਤ ਕਬੀਰ ਜੀ ਦਾ ਇਹ ਫ਼ਰਮਾਨ ਸਾਡੀ ਹਾਲਤ ਨੂੰ ਬਿਆਨ ਕਰਦਾ ਜਾਪਦਾ ਹੈ:

*ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥*
*ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥੧॥ ਰਹਾਉ॥*
*ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥*
*ਮਾਇਆ ਗਈ ਤਬ ਰੋਵਨੁ ਲਗਤੁ ਹੈ॥੧॥* *(ਪੰਨਾ ੪੮੭)*

ਅਜੋਕੇ ਸਮੇਂ ਵਿਚ ਸ਼ਾਂਤੀ ਦੀ ਭਾਲ ਵਿਚ ਧਿਆਨ ਲਗਾਉਣ (Meditation) ਦੀ ਜੀਵਨ-ਜਾਚ ਨੂੰ ਅਪਣਾਇਆ ਜਾ ਰਿਹਾ ਹੈ ਜਿਸ ਨੇ ਸਾਬਤ ਕਰ ਦਿੱਤਾ ਹੈ ਕਿ ਇਕੱਲੀ ਪਦਾਰਥਕ ਬਹੁਲਤਾ ਸਾਨੂੰ ਸੁਖ ਤੇ ਮਾਨਸਿਕ ਸਕੂਨ ਪ੍ਰਦਾਨ ਨਹੀਂ ਕਰ ਸਕਦੀ। ਜ਼ਰੂਰਤ ਹੈ ਆਪਣੇ ਸੁਆਰਥਵਾਦ ਤੇ ਪਦਾਰਥਵਾਦ ਵਿੱਚੋਂ ਨਿਕਲ ਕੇ ਆਪਣੇ ਮੂਲ ਨਾਲ ਜੁੜਨ ਦੀ, ਜਿਸ ਤੋਂ ਬ੍ਰਹਿਮੰਡ ਨਾਲ ਜੁੜਨ ਤੇ ਸਮਾਜਿਕਤਾ ਵੱਲ ਪਰਤਣ ਦਾ ਸੁਨੇਹਾ ਮਿਲਦਾ ਹੈ:

*- ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ॥* *(ਪੰਨਾ ੪੪੧)*
*- ਭਜੁ ਮਨ ਮੇਰੇ ਏਕੋ ਨਾਮ॥*
*ਜੀਅ ਤੇਰੇ ਕੈ ਆਵੈ ਕਾਮ॥* *(ਪੰਨਾ ੧੯੩)*

ਮੂਲ ਨੂੰ ਪਹਿਚਾਣਿਆਂ, ਮੂਲ ਨਾਲ ਜੁੜਿਆਂ ਕੁਮਲਾ ਨਹੀਂ ਸਕੀਦਾ ਅਤੇ

ਸਦੀਵੀ ਖੇੜਾ ਤੇ ਸਦੀਵੀ ਸੁਖ ਤੇ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ। ਦੁਖ ਹੋਵੇ ਜਾਂ ਸੁਖ, ਖੁਸ਼ੀ ਹੋਵੇ ਜਾਂ ਗ਼ਮੀ, ਰੁੱਤਾਂ ਦੇ ਥਪੇੜੇ ਉਸ ਨੂੰ ਡਿਗਾ-ਡੁਲ੍ਹਾ ਨਹੀਂ ਸਕਦੇ ਕਿਉਂਕਿ ਮੂਲ (ਜੜ੍ਹਾਂ) ਬਹੁਤ ਮਜ਼ਬੂਤ ਹਨ। ਲੋੜ ਤਾਂ ਸਿਰਫ਼ ਇਨ੍ਹਾਂ ਨੂੰ ਪਹਿਚਾਨਣ ਤੇ ਇਨ੍ਹਾਂ ਨਾਲ ਜੁੜਨ ਦੀ ਹੈ। ਇਹੀ ਸਾਡੇ ਪਦਾਰਥਕ ਵਿਕਾਸ ਨੂੰ ਸੰਤੁਲਿਤ ਕਰਨ ਦੀ ਸਮਰੱਥਾ ਰੱਖਦਾ ਹੈ ਤੇ ਸਾਡਾ ਰਹਿਣ-ਸਹਿਣ, ਖਾਣ-ਪੀਣ, ਪਹਿਨਣ ਸਹਿਜ-ਭਾਵ ਵਿਚ ਹੋ ਨਿੱਬੜਦਾ ਹੈ:

*- ਬਾਬਾ ਹੋਰੁ ਖਾਣਾ ਖੁਸੀ ਖੁਆਰੁ॥*
*ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥...*
*ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥*
*ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥* *(ਪੰਨਾ ੧੬)*
*- ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ॥* *(ਪੰਨਾ ੫੫੪)*

ਮਾਨਸਿਕ ਤੇ ਆਤਮਿਕ ਤਰੱਕੀ ਦਾ ਇਹ ਮਾਰਗ ਮਨੁੱਖ ਨੂੰ ਮਾਇਆ ਦੇ ਹੱਥਾਂ ਵਿੱਚੋਂ ਕੱਢ ਕੇ ਮਾਇਆ ਨੂੰ ਇਸ ਦੇ ਹੱਥਾਂ ਵਿਚ ਸੌਂਪਦਾ ਹੈ। ਤੱਥ ਇਹੀ ਹੈ ਕਿ ਮਾਇਆ ਨਾਲੋਂ ਮਇਆ ਵਿਚ ਜੁੜਿਆ ਜਾਵੇ। ਫਰਕ ਤਾਂ ਸਿਰਫ਼ ਇਕ ਲਗ ਜਾਂ ਮਾਤਰਾ ਦਾ ਹੈ, ਪਰ ਅਰਥ ਅਸਲੋਂ ਭਿੰਨ ਜਾਂ ਨਿਰਾਲੇ ਹਨ। ਮਇਆ ਵਿਚ ਜੁੜਿਆਂ ਜੀਵਨ ਸਫਲਾ ਹੈ ਤੇ ਮਾਇਆ ਸਾਨੂੰ ਮੂਲ ਤੋਂ ਤੋੜਦੀ ਹੈ। ਇਸ ਨੂੰ ਅਸੀਂ ਗੁਰਮੁਖ ਤੇ ਮਨਮੁਖ ਦੇ ਜੀਵਨ ਦੇ ਤੌਰ 'ਤੇ ਦੇਖ ਸਕਦੇ ਹਾਂ। ਮਨਮੁਖ ਆਪਣੇ ਮੂਲ ਨੂੰ ਨਹੀਂ ਪਹਿਚਾਨਦਾ। ਦਾਤਾਰ ਨੂੰ ਤੁੱਛ ਸਮਝ ਕੇ ਦਾਤ ਨੂੰ ਪਹਾੜ ਸਮਝ ਲੈਣਾ ਸਾਡੀ ਭੁੱਲ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਸਾਨੂੰ ਸਮਝਾਉਂਦੀ ਹੈ:

*ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ॥* *(ਪੰਨਾ ੬੧੩)*

ਸਿਆਣੇ ਲੋਕ ਕਹਿੰਦੇ ਹਨ ਕਿ ਗੁਰਮੁਖ ਹੰਸ ਦੀ ਤਰ੍ਹਾਂ ਹਨ। ਜੋ ਮਾਨ-ਸਰੋਵਰ ਕੋਲ ਬੈਠਾ ਹੈ ਉਸ ਨੂੰ ਛੱਪੜ ਦੀ ਲੋੜ ਨਹੀਂ। ਗੁਰਮੁਖ ਕੋਇਲ ਦੀ ਤਰ੍ਹਾਂ ਹੈ ਜੋ ਹਮੇਸ਼ਾਂ ਬਾਗਾਂ ਵਿਚ ਬੋਲਦੀ ਹੈ ਜਦਕਿ ਮਨਮੁਖ ਬਗਲੇ ਵਾਂਗ ਥਾਂ-ਥਾਂ ਛੱਪੜ ਢੂੰਢਦਾ ਹੈ। ਕਾਂ ਹਮੇਸ਼ਾਂ ਸੁੱਕੇ-ਰੁੱਖਾਂ 'ਤੇ ਬੈਠਦਾ ਹੈ, ਅੱਜ ਇਥੇ, ਕੱਲ੍ਹ ਉੱਥੇ। ਮਨਮੁਖ ਕਾਂ ਦੀ ਤਰ੍ਹਾਂ ਥਾਵਾਂ ਬਦਲਦਾ ਹੈ ਜਦਕਿ ਗੁਰਮੁਖ ਇਕ ਰੁੱਖ ਦੀ ਤਰ੍ਹਾਂ ਸਰਦੀ-ਗਰਮੀ ਸਭ ਕੁਝ ਹੰਢਾ ਲੈਂਦਾ ਹੈ। ਜਿਹੜੇ ਰੁੱਖ ਇਕ ਥਾਂ ਲੱਗੇ ਹੋਣ ਫਲ ਵੀ ਉਨ੍ਹਾਂ ਨੂੰ ਪੈਂਦੇ ਹਨ। ਰੁੱਖਾਂ ਦੀਆਂ ਥਾਵਾਂ ਬਦਲਿਆਂ ਉਹ ਫਲ ਤੇ ਛਾਂ ਦੇਣ ਜੋਗੇ ਨਹੀਂ ਰਹਿੰਦੇ। ਭਾਈ ਗੁਰਦਾਸ ਜੀ ਦਾ ਕਥਨ ਹੈ:

*ਹੰਸੁ ਨ ਛਡੈ ਮਾਨਸਰ ਬਗੁਲਾ ਬਹੁ ਛਪੜ ਫਿਰਿ ਆਵੈ।*
*ਕੋਇਲ ਬੋਲੈ ਅੰਬ ਵਣਿ ਵਣਿ ਵਣਿ ਕਾਉ ਕੁਥਾਉ ਸੁਖਾਵੈ।* *(ਵਾਰ ੫:੧੯)*

ਇਸੇ ਦੇ ਨਾਲ ਮਨਮੁਖ ਦਾਤ ਲੈ ਕੇ ਮੂਲ ਵਿਸਾਰਦਾ ਹੈ ਤੇ ਗੁਰਮੁਖ ਉਸ

ਸਰਬ-ਸ਼ਕਤੀਮਾਨ ਦਾ ਸ਼ੁਕਰਾਨਾ ਕਰ ਕੇ ਉਸ ਨੂੰ ਸਭ ਵਿਚ ਵੰਡ ਕੇ ਖੁਸ਼ ਹੁੰਦਾ ਹੈ ਤੇ ਉਸ ਨੂੰ ਕਦੇ ਵੀ ਆਪਣਾ ਨਹੀਂ ਸਮਝਦਾ, ਮਇਆ ਵਿਚ ਜੁੜਿਆ ਰਹਿੰਦਾ ਹੈ। ਰਾਜੇ ਜਨਕ ਦੀ ਮਾਇਆ ਹੁੰਦੇ ਹੋਏ ਮਾਇਆ ਤੋਂ ਨਿਰਲੇਪਤਾ ਮਾਇਆ ਤੇ ਮਇਆ ਦਾ ਭੇਦ ਜਾਂ ਆਦਰਸ਼ ਸੰਯੋਗ ਦਰਸਾਉਂਦੀ ਹੈ। ਭਾਈ ਵੀਰ ਸਿੰਘ ਜੀ ਦਾ ਕਥਨ ਹੈ:

*ਆਬਸ਼ਰ ਆਖੇ ਸੁਣ ਭੋਲੇ ਮੈਂ ਤਾਂ ਵਸਤ ਨਾ ਕਾਈ।*
*ਅਰਸ਼ੋਂ ਲੈਣਾ ਤੇ ਫਰਸ਼ੀਂ ਦੇਣਾ ਇਹ ਰੀਤ ਅਸਾਡੀ ਆਹੀ।*

ਉਸ ਦਾ ਸ਼ੁਕਰਾਨਾ ਕਰਨਾ ਜੋ ਸਾਨੂੰ ਦਿੰਦਾ ਹੈ, ਦੇਣ ਵਾਲਾ ਹੈ ਤੇ ਹਮੇਸ਼ਾਂ ਦਿੰਦਾ ਹੈ। ਸਾਡੀ ਭਾਰਤੀ ਫਿਲਾਸਫੀ ਵਿਚ ਮਨੁੱਖ ਦੇ ਜੀਵਨ ਦਾ ਇਕ ਪ੍ਰਵਾਨਿਤ ਪੱਖ ਹੈ। ਪਦਾਰਥਕ ਤਰੱਕੀ ਕਰਦਿਆਂ ਅਸੀਂ ਆਤਮਿਕ ਤਰੱਕੀ ਨੂੰ ਨਾਲ ਲੈ ਕੇ ਚੱਲੀਏ ਤਾਂ ਹੀ ਸਮਾਜਿਕ/ਨੈਤਿਕ ਤਰੱਕੀ ਹੋ ਸਕਦੀ ਹੈ ਤੇ ਜੀਵਨ ਸਾਰਥਕ ਹੋ ਸਕਦਾ ਹੈ। ■

## ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਘੋੜਿਆਂਵਾਲਾ (ਨਾਭਾ) ਵਿਖੇ ਗੁਰਮਤਿ ਸਮਾਗਮ ਤੇ ਅੰਮ੍ਰਿਤ-ਸੰਚਾਰ

ਪ੍ਰਚਾਰਕ ਭਾਈ ਹਾਕਮ ਸਿੰਘ (ਪਟਿਆਲਾ) ਵੱਲੋਂ ਪੁੱਜੀ ਰਿਪੋਰਟ ਮੁਤਾਬਿਕ ਗੁਰਦੁਆਰਾ ਸਾਹਿਬ ਡੇਰਾ ਬਾਬਾ ਅਜਾਪਾਲ ਸਿੰਘ ਘੋੜਿਆਂ ਵਾਲਾ (ਨਾਭਾ) ਜ਼ਿਲ੍ਹਾ ਪਟਿਆਲਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ ਜਿਸ ਵਿਚ ੪ ਜਨਵਰੀ ੨੦੧੦ ਨੂੰ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਸਾਰੇ ਸ਼ਹਿਰ ਦੇ ਵੱਖ-ਵੱਖ ਮਹੱਲਿਆਂ ਅਤੇ ਮੇਨ ਬਜ਼ਾਰ ਵਿਚ ਕੱਢਿਆ ਗਿਆ ਜਿਸ ਵਿਚ ਥਾਂ-ਥਾਂ ਸੰਗਤਾਂ ਵੱਲੋਂ ਲੰਗਰ ਲਾਏ ਗਏ ਅਤੇ ਨਗਰ ਕੀਰਤਨ ਵਿਚ ਵਿਸ਼ੇਸ਼ ਤੌਰ 'ਤੇ ਸ. ਸਤਵਿੰਦਰ ਸਿੰਘ ਟੌਹੜਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਮਾਨਇੰਦਰ ਸਿੰਘ ਮਾਨੀ ਹਲਕਾ ਇੰਚਾਰਜ ਨਾਭਾ ਅਤੇ ਪਤਵੰਤੇ ਸੱਜਣ ਸ਼ਾਮਲ ਹੋਏ। ਸ਼ਾਮ ਨੂੰ ਨਗਰ ਕੀਰਤਨ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਸ. ਕਰਨੈਲ ਸਿੰਘ ਮੈਨੇਜਰ ਨਾਨਕਿਆਣਾ ਸਾਹਿਬ, ਸ. ਅਮਰੀਕ ਸਿੰਘ ਮੈਨੇਜਰ ਗੁਰਦੁਆਰਾ ਪਾਤਸ਼ਾਹੀ ਨੌਵੀਂ ਰੋਹਟਾ ਅਤੇ ਬਾਬਾ ਮੱਖਣ ਸਿੰਘ ਕਾਰ ਸੇਵਾ ਦਿੱਲੀ ਵਾਲੇ ਸ਼ਾਮਲ ਹੋਏ। ੫-੧-੨੦੧੦ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸਾਰਾ ਦਿਨ ਧਾਰਮਿਕ ਦੀਵਾਨ ਸਜਿਆ। ਪੰਜਾਂ ਪਿਆਰਿਆਂ ਵੱਲੋਂ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਗਿਆ। ੨੫ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਸਾਰੇ ਪ੍ਰੋਗਰਾਮ ਦੀ ਦੇਖ-ਰੇਖ ਸ. ਹਰਮਿੰਦਰ ਸਿੰਘ ਮੈਨੇਜਰ ਗੁਰਦੁਆਰਾ ਸਾਹਿਬ ਡੇਰਾ ਬਾਬਾ ਅਜਾਪਾਲ ਸਿੰਘ ਘੋੜਿਆਂ ਵਾਲਾ, ਸ. ਹਰਭਜਨ ਸਿੰਘ ਆਰ.ਕੇ., ਸ. ਗੁਰਦੀਪ ਸਿੰਘ ਸਟੇਜ ਸਕੱਤਰ ਕਰ ਰਹੇ ਸਨ। ਅੰਤ ਵਿਚ ਸਾਰੀ ਸੰਗਤ ਅਤੇ ਅੰਮ੍ਰਿਤ-ਅਭਿਲਾਖੀਆਂ ਦਾ ਭਾਈ ਹਾਕਮ ਸਿੰਘ ਵੱਲੋਂ ਧੰਨਵਾਦ ਕੀਤਾ ਗਿਆ।

*ਸ਼੍ਰੋਮਣੀ ਕਮੇਟੀ ਦੇ ਪ੍ਰਧਾਨ : ੬*

# ਪੰਥ-ਰਤਨ ਮਾਸਟਰ ਤਾਰਾ ਸਿੰਘ ਜੀ

*-ਸ. ਰੂਪ ਸਿੰਘ **

ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪਹਿਲੇ ਸਕੱਤਰ, ਲੰਮੇਰਾ ਸਮਾਂ ਪ੍ਰਧਾਨ ਦੀ ਕੁਰਸੀ 'ਤੇ ਸ਼ੋਭਨੀਕ ਰਹੇ, ਉੱਘੇ ਧਾਰਮਿਕ-ਸਿਆਸੀ ਨੇਤਾ, ਸਿੱਖ ਸਾਹਿਤਕਾਰ, ਇਖਲਾਕ, ਇਮਾਨਦਾਰੀ ਤੇ ਸਿੱਖ ਆਚਰਨ ਦੀ ਜ਼ਿੰਦਾ ਮਿਸਾਲ, ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਦਾ ਜਨਮ ੨੪ ਜੂਨ, ੧੮੮੫ ਈ. ਨੂੰ ਪਿਤਾ ਬਖਸ਼ੀ ਗੋਪੀ ਚੰਦ ਤੇ ਮਾਤਾ ਮੂਲਾ ਦੇਵੀ ਦੇ ਘਰ ਪਿੰਡ ਹਰਿਆਲ, ਰਾਵਲਪਿੰਡੀ ਵਿਖੇ ਹੋਇਆ। ਇਨ੍ਹਾਂ ਦਾ ਬਚਪਨ ਦਾ ਨਾਂ ਨਾਨਕ ਚੰਦ ਸੀ। ਪਰਵਾਰ ਧਾਰਮਿਕ ਜੀਵਨ ਜੀਉਣ ਵਾਲਾ ਸੀ। ਭਾਵੇਂ ਕਿ ਹਿੰਦੂ ਧਰਮ ਨਾਲ ਸੰਬੰਧਿਤ ਸਨ ਪਰ ਫਿਰ ਵੀ ਸਾਰਾ ਪਰਵਾਰ ਗੁਰੂ ਸਾਹਿਬਾਨ ਤੇ ਗੁਰਬਾਣੀ ਨਾਲ ਜੁੜੇ ਹੋਏ, ਗੁਰਮਤਿ ਵਿਚਾਰਧਾਰਾ ਦਾ ਅਦਬ-ਸਤਿਕਾਰ ਕਰਦੇ ਸਨ। ਆਪਣੇ ਪਿੰਡ ਦੇ ਮਦਰੱਸੇ ਤੋਂ ਮੁਢਲੀ ਵਿੱਦਿਆ-ਅੱਖਰ ਗਿਆਨ ਪ੍ਰਾਪਤ ਕਰ, ਮਾਸਟਰ ਜੀ ਮਿਸ਼ਨ ਸਕੂਲ ਰਾਵਲਪਿੰਡੀ 'ਚ ਦਾਖਲ ਹੋਏ। ਵਿੱਦਿਆ ਪ੍ਰਾਪਤੀ ਦੀ ਅਮੁੱਕ ਜਗਿਆਸਾ ਸਦਕਾ, ਪੜ੍ਹਾਈ 'ਚ ਮੋਹਰੀ ਰਹਿ, ਵਜ਼ੀਫ਼ਾ ਪ੍ਰਾਪਤ ਕਰਦੇ ਰਹੇ। ਮਾਸਟਰ ਜੀ ਦੇ ਬਚਪਨ ਸਮੇਂ ਪਿੰਡ ਦੇ ਗੁਰਦੁਆਰੇ 'ਚ 'ਪੰਥ ਪ੍ਰਕਾਸ਼' ਦੀ ਕਥਾ-ਵਿਆਖਿਆ ਹੁੰਦੀ ਸੀ ਜਿਸ ਨੂੰ ਸੁਣਨ ਵਾਸਤੇ ਇਹ ਰੋਜ਼ਾਨਾ ਗੁਰੂ-ਘਰ ਜਾਂਦੇ। ਗੁਰਦੁਆਰੇ 'ਚੋਂ ਗੁਰਬਾਣੀ, ਸਿੱਖ ਇਤਿਹਾਸ ਦੀ ਵੱਡਮੁਲੀ, ਵਿਲੱਖਣ ਵਿਚਾਰਧਾਰਾ ਦੀ ਜਾਣਕਾਰੀ ਪ੍ਰਾਪਤ ਕਰ ਕੇ ਮਾਸਟਰ ਜੀ ਨੇ ਰੋਮ-ਰੋਮ ਤੋਂ ਗੁਰੂ-ਗ੍ਰੰਥ ਤੇ ਗੁਰੂ-ਪੰਥ ਨੂੰ ਸਮਰਪਿਤ ਹੋਣ ਦਾ ਮਨ ਬਣਾ ਲਿਆ। ਛੁੱਟੀਆਂ ਸਮੇਂ ਇਨ੍ਹਾਂ ਗੁਰਬਾਣੀ ਤੇ ਸਿੱਖ ਇਤਿਹਾਸ ਨੂੰ ਖੂਬ ਪੜ੍ਹਿਆ, ਸਮਝਿਆ ਤੇ ਵਿਚਾਰਿਆ। ਇਨ੍ਹਾਂ ਦਿਨਾਂ 'ਚ ਮਹਾਨ ਸਿੱਖ ਸ਼ਖਸੀਅਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਵਾਲੇ ਪ੍ਰਚਾਰ ਦੌਰੇ 'ਤੇ ਆਏ। ਬਾਬਾ ਜੀ ਪਾਸੋਂ ਗੁਰਮਤਿ ਵਿਚਾਰਧਾਰਾ ਬਾਰੇ ਸੁਣ ਕੇ ਮਾਸਟਰ ਜੀ ਇਤਨੇ ਪ੍ਰਭਾਵਿਤ ਹੋਏ ਕਿ ਦਸਵੀਂ 'ਚ ਪੜ੍ਹਦਿਆਂ ੧੯੦੨ ਈ. ਵਿਚ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ, ਗੁਰੂ ਗ੍ਰੰਥ ਤੇ ਗੁਰੂ-ਪੰਥ ਨੂੰ ਸਮਰਪਿਤ ਹੋ ਗਏ।ਸ਼ਾਇਦ ਉਸ ਸਮੇਂ ਕਿਸੇ ਨੂੰ ਇਹ ਖਿਆਲ ਨਾ ਹੋਵੇ ਕਿ ਨਾਨਕ ਚੰਦ ਤੋਂ ਤਾਰਾ ਸਿੰਘ ਬਣ, ਸਿੱਖੀ ਮਾਰਗ 'ਚ ਪ੍ਰਵੇਸ਼ ਕਰਨ ਵਾਲੇ ਨੌਜੁਆਨ ਨੇ ਸਿੱਖ ਧਰਮ ਤੇ ਰਾਜਨੀਤੀ 'ਚ ਧਰੂ ਤਾਰੇ ਵਾਂਗ ਚਮਕਣਾ ਹੈ।

ਹਿੰਦੂ ਪਰਵਾਰਾਂ 'ਚ ਉਸ ਸਮੇਂ ਇਕ ਚੰਗੀ ਪਰੰਪਰਾ ਵੀ ਸੀ ਕਿ ਆਪਣੇ

** ਐਡੀ: ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੮੧੪੬-੩੭੯੭੯*

ਬੱਚਿਆਂ ਵਿਚੋਂ ਇਕ ਬੱਚੇ ਨੂੰ ਸਿੱਖ ਸਜਾਉਂਦੇ ਸਨ ਪਰ ਮਾਸਟਰ ਤਾਰਾ ਸਿੰਘ ਹੋਰਾਂ ਦੇ ਪਰਵਾਰ ਦੇ ਮਾਮਲੇ 'ਚ ਵਿਸ਼ੇਸ਼ ਇਹ ਹੈ, ਕਿ ਕੁਝ ਸਮੇਂ ਬਾਅਦ ਇਨ੍ਹਾਂ ਦੀ ਭੈਣ ਅਤੇ ਇਨ੍ਹਾਂ ਦੇ ਚਾਰੇ ਭਰਾ ਵੀ 'ਨਾਨਕ ਨਿਰਮਲ ਪੰਥ' ਦੇ ਪਾਂਧੀ ਬਣ ਗਏ। ੧੯੦੩ ਈ. ਵਿਚ ਮਾਸਟਰ ਤਾਰਾ ਸਿੰਘ ਉਚੇਰੀ ਵਿੱਦਿਆ ਦੀ ਪ੍ਰਾਪਤੀ ਲਈ ਖਾਲਸਾ ਕਾਲਜ ਅੰਮ੍ਰਿਤਸਰ 'ਚ ਦਾਖਲ ਹੋਏ। ਕਾਲਜ ਦੀ ਪੜ੍ਹਾਈ ਸਮੇਂ ਮਾਸਟਰ ਜੀ ਕਾਲਜ ਹਾਕੀ ਟੀਮ ਦੇ ਕੈਪਟਨ ਤੇ ਫੁਟਬਾਲ ਟੀਮ ਦੇ ਮੈਂਬਰ ਸਨ।

੧੯੦੭ ਈ. 'ਚ ਕਾਲਜ ਦੀ ਇਮਾਰਤ ਦੀ ਕਾਰ-ਸੇਵਾ ਹੋ ਰਹੀ ਸੀ। ਮੇਜਰ ਹਿਲ ਨੇ ਕਾਰ-ਸੇਵਾ ਪ੍ਰਤੀ ਅਪਸ਼ਬਦ ਵਰਤ ਦਿੱਤੇ। ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ 'ਚ ਵਿਦਿਆਰਥੀਆਂ ਨੇ ਹੜਤਾਲ ਕਰ ਦਿੱਤੀ। ਅਖ਼ੀਰ ਮਹਾਰਾਜਾ ਨਾਭਾ ਖ਼ੁਦ ਅੰਮ੍ਰਿਤਸਰ ਆਏ ਤੇ ਉਨ੍ਹਾਂ ਨੇ ਮਸਲਾ ਹੱਲ ਕਰਵਾਇਆ। ਮਾਸਟਰ ਜੀ ਅਧਿਆਪਕ ਬਣ ਕੌਮ-ਉਸਾਰੀ ਕਰਨਾ ਚਾਹੁੰਦੇ ਸਨ। ਇਸ ਮਿਸ਼ਨ ਦੀ ਪੂਰਤੀ ਲਈ ੧੯੦੭ ਈ. 'ਚ ਉਨ੍ਹਾਂ ਨੇ ਬੀ.ਏ. ਕਰਨ ਉਪਰੰਤ ਟੀਚਰ ਟ੍ਰੇਨਿੰਗ ਕੋਰਸ ਸ਼ੁਰੂ ਕੀਤਾ। ਇਸ ਸਾਲ ਹੀ ਮਾਸਟਰ ਜੀ ਨੇ ਗ੍ਰਿਹਸਤ ਮਾਰਗ 'ਚ ਪ੍ਰਵੇਸ਼ ਕੀਤਾ। ਇਨ੍ਹਾਂ ਦਾ ਅਨੰਦ ਕਾਰਜ ਬੀਬੀ ਤੇਜ਼ ਕੌਰ ਨਾਲ ਹੋਇਆ। ਮਾਸਟਰ ਜੀ ਦੇ ਘਰ ਦੋ ਲੜਕੇ ਅਤੇ ਦੋ ਲੜਕੀਆਂ ਹੋਈਆਂ। ਇਨ੍ਹਾਂ ਦੀ ਇਕ ਲੜਕੀ ੨੦ ਸਾਲ ਦੀ ਉਮਰੇ ਅਕਾਲ ਚਲਾਣਾ ਕਰ ਗਈ। ਇਨ੍ਹਾਂ ਦੇ ਦੋਨਾਂ ਲੜਕਿਆਂ ਦੇ ਘਰ ਕੋਈ ਔਲਾਦ ਨਹੀਂ ਹੋਈ। ਇਨ੍ਹਾਂ ਦੀ ਬੇਟੀ ਬੀਬੀ ਰਜਿੰਦਰ ਕੌਰ ਦੀਆਂ ਦੋ ਲੜਕੀਆਂ ਅਤੇ ਇਕ ਲੜਕਾ ਹੈ, ਜੋ ਮਾਸਟਰ ਜੀ ਦੀ ਵਿਰਾਸਤ ਨੂੰ ਸੰਭਾਲ ਰਹੇ ਹਨ। ੧੯੦੮ ਈ. 'ਚ ਮਾਸਟਰ ਜੀ ਨੇ ਟੀਚਰ ਟ੍ਰੇਨਿੰਗ ਪ੍ਰਾਪਤ ਕਰ ਸ. ਸੁੰਦਰ ਸਿੰਘ ਤੇ ਸ. ਬਿਸ਼ਨ ਸਿੰਘ ਨਾਲ ਮਿਲ ਕੇ ਲਾਇਲਪੁਰ ਖਾਲਸਾ ਸਕੂਲ ਅਰੰਭ ਕੀਤਾ, ਜਿਸ ਦੇ ਇਹ ਮੁੱਖ ਅਧਿਆਪਕ ਬਣੇ। ਕੇਵਲ ੧੫ ਰੁਪਏ ਮਾਸਿਕ ਮਾਣ-ਭੱਤੇ 'ਤੇ ਇਨ੍ਹਾਂ ਨੇ ਇਹ ਸੇਵਾ ਸ਼ੁਰੂ ਕੀਤੀ। ਦੋ ਸਾਲਾਂ 'ਚ ਹੀ ਇਸ ਸਕੂਲ ਦਾ ਇਲਾਕੇ 'ਚ ਨਾਂ ਬਣ ਗਿਆ। ਸਕੂਲ 'ਚ ਪੜ੍ਹਾਉਣ ਸਦਕਾ ਹੀ ਇਨ੍ਹਾਂ ਦੇ ਨਾਂ ਨਾਲ 'ਮਾਸਟਰ' ਸ਼ਬਦ ਸਦੀਵੀ ਜੁੜ ਗਿਆ। ਇਹ ਸਕੂਲ ਕੇਵਲ ਵਿਦਿਆਰਥੀਆਂ ਨੂੰ ਅੱਖਰ ਗਿਆਨ ਹੀ ਨਹੀਂ ਸੀ ਸਿਖਾਉਂਦਾ ਸਗੋਂ ਜੀਵਨ-ਜਾਚ 'ਚ ਵੀ ਪ੍ਰਪੱਕ ਕਰਦਾ ਸੀ। ਇਸ ਸਦਕਾ ਇਹ ਸਿੱਖੀ ਦੇ ਸਕੂਲ ਵਜੋਂ ਪ੍ਰਸਿੱਧ ਹੋਇਆ। ਕੁਝ ਸਮੇਂ ਬਾਅਦ ਹੀ ਇਸ ਸਕੂਲ ਦੀਆਂ ਨਵੀਆਂ ਸ਼ਾਖਾਵਾਂ ਖੋਲ੍ਹੀਆਂ ਗਈਆਂ।

ਮਾਸਟਰ ਜੀ ਦੀ ਅਗਵਾਈ ਵਿਚ ਲਾਇਲਪੁਰ ਸਿੱਖ-ਗਤੀਵਿਧੀਆਂ ਦਾ ਕੇਂਦਰ ਬਣ ਗਿਆ ਜਿਸ ਦਾ ਮੂਲ ਮਨੋਰਥ ਸਿੱਖ ਵਿਰਸੇ ਤੇ ਵਿਰਾਸਤ ਤੋਂ ਸਮੁੱਚੀ ਕੌਮ ਨੂੰ ਜਾਗਰਿਤ ਕਰਨਾ ਸੀ। ਇਸ ਕਾਰਜ ਵਾਸਤੇ ਮਾਸਟਰ ਜੀ ਨੇ 'ਸੱਚ-ਦਾ ਢੰਡੋਰਾ' ਹਫ਼ਤਾਵਾਰੀ ਪਰਚਾ ਸ਼ੁਰੂ ਕੀਤਾ। ੧੯੧੪ ਈ. 'ਚ ਮਾਸਟਰ ਜੀ ਲਾਇਲਪੁਰ

ਤੋਂ ਕੱਲਰ ਖਾਲਸਾ ਹਾਈ ਸਕੂਲ ਦੇ ਮੁੱਖ ਅਧਿਆਪਕ ਲੱਗ ਗਏ ਪਰ ਦੋ ਸਾਲ ਬਾਅਦ ਹੀ ਮਾਸਟਰ ਜੀ ਨੇ ਆਪਣੇ ਸਕੂਲ 'ਚ ਫਿਰ ਸੇਵਾ ਸੰਭਾਲ ਲਈ।

ਗੁਰਦੁਆਰਾ ਰਕਾਬ ਗੰਜ ਦੀ ਕੰਧ ਅੰਗਰੇਜ਼ ਸਰਕਾਰ ਵੱਲੋਂ ਗਿਰਾਉਣ 'ਤੇ ਮਾਸਟਰ ਤਾਰਾ ਸਿੰਘ ਜੀ ਤੇ ਹੋਰ ਸਿੱਖ ਆਗੂਆਂ ਨੇ ਰਲ ਕੇ ਡਟ ਕੇ ਵਿਰੋਧ ਕੀਤਾ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ 'ਚ ਸ਼ਾਮਲ ਹੋ ਹਰ ਮੋਰਚੇ 'ਚ ਮੋਹਰਲੀ ਕਤਾਰ 'ਚ ਖੜ੍ਹੇ ਹੋਏ। ਮਾਸਟਰ ਤਾਰਾ ਸਿੰਘ ਜੀ ਚੋਟੀ ਦੇ ਸਿਰ-ਕੱਢ ਧਾਰਮਿਕ, ਸਮਾਜਿਕ, ਰਾਜਸੀ ਆਗੂ ਵਜੋਂ ਧਰੂ ਤਾਰੇ ਵਾਂਗ ਚਮਕੇ।

੧੫ ਨਵੰਬਰ, ੧੯੨੦ ਈ. ਨੂੰ ਸਿੱਖਾਂ ਦੀ ਸ਼੍ਰੋਮਣੀ ਸੰਸਥਾ, ਸ਼੍ਰੋਮਣੀ ਗੁ:ਪ੍ਰ:ਕਮੇਟੀ ਹੋਂਦ ਵਿਚ ਆਈ। ਮਾਸਟਰ ਤਾਰਾ ਸਿੰਘ ਜੀ ਦੀਆਂ ਧਾਰਮਿਕ, ਸਮਾਜਿਕ ਤੇ ਰਾਜਸੀ ਗਤੀਵਿਧੀਆਂ ਨੂੰ ਸਨਮੁਖ ਰੱਖਦਿਆਂ, ਇਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦਾ ਮੈਂਬਰ ਚੁਣ ਲਿਆ ਗਿਆ। ਮਾਸਟਰ ਤਾਰਾ ਸਿੰਘ ਜੀ ਨੂੰ ਇਸ ਸੰਸਥਾ ਦੇ ਪਹਿਲੇ ਸਕੱਤਰ ਹੋਣ ਦਾ ਸਤਿਕਾਰ ਪ੍ਰਾਪਤ ਹੋਇਆ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੂੰ ਲੋਕ-ਲਹਿਰ ਬਣਾਉਣ 'ਚ ਮਾਸਟਰ ਜੀ ਨੇ ਵਿਸ਼ੇਸ਼ ਯੋਗਦਾਨ ਪਾਇਆ। ਸਿੱਖ-ਸਿਧਾਂਤਾਂ, ਗੁਰਮਤਿ ਵਿਚਾਰਧਾਰਾ, ਸਿੱਖ ਇਤਿਹਾਸ, ਪਰੰਪਰਾਵਾਂ ਤੇ ਮਰਯਾਦਾ ਤੋਂ ਸਿੱਖਾਂ ਨੂੰ ਜਾਗਰਿਤ ਕਰਨ ਲਈ 'ਅਕਾਲੀ ਪੱਤ੍ਰਿਕਾ' ਤੇ 'ਪੰਜਾਬ ਕੇਸਰੀ' ਅਖਬਾਰਾਂ ਸ਼ੁਰੂ ਕੀਤੀਆਂ। ਮਾਸਟਰ ਜੀ ਨੇ ਆਪਣੇ ਸੰਪਾਦਕੀ ਲੇਖਾਂ 'ਚ ਮਹੰਤਾਂ-ਪੁਜਾਰੀਆਂ ਦੀ ਗੁੰਡਾਗਰਦੀ ਅਤੇ ਅੰਗਰੇਜ਼ ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਖੂਬ ਲਿਖਿਆ।

੨੧ ਫਰਵਰੀ, ੧੯੨੧ ਈ. ਨੂੰ ਨਨਕਾਣਾ ਸਾਹਿਬ ਦਾ ਦੁਖਦਾਈ ਸਾਕਾ ਵਾਪਰ ਗਿਆ। ੩ ਮਾਰਚ, ੧੯੨੧ ਈ. ਨੂੰ ਨਨਕਾਣਾ ਸਾਹਿਬ ਸ਼ਹੀਦਾਂ ਨੂੰ ਸਮਰਪਿਤ ਸ਼ਹੀਦੀ ਕਾਨਫਰੰਸ ਕੀਤੀ ਗਈ, ਜਿਸ ਵਿਚ ਸਿੱਖਾਂ ਨੂੰ ਸ਼ਹੀਦਾਂ ਦੇ ਸਤਿਕਾਰ ਦਾ ਅਤੇ ਅੰਗਰੇਜ਼ ਸਰਕਾਰ ਤੇ ਮਹੰਤਾਂ ਦੀ ਗੁੰਡਾਗਰਦੀ ਵਿਰੁੱਧ ਰੋਸ ਮੁਜ਼ਾਹਰਾ ਕਰਨ ਲਈ ਕਾਲੀਆਂ ਦਸਤਾਰਾਂ ਸਜਾਉਣ ਦਾ ਸੰਦੇਸ਼ ਦਿੱਤਾ ਗਿਆ। ਇਸ ਦੀਵਾਨ ਸਮੇਂ ਮਾਸਟਰ ਤਾਰਾ ਸਿੰਘ ਹੋਰਾਂ ਨੇ ਅਧਿਆਪਕ ਦੀ ਸੇਵਾ ਤੋਂ ਤਿਆਗ ਪੱਤਰ ਦੇ ਕੇ ਆਪਣਾ ਸਮੁੱਚਾ ਜੀਵਨ ਸਿੱਖ ਕੌਮ ਨੂੰ ਸਮਰਪਿਤ ਕਰ ਦਿੱਤਾ।

ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਦੇ ਮੋਰਚੇ ਸਮੇਂ ਮਾਸਟਰ ਜੀ ਤੇ ਹੋਰ ਅਕਾਲੀ ਆਗੂਆਂ ਨੂੰ ਗ੍ਰਿਫ਼ਤਾਰ ਕਰ ਕੇ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਮਾਸਟਰ ਜੀ ਦੇ ਪੰਥਕ ਜੀਵਨ 'ਚ ਇਹ ਪਹਿਲੀ ਗ੍ਰਿਫ਼ਤਾਰੀ ਸੀ। ੧੭ ਜਨਵਰੀ, ੧੯੨੨ ਈ. ਨੂੰ ਸਾਰੇ ਅਕਾਲੀ ਆਗੂ ਰਿਹਾਅ ਕਰ ਦਿੱਤੇ ਗਏ। ਮਾਰਚ, ੧੯੨੨ ਈ. 'ਚ ਮਾਸਟਰ ਜੀ ਨੂੰ ਕਿਰਪਾਨ ਦੇ ਮੋਰਚੇ ਸਮੇਂ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ। ੧੯ ਅਗਸਤ, ੧੯੨੨ ਈ. ਨੂੰ ਗੁਰੂ ਕੇ ਬਾਗ ਦੇ ਮੋਰਚੇ ਦੇ ਸਬੰਧ

'ਚ ਸਮੁੱਚੀ ਅਕਾਲੀ ਲੀਡਰਸ਼ਿਪ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ ਜਿਨ੍ਹਾਂ 'ਚ ਮਾਸਟਰ ਜੀ ਵੀ ਸ਼ਾਮਲ ਸਨ।

ਮਹਾਰਾਜਾ ਨਾਭਾ ਦੇ ਹੱਕ ਵਿਚ ਮਾਸਟਰ ਤਾਰਾ ਸਿੰਘ ਜੀ ਨੇ ਅਕਾਲੀ ਤੇ ਪ੍ਰਦੇਸੀ ਅਖ਼ਬਾਰਾਂ ਵਿਚ ਸਿੱਖ ਜਜ਼ਬਾਤਾਂ ਨੂੰ ਟੁੰਬਣ ਵਾਲੇ ਧੜੱਲੇਦਾਰ ਸੰਪਾਦਕੀ ਲੇਖ ਲਿਖੇ। ਮਾਸਟਰ ਜੀ ਵੱਲੋਂ ਪੇਸ਼ ਕੀਤੇ ਜਾਣ 'ਤੇ ਸ਼੍ਰੋਮਣੀ ਗੁ:ਪ੍ਰ:ਕਮੇਟੀ ਨੇ ਅਗਸਤ, ੧੯੨੩ ਈ. ਵਿਚ ਮਹਾਰਾਜਾ ਨਾਭਾ ਨੂੰ ਗੱਦੀਓਂ ਉਤਾਰੇ ਜਾਣ ਦੇ ਵਿਰੋਧ ਵਿਚ ਗੁਰਮਤਾ ਕੀਤਾ। ੭ ਜਨਵਰੀ, ੧੯੨੪ ਈ. ਨੂੰ ਅੰਗਰੇਜ਼ ਸਰਕਾਰ ਨੇ ਨਾਭਾ ਮੋਰਚਾ ਲਾਉਣ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਗੈਰ-ਕਾਨੂੰਨੀ ਕਰਾਰ ਦੇ ਕੇ ਮਾਸਟਰ ਜੀ ਸਮੇਤ ਸਮੁੱਚੀ ਕਾਰਜਕਾਰਨੀ ਤੇ ਰਾਜਸੀ ਆਗੂਆਂ ਨੂੰ ਜੇਲ੍ਹੀਂ ਬੰਦ ਕਰ ਦਿੱਤਾ। ਇਸ ਮੋਰਚੇ ਸਮੇਂ ਸਿੱਖਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦੇ ਹੋਏ ਪੰਡਤ ਜਵਾਹਰ ਲਾਲ ਨਹਿਰੂ ਤੇ ਸ੍ਰੀ ਏ.ਟੀ. ਕਿਦਵਈ ਨੂੰ ਵੀ ਸਰਕਾਰ ਨੇ ਗ੍ਰਿਫ਼ਤਾਰ ਕਰ ਲਿਆ।

ਸਿੱਖ ਗੁਰਦੁਆਰਾ ਐਕਟ ੧੯੨੫ ਸਰਕਾਰ ਨੇ ਪ੍ਰਵਾਨ ਕਰ ਕੇ ਸ਼੍ਰੋਮਣੀ ਗੁ:ਪ੍ਰ:ਕਮੇਟੀ ਸ੍ਰੀ ਅੰਮ੍ਰਿਤਸਰ ਨੂੰ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਸਵੀਕਾਰ ਕਰ ਲਿਆ। ਗੁਰਦੁਆਰਾ ਐਕਟ ਪਾਸ ਹੋਣ ਸਮੇਂ ਸ. ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਸਮੇਤ ਸਾਰੇ ਸਿੱਖ ਆਗੂ ਜੇਲ੍ਹ 'ਚ ਬੰਦ ਸਨ। ਕੁਝ ਸਿੱਖ ਨੇਤਾ ਤਾਂ ਸਰਕਾਰ ਦੀਆਂ ਸ਼ਰਤਾਂ ਪ੍ਰਵਾਨ ਕਰ ਕੇ ਰਿਹਾਅ ਹੋ ਗਏ ਪਰ ਸ. ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ ਸਿੰਘ ਸਮੇਤ ੧੯ ਸਿੱਖ ਨੇਤਾ ਸਰਕਾਰੀ ਸ਼ਰਤਾਂ ਨੂੰ ਕਿਸੇ ਕੀਮਤ 'ਤੇ ਮੰਨਣ ਨੂੰ ਤਿਆਰ ਨਹੀਂ ਸਨ। ਕੁਝ ਸਮੇਂ ਬਾਅਦ ਸਰਕਾਰ ਨੇ ਇਨ੍ਹਾਂ ਸਿੱਖ ਆਗੂਆਂ ਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ। ਜੂਨ, ੧੯੨੬ ਈ. 'ਚ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੀਆਂ ਪਹਿਲੀ ਵਾਰ ਆਮ ਚੋਣਾਂ ਹੋਈਆਂ। ੨ ਅਕਤੂਬਰ, ੧੯੨੬ ਈ. ਨੂੰ ਗੁਰਦੁਆਰਾ ਐਕਟ ਅਨੁਸਾਰ ਸੈਂਟਰਲ ਗੁਰਦੁਆਰਾ ਬੋਰਡ ਦੀ ਪਹਿਲੀ ਇਕੱਤਰਤਾ ਹੋਈ। ਇਸ ਇਕੱਤਰਤਾ ਸਮੇਂ ਮਾਸਟਰ ਤਾਰਾ ਸਿੰਘ ਜੀ ਵਿਸ਼ੇਸ਼ ਦਰਸ਼ਕ ਵਜੋਂ ਸ਼ਾਮਲ ਸਨ। ਇਕੱਤਰਤਾ ਦੀ ਕਾਰਵਾਈ ਸ਼ੁਰੂ ਹੋਣ 'ਤੇ ਮਾਸਟਰ ਜੀ ਨੂੰ ਪਹਿਲੇ ਮੈਂਬਰ ਨਾਮਜ਼ਦ ਕੀਤਾ ਗਿਆ। ਬਾਬਾ ਖੜਕ ਸਿੰਘ ਜੀ ਨੂੰ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਪ੍ਰਧਾਨ ਚੁਣ ਲਿਆ ਗਿਆ ਅਤੇ ਮਾਸਟਰ ਤਾਰਾ ਸਿੰਘ ਜੀ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਬਾਬਾ ਖੜਕ ਸਿੰਘ ਜੀ ਉਸ ਸਮੇਂ ਜੇਲ੍ਹ ਵਿਚ ਸਨ ਜਿਸ ਕਰਕੇ ਮਾਸਟਰ ਤਾਰਾ ਸਿੰਘ ਜੀ ਨੇ ਮੀਤ ਪ੍ਰਧਾਨ ਹੁੰਦਿਆਂ, ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਪ੍ਰਧਾਨ ਵਜੋਂ ਸੇਵਾ ਅਰੰਭ ਕੀਤੀ। ਪਹਿਲੀ ਇਕੱਤਰਤਾ ਸਮੇਂ ਹੀ ਸ. ਤੇਜਾ ਸਿੰਘ ਸਮੁੰਦਰੀ ਦੇ ਅਕਾਲ-ਚਲਾਣੇ 'ਤੇ ਅਫਸੋਸ ਦਾ ਸ਼ੋਕ ਮਤਾ ਪੇਸ਼ ਤੇ ਪ੍ਰਵਾਨ ਕੀਤਾ ਗਿਆ। ਇਸ ਤੋਂ ਉਪਰੰਤ 'ਸੈਂਟਰਲ ਗੁਰਦੁਆਰਾ ਬੋਰਡ ਦਾ ਪਹਿਲਾ ਨਾਂ ਸ਼੍ਰੋਮਣੀ

ਗੁ:ਪ੍ਰ:ਕਮੇਟੀ ਸ੍ਰੀ ਅੰਮ੍ਰਿਤਸਰ' ਹੀ ਹੋਵੇਗਾ ਦਾ ਮਤਾ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਇਸੇ ਦਿਨ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੀ ਸਮੁੱਚੀ ਕਾਰਵਾਈ ਮਾਂ-ਬੋਲੀ ਪੰਜਾਬੀ ਵਿਚ ਕਰਨ ਸੰਬੰਧੀ ਇਤਿਹਾਸਕ ਫ਼ੈਸਲਾ ਕੀਤਾ ਗਿਆ। ਜਾਤ-ਪਾਤ, ਛੂਤ-ਛਾਤ ਦੇ ਵਿਤਕਰੇ-ਵਖਰੇਵੇਂ ਵਿਰੁੱਧ ਵੀ ਮਤਾ ਇਸ ਸਮੇਂ ਹੀ ਪਹਿਲੀ ਵਾਰ ਪਾਸ ਹੋਇਆ।

੩ ਅਪ੍ਰੈਲ ੧੯੨੭ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੀ ਉਚੇਚੀ ਬੈਠਕ ਹੋਈ ਜਿਸ ਵਿਚ ਪੰਥਕ ਝਗੜਿਆਂ ਤੇ ਧੜੇਬੰਦੀ ਨੂੰ ਖ਼ਤਮ ਕਰਨ ਵਾਸਤੇ ਤਿੰਨ ਸਬ-ਕਮੇਟੀਆਂ ਬਣਾਈਆਂ ਗਈਆਂ ਜਿਨ੍ਹਾਂ ਵਿੱਚੋਂ ਮਾਸਟਰ ਤਾਰਾ ਸਿੰਘ ਜੀ ਸਰਬ-ਸਾਂਝੇ ਪੰਥਕ ਮਸਲਿਆਂ ਅਤੇ ਖੇਤਰੀ ਝਗੜਿਆਂ ਦੇ ਨਿਪਟਾਰੇ ਵਾਸਤੇ ਬਣੀ ਸਬ-ਕਮੇਟੀ ਦੇ ਮੈਂਬਰ ਸਨ। ੮ ਅਕਤੂਬਰ, ੧੯੨੭ ਈ. ਨੂੰ ਦੁਬਾਰਾ ਬਾਬਾ ਖੜਕ ਸਿੰਘ ਜੀ ਪ੍ਰਧਾਨ ਤੇ ਮਾਸਟਰ ਤਾਰਾ ਸਿੰਘ ਜੀ ਮੀਤ ਪ੍ਰਧਾਨ ਚੁਣੇ ਗਏ। ਇਸ ਮੀਟਿੰਗ ਸਮੇਂ ਬਾਬਾ ਅਤਰ ਸਿੰਘ ਜੀ ਮਸਤੂਆਣਾ ਤੇ ਭਾਈ ਹੀਰਾ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਦੇ ਅਕਾਲ-ਚਲਾਣੇ 'ਤੇ ਸ਼ੋਕ ਮਤੇ ਕੀਤੇ ਗਏ।

ਫਰਵਰੀ ੧੯੨੮ ਈ. 'ਚ ਆਲ ਪਾਰਟੀ ਕਾਨਫਰੰਸ ਬੰਬਈ ਵਿਚ ਹੋਈ, ਜਿਸ ਵਿਚ ਮਾਸਟਰ ਤਾਰਾ ਸਿੰਘ ਜੀ ਸਿੱਖ ਪ੍ਰਤੀਨਿਧ ਵਜੋਂ ਸ਼ਾਮਲ ਹੋਏ। ਮਾਸਟਰ ਜੀ ਨੇ 'ਨਹਿਰੂ ਰਿਪੋਰਟ' ਦਾ ਡਟ ਕੇ ਵਿਰੋਧ ਕੀਤਾ, ਕਿਉਂਕਿ ਇਸ ਵਿਚ ਸਿੱਖ ਹਿੱਤਾਂ ਦੀ ਅਣਦੇਖੀ ਕੀਤੀ ਗਈ ਸੀ। ਸਿੱਖ ਲੀਗ ਦੇ ਪ੍ਰਧਾਨ ਵਜੋਂ ਵੀ ਮਾਸਟਰ ਜੀ ਕਾਰਜਸ਼ੀਲ ਰਹੇ। ਕਾਂਗਰਸ ਪਾਰਟੀ ਨਾਲ ਸੰਬੰਧਾਂ ਦੇ ਮਾਮਲੇ 'ਚ ਮਾਸਟਰ ਤਾਰਾ ਸਿੰਘ ਜੀ ਜਥੇਦਾਰ ਗਰੁੱਪ ਦੇ ਆਗੂ ਬਣ ਗਏ। ਕਾਂਗਰਸ ਦੇ ਲਾਹੌਰ ਸੈਸ਼ਨ 'ਚ ਮਾਸਟਰ ਤਾਰਾ ਸਿੰਘ ਜੀ ਸ਼ਾਮਲ ਹੋਏ, ਜਿਸ ਵਿਚ ਮਤਾ ਪਾਸ ਕੀਤਾ ਗਿਆ ਕਿ 'ਭਾਰਤ ਵਿਚ ਅਜਿਹਾ ਸੰਵਿਧਾਨ ਲਾਗੂ ਕੀਤਾ ਜਾਵੇਗਾ, ਜਿਹੜਾ ਘੱਟ-ਗਿਣਤੀਆਂ ਨੂੰ ਪ੍ਰਵਾਨ ਹੋਵੇਗਾ।'

੧੯੩੦ ਈ. ਤੀਕ ਮਾਸਟਰ ਤਾਰਾ ਸਿੰਘ ਜੀ ਦੀ ਇਮਾਨਦਾਰੀ, ਨਿਸ਼ਕਾਮ ਸੇਵਾ ਤੇ ਗੁਰੂ-ਪੰਥ ਨੂੰ ਸਮਰਪਿਤ ਭਾਵਨਾ ਸਦਕਾ ਸਮੁੱਚੀ ਸਿੱਖ ਕੌਮ ਨੇ ਉਨਾਂ ਨੂੰ ਨਿਰਵਿਵਾਦ ਸਿੱਖ ਨੇਤਾ ਪ੍ਰਵਾਨ ਕਰ ਲਿਆ। ਸ਼੍ਰੋਮਣੀ ਗੁ:ਪ੍ਰ:ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਬ-ਪ੍ਰਵਾਨਿਤ ਨੇਤਾ ਵਜੋਂ ਮਾਸਟਰ ਤਾਰਾ ਸਿੰਘ ਜੀ ਗੁਰਦੁਆਰਾ ਪ੍ਰਬੰਧ ਸੁਧਾਰ, ਅਕਾਲੀ ਦਲ, ਦੇਸ਼ ਦੀ ਅਜ਼ਾਦੀ, ਪੰਜਾਬੀ ਸੂਬੇ ਤੇ ਪੰਜਾਬੀ ਭਾਸ਼ਾ ਵਾਸਤੇ ਹਮੇਸ਼ਾਂ ਸੰਘਰਸ਼ੀਲ ਰਹੇ, ਕਈ ਵਾਰ ਜੇਲ੍ਹ ਯਾਤਰਾ ਕੀਤੀ ਪਰ ਹਰ ਵਾਰ ਮਾਸਟਰ ਜੀ ਦਰਵੇਸ਼ ਸਿੱਖ ਸਿਆਸਤਦਾਨ, ਸਿੱਖ ਨੇਤਾ ਵਜੋਂ ਅਲਾਣੀ ਮੰਜੀ 'ਤੇ ਬੈਠੇ ਕੁਝ ਲਿਖਦੇ ਦਿਖਾਈ ਦਿੰਦੇ ਹਨ।

ਮਾਸਟਰ ਤਾਰਾ ਸਿੰਘ ਜੀ ਸਿੱਖ ਗੁਰਦੁਆਰਾ ਐਕਟ ੧੯੨੫ ਲਾਗੂ ਹੋਣ ਤੋਂ ਬਾਅਦ ੨ ਅਕਤੂਬਰ, ੧੯੨੬ ਈ. ਤੋ ੧੨ ਅਕਤੂਬਰ, ੧੯੩੦ ਈ. ਤੀਕ ਮੀਤ ਪ੍ਰਧਾਨ (ਬਾਬਾ ਖੜਕ ਸਿੰਘ ਦੀ ਗੈਰ-ਹਾਜ਼ਰੀ 'ਚ ਪ੍ਰਧਾਨ) ਵਜੋਂ ੧੨ ਅਕਤੂਬਰ, ੧੯੩੦ ਈ. ਤੋਂ ੧੭ ਜੂਨ, ੧੯੩੩ ਈ. ਤੀਕ ਪ੍ਰਧਾਨ, ੧੩ ਜੂਨ, ੧੯੩੬ ਈ. ਤੋਂ ੧੯ ਨਵੰਬਰ, ੧੯੪੪ ਈ., ੪ ਅਪ੍ਰੈਲ, ੧੯੫੧ ਈ. ਤੋਂ ੫ ਅਕਤੂਬਰ, ੧੯੫੨ ਈ., ੧੭ ਫਰਵਰੀ, ੧੯੫੫ ਈ. ਤੋਂ ੨੧ ਮਈ, ੧੯੫੫ ਈ., ੧੬ ਅਕਤੂਬਰ ੧੯੫੫ ਈ. ਤੋਂ ੧੬ ਨਵੰਬਰ, ੧੯੫੮ ਈ., ੭ ਮਾਰਚ, ੧੯੬੦ ਈ. ਤੋਂ ੩੦ ਅਪ੍ਰੈਲ, ੧੯੬੦ ਈ., ੧੦ ਮਾਰਚ, ੧੯੬੧ ਈ. ਤੋ ੧੧ ਮਾਰਚ, ੧੯੬੨ ਈ. ਤੀਕ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਅਹੁਦੇ 'ਤੇ ਸੁਭਾਇਮਾਨ ਹੋ ਸੇਵਾ ਨਿਭਾਈ। ਏਨਾ ਲੰਮੇਰਾ ਸਮਾਂ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਪ੍ਰਧਾਨ ਵਜੋਂ ਕਾਰਜਸ਼ੀਲ ਰਹੇ, ਮਾਸਟਰ ਤਾਰਾ ਸਿੰਘ ਜੀ ਦੀਆਂ ਪ੍ਰਾਪਤੀਆਂ ਨੂੰ ਇਕ ਲੇਖ ਵਿਚ ਕਲਮਬੰਦ ਕਰ ਸਕਣਾ ਅਸੰਭਵ ਹੈ।ਮਾਸਟਰ ਤਾਰਾ ਸਿੰਘ ਜੀ ਦੀ ਪ੍ਰਧਾਨਗੀ ਸਮੇਂ ਹੋਏ ਵਿਸ਼ੇਸ਼ ਕਾਰਜ 'ਚ ਸਿੱਖ ਕੈਦੀਆਂ ਦੀ ਰਿਹਾਈ 'ਤੇ ਵਧਾਈ, ਦਫ਼ਤਰੀ ਕੰਮ ਪੰਜਾਬੀ 'ਚ ਕਰਨ, ਜਾਤ-ਪਾਤ ਤੋੜਨ, ਪੰਚ ਖਾਲਸਾ ਦੀਵਾਨ ਨੂੰ ਪੰਥ 'ਚੋਂ ਖਾਰਜ ਕਰਨ, ਮਹਾਰਾਜਾ ਨਾਭਾ ਨਾਲ ਹਮਦਰਦੀ, ਸ. ਤੇਜਾ ਸਿੰਘ ਭੁੱਚਰ ਨੂੰ ਮਾਫੀ, ਪ੍ਰੋ: ਤੇਜਾ ਸਿੰਘ ਦੀ ਨਾਮਜ਼ਦਗੀ, ਸ੍ਰੀ ਅਕਾਲ ਤਖ਼ਤ ਸਾਹਿਬ ਲਈ ਨਿਯਮ-ਉਪਨਿਯਮ, ਕੌਮੀ ਝੰਡੇ ਬਾਰੇ ਅਕਾਲੀ ਦਲ ਦਾ ਐਲਾਨ, ਧਰਮ ਪ੍ਰਚਾਰ ਕਮੇਟੀ ਦਾ ਮੁੱਢ, ਛੂਤ-ਛਾਤ ਵਿਰੁੱਧ ਮਤਾ, ਡਸਕੇ ਦੇ ਗੁਰਦੁਆਰੇ ਬਾਰੇ ਮਤਾ, ਸਹਿਜਧਾਰੀ ਸਿੱਖਾਂ ਬਾਰੇ, ਕਸ਼ਮੀਰ ਦੇ ਗੁਰਦੁਆਰਿਆਂ ਦੇ ਪ੍ਰਬੰਧ ਬਾਰੇ, ਜਥੇਦਾਰ ਤੇ ਗ੍ਰੰਥੀਆਂ ਦੀ ਤਨਖਾਹ, ਰਹੁਰੀਤ ਕਮੇਟੀ ਦੇ ਮੈਂਬਰਾਂ ਬਾਰੇ , ਫਿਰਕੇਦਾਰਾਨਾ ਫ਼ੈਸਲੇ ਬਾਰੇ ਵਿਰੋਧ, ਖਾਲਸਾ ਦਸਤਕਾਰੀ ਸਕੂਲ, ਲਾਹੌਰ ਵਿਚ ਕਾਲਜ, ਕਮਿਊਨਲ ਅਵਾਰਡ ਦਾ ਵਿਰੋਧ, ਕੂਕਿਆਂ ਵੱਲੋਂ ਛਾਪੇ ਟਰੈਕਟਾਂ ਦੀ ਜ਼ਬਤੀ, ਨਸ਼ਿਆਂ ਵਿਰੁੱਧ ਪ੍ਰਣ ਪੱਤਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ, ਖਾਲਸਾ ਰਹਿਤ ਮਰਯਾਦਾ ਦਾ ਖਰੜਾ, ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇਣ ਵਿਰੁੱਧ ਮਤਾ, ਤਖ਼ਤਾਂ ਦੇ ਮੁਲਾਜ਼ਮ ਰਾਜਨੀਤੀ ਤੋਂ ਅਲੱਗ, ਗੁ: ਸ਼ਹੀਦ ਗੰਜ ਲਾਹੌਰ ਦਾ ਮਾਮਲਾ, ਸਿੱਖ ਨੈਸ਼ਨਲ ਕਾਲਜ, ਸਿੱਖ ਰਾਜਾ ਪਤਿਤ ਨਹੀਂ ਹੋਣਾ ਚਾਹੀਦਾ, ਝਟਕੇ ਬਾਰੇ ਬਿੱਲ, ਆਰਥਿਕ, ਭਾਈਚਾਰਕ ਤੇ ਵਿੱਦਿਅਕ ਉਨਤੀ ਬਾਰੇ, ਮਰਦਮਸ਼ੁਮਾਰੀ ਤੇ ਸਿੱਖ, ਪਾਕਿਸਤਾਨ ਦੀ ਥੀਊਰੀ ਵਿਰੁੱਧ, ਫ਼ੌਜ 'ਚ ਸਿੱਖਾਂ ਵਾਸਤੇ ਲੋਹ ਟੋਪ ਦਾ ਵਿਰੋਧ, ਨਾਮਧਾਰੀਆਂ ਦੇ ਪੱਤਰਾ ਪਾਠ ਦਾ ਵਿਰੋਧ, ਪੁਲਿਸ ਵਿਚ ਸਿੱਖ ਰਹਿਤ, ਧਾਰਮਿਕ ਮਾਸਿਕ ਪੱਤਰ, ਸਕੂਲਾਂ ਵਿਚ ਪੰਜਾਬੀ ਸਿਲੇਬਸ, ਮਹਾਤਮਾ ਗਾਂਧੀ ਦਾ ਮਰਨ ਵਰਤ ਖਲ੍ਹਾਉਣ ਬਾਰੇ, ਸਿੱਖ ਸੂਬੇ ਬਾਰੇ, ਸਤਿਆਰਥ ਪ੍ਰਕਾਸ਼ ਦੇ ਕੁਝ ਹਿੱਸਾ ਨਾ ਛਾਪਣ ਬਾਰੇ, ਸਿੱਖਾਂ 'ਤੇ ਪਾਬੰਦੀ

ਹਟਾਉਣ ਬਾਰੇ, ਹੜ੍ਹ-ਪੀੜਤਾਂ ਨਾਲ ਹਮਦਰਦੀ, ਗੁਰਦੁਆਰਾ ਦਾਤਾ ਬੰਦੀ ਛੋੜ ਬਾਰੇ, ਨਨਕਾਣਾ ਸਾਹਿਬ ਐਜੂਕੇਸ਼ਨ ਟ੍ਰਸਟ, ਪਾਕਿਸਤਾਨ ਵਿਚਲੇ ਗੁਰਦੁਆਰਿਆਂ ਬਾਰੇ, ਪੰਜਾਬੀ ਬੋਲੀ, ਲਿੱਪੀ ਤੇ ਪੰਜਾਬੀ ਸੂਬੇ ਬਾਰੇ, ਸਿੱਖ ਇਤਿਹਾਸ ਰੀਸਰਚ ਬੋਰਡ, ਧਰਮ ਪ੍ਰਚਾਰ ਕਮੇਟੀ, ਮਿਸ਼ਨਰੀ ਕਾਲਜ ਆਦਿ ਬਾਰੇ ਮਹੱਤਵਪੂਰਨ ਫ਼ੈਸਲੇ ਲਏ ਗਏ ਜਿਨ੍ਹਾਂ ਬਾਰੇ ਵਿਸਥਾਰ ਵਿਚ ਜਾਣਾ ਸਾਡੇ ਵਾਸਤੇ ਸੰਭਵ ਨਹੀਂ।

੯ ਮਾਰਚ, ੧੯੩੦ ਈ. ਨੂੰ ਮਾਸਟਰ ਜੀ ਦੀ ਪ੍ਰਧਾਨਗੀ ਸਮੇਂ ਇਨ੍ਹਾਂ ਵਿਰੁੱਧ ਇਕ ਮੈਂਬਰ ਨੇ ਮਤਾ ਪੇਸ਼ ਕੀਤਾ। ਮਾਸਟਰ ਜੀ ਨੇ ਕਿਹਾ ਕਿ ਭਾਵੇਂ ਕਿ ਇਸ ਮਤੇ ਦੀ ਮਿਆਦ ਖ਼ਤਮ ਹੋ ਚੁੱਕੀ ਹੈ ਪਰ ਕਿਉਂਕਿ ਇਹ ਮਤਾ ਮੇਰੇ ਨਾਲ ਸੰਬੰਧਿਤ ਹੈ, ਇਸ ਕਰਕੇ ਇਹ ਮਤਾ ਪੇਸ਼ ਕਰਨ ਦੀ ਆਗਿਆ ਹੈ। ਵੋਟਾਂ ਪੈਣ ਸਮੇਂ ਇਹ ਮਤਾ ੧੩ ਦੇ ਮੁਕਾਬਲੇ ੪੫ ਵੋਟਾਂ ਦੇ ਫਰਕ ਨਾਲ ਗਿਰ ਗਿਆ।੯ ਅਪ੍ਰੈਲ, ੧੯੩੧ ਈ. ਨੂੰ ਮਾਸਟਰ ਤਾਰਾ ਸਿੰਘ ਦੀ ਪ੍ਰਧਾਨਗੀ 'ਚ ਸੈਂਟਰਲ ਸਿੱਖ ਲੀਗ ਦਾ ਨੌਵਾਂ ਇਜਲਾਸ ਲਾਹੌਰ 'ਚ ਹੋਇਆ, ਜਿਸ ਵਿਚ ਮਹਾਤਮਾ ਗਾਂਧੀ ਵੀ ਸ਼ਾਮਲ ਹੋਏ।

ਖਾਲਸਾ ਕਾਲਜ ਅੰਮ੍ਰਿਤਸਰ ਦੇ ਅਧਿਆਪਕਾਂ ਨੇ ੧੯੩੩ ਈ. ਵਿਚ 'ਗੁਰਸੇਵਕ ਸਭਾ' ਬਣਾਈ। ਇਸ ਸਭਾ ਨੇ ਅਕਾਲੀ ਧੜੇਬੰਦੀ ਨੂੰ ਖ਼ਤਮ ਕਰਨ ਲਈ ਮਾਸਟਰ ਤਾਰਾ ਸਿੰਘ ਜੀ ਤੇ ਗਿਆਨੀ ਸ਼ੇਰ ਸਿੰਘ ਨੂੰ ਸਰਗਰਮ ਰਾਜਨੀਤੀ ਤੋਂ ਕੁਝ ਸਮਾਂ ਦੂਰ ਰਹਿਣ ਲਈ ਕਿਹਾ। ਮਾਸਟਰ ਜੀ ਨੇ 'ਗੁਰਸੇਵਕ ਸਭਾ' ਦਾ ਫ਼ੈਸਲਾ ਪ੍ਰਵਾਨ ਕਰਦਿਆ, ਸ਼੍ਰੋਮਣੀ ਗੁ:ਪ੍ਰ:ਕਮੇਟੀ, ਸ਼੍ਰੋਮਣੀ ਅਕਾਲੀ ਦਲ ਤੇ ਸਰਬ ਹਿੰਦ ਸਿੱਖ ਮਿਸ਼ਨ ਦੇ ਅਹੁਦਿਆਂ ਤੇ ਮੈਂਬਰੀ ਤੋਂ ਤਿਆਗ-ਪੱਤਰ ਦੇ ਦਿੱਤਾ। ਇਸ ਤਰ੍ਹਾਂ ਮਾਸਟਰ ਜੀ ਜੂਨ, ੧੯੩੪ ਈ. ਤੋਂ ਜਨਵਰੀ, ੧੯੩੫ ਈ. ਤੀਕ ਸਰਗਰਮ ਸਿੱਖ ਸਿਆਸਤ ਤੋਂ ਦੂਰ ਰਹੇ। ਪਰ ਮਾਸਟਰ ਜੀ ਆਪਣੇ ਨਜ਼ਦੀਕੀ ਮਿੱਤਰ ਸ. ਸੇਵਾ ਸਿੰਘ ਜੀ ਠੀਕਰੀਵਾਲਾ ਦੇ ਅਕਾਲ-ਚਲਾਣੇ ਦੀ ਖ਼ਬਰ ਪੜ੍ਹ ਕੇ ਫਿਰ ਪੰਜਾਬ ਆ ਗਏ। ੧ ਅਪ੍ਰੈਲ, ੧੯੩੫ ਈ. ਨੂੰ ਸ਼੍ਰੋਮਣੀ ਅਕਾਲੀ ਦਲ ਨੇ ਕਾਰਜਕਾਰਨੀ ਦੀ ਮੀਟਿੰਗ 'ਚ ਫ਼ੈਸਲਾ ਕਰ ਕੇ ਮਾਸਟਰ ਜੀ ਦੀ ਅਗਵਾਈ 'ਚ ਪੂਰਨ ਭਰੋਸਾ ਪ੍ਰਗਟ ਕੀਤਾ।ਦੂਸਰੇ ਵਿਸ਼ਵ-ਯੁੱਧ ਮਗਰੋਂ ਸ਼ਿਮਲੇ 'ਚ ਹੋਈ ਗੋਲ-ਮੇਜ਼ ਕਾਨਫਰੰਸ ਸਮੇਂ ਮਾਸਟਰ ਜੀ ਨੇ ਸਿੱਖਾਂ ਦੀ ਪ੍ਰਤੀਨਿਧਤਾ ਕੀਤੀ ਅਤੇ ਮੁਸਲਮ ਲੀਗ ਦੀ ਦੇਸ਼-ਵੰਡ ਦੀ ਮੰਗ ਦਾ ਡਟਵਾਂ ਵਿਰੋਧ ਕੀਤਾ ਅਤੇ ਸਿੱਖ-ਸਿਧਾਂਤਾਂ, ਵਿਚਾਰਧਾਰਾ ਤੇ ਹਿੱਤਾਂ ਲਈ ਖੂਬ ਲੜੇ।

੯ ਜੂਨ, ੧੯੩੦ ਈ., ੨੧ ਫਰਵਰੀ ੧੯੩੧ ਈ., ੯ ਅਪ੍ਰੈਲ ੧੯੪੪ ਈ. ਨੂੰ ਮਾਸਟਰ ਤਾਰਾ ਸਿੰਘ ਜੀ ਦੀਆਂ ਸੇਵਾਵਾਂ ਦਾ ਸਤਿਕਾਰ ਤੇ ਸਨਮਾਨ 'ਚ ਵਿਸ਼ੇਸ਼ ਗੁਰਮਤੇ ਕੀਤੇ ਗਏ। ੧੯੪੪ ਈ. ਵਿਚ ਮਾਸਟਰ ਤਾਰਾ ਸਿੰਘ ਜੀ ਨੇ ਅਕਾਲ ਰੈਜ਼ਮੈਂਟ ਖੜ੍ਹੀ ਕੀਤੀ। ੨੭ ਦਸੰਬਰ, ੧੯੫੩ ਈ. ਨੂੰ ਗੁਰਦੁਆਰਾ ਫਤਹਿਗੜ੍ਹ

ਸਾਹਿਬ ਵਿਖੇ ਸ਼ਹੀਦੀ ਸਮਾਗਮਾਂ ਸਮੇਂ ਮਾਸਟਰ ਤਾਰਾ ਸਿੰਘ ਜੀ ਨੇ ਪੰਡਤ ਜਵਾਹਰ ਲਾਲ ਨਹਿਰੂ ਨੂੰ ਬੋਲਣ ਦੀ ਆਗਿਆ ਨਾਂ ਦੇ ਕੇ ਨਵਾਂ ਕੀਰਤੀਮਾਨ ਸਥਾਪਤ ਕੀਤਾ।

੨੮ ਮਈ, ੧੯੪੮ ਈ. ਨੂੰ ਮਾਸਟਰ ਜੀ ਦੀ ਅਗਵਾਈ 'ਚ ਪੰਜਾਬੀ ਸੂਬੇ ਦੀ ਮੰਗ ਸ਼ੁਰੂ ਕੀਤੀ ਗਈ ਅਤੇ ੧੦ ਮਈ, ੧੯੫੫ ਈ. ਨੂੰ ਪੰਜਾਬੀ ਸੂਬੇ ਦੇ ਨਾਹਰੇ ਦਾ ਮੋਰਚਾ ਲੱਗਾ। ਮਈ, ੧੯੫੫ ਈ. 'ਚ 'ਪੰਜਾਬੀ ਸੂਬਾ ਜ਼ਿੰਦਾਬਾਦ' ਦਾ ਨਾਹਰਾ ਲਾਉਣ 'ਤੇ ਮਾਸਟਰ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਨੇ ਪੰਜਾਬੀ ਸੂਬਾ ਕਨਵੈਨਸ਼ਨ ਕਰ ਕੇ ਪੰਜਾਬੀ ਸੂਬੇ ਦੀ ਮੰਗ ਕੀਤੀ ਤੇ ਮੋਰਚਾ ਲਾਇਆ।

੨੮ ਅਕਤੂਬਰ, ੧੯੫੧ ਈ. ਨੂੰ ਜਨਰਲ ਸਮਾਗਮ ਸਮੇਂ ਮਤਾ ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਦੇ ਸੰਬੰਧ ਵਿਚ ਹੇਠ ਲਿਖੇ ਅਨੁਸਾਰ ਅੱਖ਼ਰ ਅਰਦਾਸ ਵਿਚ ਸ਼ਾਮਲ ਕੀਤੇ ਜਾਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਹੁਕਮਨਾਮਾ ਜਾਰੀ ਕੀਤੇ ਜਾਣ ਦੀ ਪ੍ਰਵਾਨਗੀ ਦਿਤੀ ਜਾਂਦੀ ਹੈ। "ਹੇ ਅਕਾਲ ਪੁਰਖ! ਆਪਣੇ ਪੰਥ ਦੇ ਸਦਾ ਸਹਾਈ ਦਤਾਰ ਜੀਓ। ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ।" (ਗੁ: ਗਜ਼ਟ ਪੰਨਾ ੩੮, ਨਵੰਬਰ, ੧੯੫੧)

ਇਹ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ੨੫ ਜਨਵਰੀ, ੧੯੫੨ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਹੇਠ ਜਾਰੀ ਹੋਇਆ ਕਿ ਸਰਬੱਤ ਖਾਲਸਾ ਅਤੇ ਗੁਰਦੁਆਰਿਆਂ ਦੇ ਸੇਵਾਦਾਰਾਂ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਹੁਕਮ ਹੈ ਕਿ ਅਰਦਾਸੇ ਵਿਚ ਹੇਠਾਂ (ਉਕਤ) ਲਿਖੇ ਸ਼ਬਦ ਸ਼ਾਮਲ ਸਮਝੇ ਜਾਣ। (ਗੁ: ਗਜ਼ਟ ਫਰਵਰੀ ੧੯੫੨)

ਮਾਸਟਰ ਤਾਰਾ ਸਿੰਘ ਜੀ ੧੬ ਨਵੰਬਰ, ੧੯੫੭ ਈ. ਨੂੰ ਪ੍ਰਧਾਨ, ਸ਼੍ਰੋਮਣੀ ਗੁ:ਪ੍ਰ:ਕਮੇਟੀ ਦੀ ਚੋਣ ਸਮੇਂ ੩ ਵੋਟਾਂ ਨਾਲ ਪ੍ਰੇਮ ਸਿੰਘ ਲਾਲਪੁਰਾ ਤੋਂ ਚੋਣ ਹਾਰ ਗਏ ਪਰ ੭ ਮਾਰਚ, ੧੯੬੦ ਈ. 'ਚ ਫਿਰ ਸਰਬ-ਸੰਮਤੀ ਨਾਲ ਪ੍ਰਧਾਨ ਚੁਣੇ ਗਏ। ਮਾਸਟਰ ਤਾਰਾ ਸਿੰਘ ਕੁਝ ਸਮਾਂ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ:ਪ੍ਰ:ਕਮੇਟੀ) ਦੇ ਮੈਂਬਰ ਵੀ ਰਹੇ। ਮਾਸਟਰ ਤਾਰਾ ਸਿੰਘ ਜੀ ਸ਼੍ਰੋਮਣੀ ਗੁ:ਪ੍ਰ:ਕਮੇਟੀ 'ਚ ਬਹੁਤਾ ਸਮਾਂ ਨਾਮਜ਼ਦ ਮੈਂਬਰ ਵਜੋਂ ਕਾਰਜਸ਼ੀਲ ਰਹੇ। ੨੯ ਨਵੰਬਰ, ੧੯੬੧ ਈ. ਨੂੰ ਮਾਸਟਰ ਤਾਰਾ ਸਿੰਘ ਜੀ ਤੇ ਵਰਕਿੰਗ ਕਮੇਟੀ ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਤਨਖਾਹ ਸੁਣਾਈ ਜੋ ਇਨ੍ਹਾਂ ਖਿੜੇ ਮੱਥੇ ਪ੍ਰਵਾਨ ਕੀਤੀ। ੨੨ ਨਵੰਬਰ, ੧੯੬੭ ਈ. ਨੂੰ ਪੰਥ-ਰਤਨ ਮਾਸਟਰ ਤਾਰਾ ਸਿੰਘ ਜੀ ਸਦੀਵੀ ਵਿਛੋੜਾ ਦੇ ਗਏ। ੧੨ ਫਰਵਰੀ, ੧੯੬੮ ਈ. ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਸਮਾਗਮ ਸਮੇਂ ਮਾਸਟਰ ਤਾਰਾ ਸਿੰਘ ਜੀ ਦੇ ਅਕਾਲ-ਚਲਾਣੇ 'ਤੇ ਸ਼ੋਕ-ਮਤਾ ਕੀਤਾ ਗਿਆ।

ਸਿੱਖ ਕੌਮ ਦੀ ਵਿਲੱਖਣ ਹੋਂਦ-ਹਸਤੀ ਤੇ ਪਹਿਚਾਣ ਲਈ ਮਾਸਟਰ ਜੀ ਜੀਵਨ ਭਰ ਸੰਘਰਸ਼ਸੀਲ ਰਹੇ। ਸਿੱਖ ਧਾਰਮਿਕ, ਸਮਾਜਿਕ, ਰਾਜਸੀ ਤੇ ਆਰਥਿਕ ਮਸਲਿਆਂ ਨੂੰ ਸੁਲਝਾਉਣ ਵਾਸਤੇ ਜੋ ਸ਼ਕਤੀ ਤੇ ਸਮਰੱਥਾ ਅਕਾਲ ਪੁਰਖ ਨੇ ਮਾਸਟਰ ਤਾਰਾ ਸਿੰਘ ਜੀ ਨੂੰ ਬਖਸ਼ੀ ਸੀ ਉਸ ਦਾ ਕੋਈ ਮੁਕਾਬਲਾ ਨਹੀਂ। ਅੱਜ ਵੀ ਮਾਸਟਰ ਤਾਰਾ ਸਿੰਘ ਜੀ ਦਾ ਨਾਂ ਸਿੱਖ ਧਰਮ, ਸਮਾਜ 'ਚ ਬੜੇ ਅਦਬ-ਸਤਿਕਾਰ ਨਾਲ ਲਿਆ ਜਾਂਦਾ ਹੈ। ਇਕ ਉਦਾਹਰਣ ਦੇਣੀ ਯੋਗ ਹੋਵੇਗੀ – ਗੁਰਪੁਰਵਾਸੀ ਪੰਥ-ਰਤਨ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਹਮੇਸ਼ਾਂ ਮਾਸਟਰ ਜੀ ਦਾ ਨਾਂ ਸ੍ਰੀਮਾਨ ਪੰਥ ਰਤਨ, ਮਾਸਟਰ ਤਾਰਾ ਸਿੰਘ ਜੀ ਕਰਕੇ ਲਿਆ ਕਰਦੇ ਸਨ। ਮਾਸਟਰ ਜੀ ਦੇ ਸਤਿਕਾਰ ਵਜੋਂ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੀ ਜਨਰਲ ਚੋਣ ਸਮੇਂ ਜਦ ਬੀਬੀ ਕਿਰਨਜੋਤ ਕੌਰ ਦਾ ਨਾਂ ਜਨਰਲ ਸਕੱਤਰ ਵਜੋਂ ਪੇਸ਼ ਹੋਇਆ ਤਾਂ ਟੌਹੜਾ ਸਾਹਿਬ ਨੇ ਕਿਹਾ ਸੀ, ਕਿਉਂਕਿ ਬੀਬਾ ਕਿਰਨਜੋਤ ਕੌਰ ਸ੍ਰੀਮਾਨ ਪੰਥ ਰਤਨ, ਮਾਸਟਰ ਤਾਰਾ ਸਿੰਘ ਜੀ ਦੀ ਦੋਹਤਰੀ ਹੈ, ਇਸ ਲਈ ਅਸੀਂ ਇਸ ਦੇ ਵਿਰੋਧ ਵਿਚ ਉਮੀਦਵਾਰ ਨਹੀਂ ਖੜ੍ਹਾ ਕਰਾਂਗੇ। ਅਸੀਂ ਵੀ ਇਸ ਨਾਂ ਦੀ ਹਮਾਇਤ ਕਰਦੇ ਹਾਂ ਜਿਸ ਸਦਕਾ ਜਨਰਲ ਸਕੱਤਰ ਸਰਬ ਸੰਮਤੀ ਨਾਲ ਬੀਬਾ ਕਿਰਨਜੋਤ ਕੌਰ ਚੁਣੇ ਗਏ, ਜੋ ਹੁਣ ਤੀਕ ਮੈਂਬਰ ਸ਼੍ਰੋਮਣੀ ਕਮੇਟੀ ਵਜੋਂ ਕਾਰਜਸ਼ੀਲ ਹਨ।

ਮਾਸਟਰ ਤਾਰਾ ਸਿੰਘ ਜੀ ਦੀ ਯਾਦ 'ਚ ਉਨ੍ਹਾਂ ਦੇ ਨਾਂ 'ਤੇ ਸਕੂਲ, ਕਾਲਜ, ਹਸਪਤਾਲ ਤੇ ਲਾਇਬ੍ਰੇਰੀਆਂ ਸਥਾਪਤ ਹਨ। ਭਾਰਤ ਦੀ ਪਾਰਲੀਮੈਂਟ ਦੇ ਵਿਹੜੇ ਵਿਚ ਉਨ੍ਹਾਂ ਦਾ ਆਦਮ ਕਦ ਬੁੱਤ ਵੀ ਸਥਾਪਤ ਕੀਤਾ ਗਿਆ ਹੈ। ਪੰਜਾਬੀ ਸੂਬੇ ਦੀ ਪ੍ਰਾਪਤੀ ਵਾਸਤੇ ਉਨ੍ਹਾਂ ਲੰਮਾ ਸਮਾਂ ਭੁੱਖ-ਹੜਤਾਲ ਵੀ ਕੀਤੀ। ਮਾਂ-ਬੋਲੀ ਪੰਜਾਬੀ ਦੀ ਸੇਵਾ 'ਚ ਵੀ ਮਾਸਟਰ ਤਾਰਾ ਸਿੰਘ ਜੀ ਨੇ ਚੋਖਾ ਹਿੱਸਾ ਪਾਇਆ। ਮਾਸਟਰ ਜੀ ਆਪਣੇ ਸਮੇਂ ਉੱਘੇ ਸਾਹਿਤਕਾਰ ਤੇ ਪੱਤਰਕਾਰ ਸਨ। ਸਾਹਿਤਕਾਰ ਵਜੋਂ ਉਨ੍ਹਾਂ ਨੇ ਦੋ ਨਾਵਲ, ਤਿੰਨ ਲੇਖ ਸੰਗ੍ਰਹਿ, ਸਫ਼ਰਨਾਮਾ, ਸਵੈ-ਜੀਵਨੀ ਆਦਿ ਪੁਸਤਕਾਂ ਲਿਖੀਆਂ। ਪੱਤਰਕਾਰ ਵਜੋਂ 'ਸੱਚ ਦਾ ਢੰਡੋਰਾ', 'ਅਕਾਲੀ' ਤੇ 'ਪ੍ਰਦੇਸੀ', 'ਜਥੇਦਾਰ' ਆਦਿ ਹਫ਼ਤਾਵਾਰੀ ਅਖਬਾਰਾਂ ਸ਼ੁਰੂ ਕੀਤੀਆਂ। ੧੯੪੯ ਈ. ਵਿਚ ਮਾਸਟਰ ਜੀ ਨੇ ਪੰਥਕ ਮੈਗਜ਼ੀਨ 'ਸੰਤ ਸਿਪਾਹੀ' ਸ਼ੁਰੂ ਕੀਤਾ ਜੋ ਨਿਰੰਤਰ ਜਾਰੀ ਹੈ। ਮਾਸਟਰ ਤਾਰਾ ਸਿੰਘ ਜੀ ਇਕ ਵਾਹਦ ਨੇਤਾ ਸਨ ਜਿਨ੍ਹਾਂ ਤੋਂ ਅੰਗਰੇਜ਼ ਹਾਕਮ, ਹਿੰਦੂ ਤੇ ਮੁਸਲਮ ਨੇਤਾ ਭੈਅ ਖਾਂਦੇ ਸਨ। ਧਰਮ ਤੇ ਰਾਜਨੀਤੀ 'ਚ ਉਨ੍ਹਾਂ ਨੇ ਸੁਆਰਥ ਤੇ ਲਾਲਚ ਨੂੰ ਨੇੜੇ ਨਹੀਂ ਢੁੱਕਣ ਦਿੱਤਾ। ਕਿਹਾ ਜਾਂਦਾ ਹੈ ਕਿ ਮਾਸਟਰ ਜੀ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੀ ਪ੍ਰਧਾਨਗੀ ਸਮੇਂ ਪੈਂਨ ਦੀ ਸਿਆਹੀ ਵੀ ਦਫ਼ਤਰੀ ਨਹੀਂ ਸਨ ਵਰਤਦੇ।

■

# ਭਲਾ ਕਰਨ ਦੀ ਪ੍ਰੇਰਨਾ

*-ਡਾ. ਇੰਦਰਜੀਤ ਸਿੰਘ ਗੋਗੋਆਣੀ**

*ਆਪਨੇ ਸਿਰ ਪਰ ਧੂਪ ਸਹਿ ਬ੍ਰਿਖ ਔਰ ਸੁਖ ਦੇਤ।*
*ਤਿਉ ਤਨ ਪਰ ਦੁਖ ਕੋਟ ਲੈ ਸੁਜਨ ਔਰ ਸੁਖ ਹੇਤ। (ਨੀਤੀ ਪ੍ਰਕਾਸ਼)*

ਸੰਸਾਰ ਭਰ ਦੇ ਭਲੇ ਪੁਰਸ਼ਾਂ ਨੇ ਮਨੁੱਖਤਾ ਨੂੰ ਸਦਾ ਹੀ ਭਲਿਆਈ ਕਰਨ ਦਾ ਉਪਦੇਸ਼ ਦਿੱਤਾ ਹੈ। ਕਾਰਨ ਵੀ ਸਪਸ਼ਟ ਹੈ ਕਿ ਮਨੁੱਖੀ ਸੁਭਾਅ ਬੁਰਿਆਈ ਵੱਲ ਜਲਦੀ ਪ੍ਰੇਰਿਤ ਹੁੰਦਾ ਹੈ ਅਤੇ ਚੰਗਿਆਈ ਲਈ ਇਸ ਨੂੰ ਪ੍ਰੇਰਨਾ ਪੈਂਦਾ ਹੈ। ਧਰਮ-ਕਰਮ, ਪੂਜਾ-ਪਾਠ, ਪੁੰਨ, ਨੇਕੀ, ਚੰਗੇ ਪ੍ਰਵਚਨ, ਧਰਮ-ਅਸਥਾਨ ਤੇ ਧਰਮ-ਗ੍ਰੰਥ ਭਲਾ ਕਰਨ ਦੀ ਭਾਵਨਾ ਪ੍ਰਪੱਕ ਕਰਨ ਵਾਲੇ ਚਾਨਣ-ਮੁਨਾਰੇ ਹਨ। ਫਿਰ ਸੁਚੇਤ ਵਰਗ ਨੇ ਮਨੁੱਖ ਨੂੰ ਆਪਣੇ ਪੂਰਵਜਾਂ ਦੇ ਇਤਿਹਾਸ ਦੀਆਂ ਕਥਾਵਾਂ, ਉਸ ਦੇ ਆਲੇ-ਦੁਆਲੇ ਤੇ ਆਮ ਜਨ-ਜੀਵਨ ਵਿੱਚੋਂ ਉਦਾਹਰਣਾਂ ਦੇ-ਦੇ ਕੇ ਸਮਝਾਉਣਾ ਚਾਹਿਆ ਕਿ ਜਿਵੇਂ ਫਲਦਾਰ ਰੁੱਖਾਂ ਨੂੰ ਕੋਈ ਵੱਟੇ ਵੀ ਮਾਰੇ ਤਾਂ ਉਹ ਵੱਟੇ ਮਾਰਨ ਵਾਲੇ ਨੂੰ ਵੀ ਅੱਗੋਂ ਮਿੱਠੇ ਫਲ ਦਿੰਦੇ ਹਨ। ਗੰਨਾ ਵੇਲਣੇ ਵਿਚ ਪੀੜਿਆ ਜਾਣ ਦੇ ਬਾਵਜੂਦ ਵੀ ਭਲਿਆਈ ਕਰਦਾ ਹੋਇਆ ਮਿੱਠਾ ਰਸ ਦਿੰਦਾ ਹੈ। ਸਰ੍ਹੋਂ ਆਪਣੇ ਆਪ ਨੂੰ ਕੋਹਲੂ ਵਿਚ ਪਿੜਾ ਕੇ ਵੀ ਤੇਲ ਬਖ਼ਸ਼ਦੀ ਹੈ ਤੇ ਤੇਲ ਹੋਰ ਨਿਆਮਤਾਂ ਦੇ ਨਾਲ-ਨਾਲ ਦੀਵੇ ਵਿਚ ਜਲ਼ ਕੇ ਪ੍ਰਕਾਸ਼ ਕਰਦਾ ਹੋਇਆ ਹਨ੍ਹੇਰਾ ਦੂਰ ਕਰਦਾ ਹੋਇਆ ਲੋਕਾਈ ਵਾਸਤੇ ਲਾਹੇਵੰਦ ਸਿੱਧ ਹੁੰਦਾ ਹੈ।

ਸਭ ਧਰਮਾਂ ਦੇ ਪੀਰਾਂ-ਪੈਗੰਬਰਾਂ ਦੀਆਂ ਭਲਾ ਕਰਨ ਦੀਆਂ ਕਥਾਵਾਂ ਲੋਕ-ਸਾਹਿਤ ਦਾ ਭਾਗ ਬਣੀਆਂ। ਇਸ ਤੋਂ ਪਹਿਲਾਂ ਮੌਖਿਕ ਸਾਹਿਤ ਵੀ ਪੀੜ੍ਹੀ-ਦਰ-ਪੀੜ੍ਹੀ ਸਮਾਜ ਦਾ ਪ੍ਰੇਰਨਾ-ਸ੍ਰੋਤ ਰਿਹਾ ਹੈ। ਸਿੱਖ-ਸਾਹਿਤ ਵਿਚ ਗੁਰੂ ਸਾਹਿਬਾਨ ਦੀਆਂ ਜੀਵਨ-ਸਾਖੀਆਂ ਤੇ ਯੋਧਿਆਂ-ਸੂਰਬੀਰਾਂ ਦਾ ਇਤਿਹਾਸ ਚਾਨਣ-ਮੁਨਾਰਾ ਬਣਿਆ। ਮਹਾਰਾਜਾ ਰਣਜੀਤ ਸਿੰਘ ਦਾ ਬੇਰੀ ਨੂੰ ਵੱਟੇ ਮਾਰਨ ਵਾਲੇ ਬੱਚਿਆਂ ਤੋਂ ਵੱਟਾ ਖਾ ਕੇ ਵੀ ਸੋਨੇ ਦੀਆਂ ਮੋਹਰਾਂ ਦੇਣੀਆਂ ਉਨ੍ਹਾਂ ਦੇ ਪਰਉਪਕਾਰੀ ਤੇ ਭਲੇ ਸੁਭਾਅ ਦਾ ਵਰਣਨ ਹੈ। ਬਾਬਾ ਫਰੀਦ ਜੀ ਵੱਲੋਂ ਬੁਰੇ ਦਾ ਭਲਾ ਕਰਨ ਦਾ ਉਪਦੇਸ਼ ਤੇ ਸਿੱਖ-ਪੰਥ ਦੀ ਅਰਦਾਸ ਵਿਚ ਸਰਬੱਤ ਦਾ ਭਲਾ ਮੰਗਣਾ ਭਲਾਈ ਕਰਨ ਦੀ ਪ੍ਰੇਰਨਾ ਹੀ ਹੈ। ਭਲਾ ਪੁਰਸ਼ ਫੁੱਲਾਂ ਵਾਂਗ, ਸੂਰਜ-ਚੰਦ੍ਰਮਾ ਅਤੇ ਹਵਾ-ਪਾਣੀ ਵਾਂਗ ਸਭਨਾਂ ਨਾਲ ਬਰਾਬਰ ਵਰਤਾਉ ਕਰਦਾ ਹੈ।

ਉਪਰੋਕਤ ਦੋਹਰਾ ਗਿਆਨੀ ਦਿੱਤ ਸਿੰਘ ਰਚਿਤ ਪੁਸਤਕ 'ਨੀਤੀ ਪ੍ਰਕਾਸ਼'

** # ੧/੧੬੦, ਪ੍ਰਤਾਪ ਐਵੀਨਿਊ, ਜੀ.ਟੀ. ਰੋਡ, ਅੰਮ੍ਰਿਤਸਰ। ਮੋ: ੯੮੧੫੯-੮੫੫੫੯.*

ਵਿਚ ਹੈ। ਇਸ ਵਿਚ ਭਲੇ ਪੁਰਸ਼ ਦੀ ਭਲਿਆਈ ਕਰਨ ਦੀ ਤਸ਼ਬੀਹ ਰੁੱਖ ਨਾਲ ਦਿੱਤੀ ਹੈ, ਜੋ ਆਪਣੇ ਸਿਰ ਉੱਪਰ ਧੁੱਪ ਤੇ ਕਸ਼ਟ ਸਹਿ ਕੇ ਵੀ ਹੋਰਨਾਂ ਨੂੰ ਠੰਡੀ ਛਾਂ, ਫਲ, ਫੁੱਲ ਤੇ ਸੁਖ ਬਖਸ਼ਦਾ ਹੈ। ਇਸੇ ਤਰ੍ਹਾਂ ਭਲੇ ਪੁਰਸ਼ ਵੀ ਆਪਣੇ ਸਰੀਰ ਉੱਪਰ ਕਰੋੜਾਂ ਦੁਖ ਸਹਿ ਕੇ ਵੀ ਹੋਰਨਾਂ ਨੂੰ ਸੁਖ ਦਿੰਦੇ ਹਨ।

ਚੰਗੇ ਸਮਾਜ ਦੀ ਸਿਰਜਣਾ ਲਈ ਮਨੁੱਖਤਾ ਦਾ ਸੁਭਾਅ ਇਸ ਤਰ੍ਹਾਂ ਦਾ ਹੋਣਾ ਅਤਿ ਜ਼ਰੂਰੀ ਹੈ। ਅਜੋਕੀ ਭੱਜ-ਦੌੜ ਵਿਚ ਇਨਸਾਨ ਦਾ ਇਨਸਾਨ ਪ੍ਰਤੀ ਨਜ਼ਰੀਆ, ਧੋਖਾ-ਧੜੀ, ਮਿਲਾਵਟਖੋਰੀ, ਲੁੱਟ-ਖਸੁੱਟ ਜਿਸ ਤਰ੍ਹਾਂ ਸਿਖਰ ਵੱਲ ਜਾ ਰਹੀ ਹੈ ਤਾਂ ਅਜਿਹੀ ਨੀਤੀ-ਕਥਾ ਦੀ ਸਾਰਥਿਕਤਾ ਹੋਰ ਵੀ ਵਧੇਰੇ ਮੁੱਲਵਾਨ ਹੋ ਜਾਂਦੀ ਹੈ।

■

## ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਚੰਦ ਪੁਰਾਣਾ) ਮੋਗਾ ਵਿਖੇ ਗੁਰਮਤਿ ਸਮਾਗਮ ਅਤੇ ਅੰਮ੍ਰਿਤ-ਸੰਚਾਰ

ਸੰਤ ਬਾਬਾ ਨਛੱਤਰ ਸਿੰਘ ਜੀ ਦੇ ਵਿਸ਼ੇਸ਼ ਉਪਰਾਲੇ ਸਦਕਾ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਚੰਦ ਪੁਰਾਣਾ) ਮੋਗਾ ਵਿਖੇ ਅੰਮ੍ਰਿਤ-ਸੰਚਾਰ ਕਰਾਇਆ ਗਿਆ ਜਿਸ ਵਿਚ ੫੧ ਪ੍ਰਾਣੀ ਗੁਰੂ ਵਾਲੇ ਬਣੇ। ਅੰਮ੍ਰਿਤ ਵੇਲੇ ਤੋਂ ਧਾਰਮਿਕ ਦੀਵਾਨ ਸਜਾਏ ਗਏ। ਢਾਡੀ ਜਥਿਆਂ, ਕਵੀਸ਼ਰ ਸਾਹਿਬਾਨ ਵੱਲੋਂ ਗੁਰ-ਇਤਿਹਾਸ ਸਰਵਣ ਕਰਵਾਇਆ ਗਿਆ। ਵਿਸ਼ੇਸ਼ ਤੌਰ ’ਤੇ ਭਾਈ ਲਖਵੀਰ ਸਿੰਘ ਮੋਗਾ (ਪ੍ਰਚਾਰਕ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਜਸਵੀਰ ਸਿੰਘ (ਢਾਡੀ ਜਥਾ) ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਵੱਲੋਂ ਸੰਗਤਾਂ ਨੂੰ ਅੰਮ੍ਰਿਤ ਦੀ ਮਹਾਨਤਾ, ਕਕਾਰਾਂ ਦੀ ਮਹਾਨਤਾ ਤੇ ਰਹਿਤ ਮਰਯਾਦਾ ਬਾਰੇ ਵਿਚਾਰ ਸਾਂਝੇ ਕੀਤੇ ਗਏ। ਬਾਬਾ ਨਛੱਤਰ ਸਿੰਘ ਜੀ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਭੇਟਾ ਰਹਿਤ ਕਕਾਰ ਤੇ ਸਿਰੋਪਾਉ ਦਿੱਤੇ ਗਏ। ਬਾਬਾ ਨਛੱਤਰ ਸਿੰਘ ਜੀ ਵੱਲੋਂ ਸੰਗਤਾਂ ਨੂੰ ਗੁਰਮਤਿ ਦੇ ਧਾਰਨੀ ਹੋਣ, ਗੁਰੂ-ਡੰਮ ਤੋਂ ਸੁਚੇਤ, ਕਰਮਕਾਂਡਾਂ ਤੋਂ ਬਚ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਦੀ ਪ੍ਰੇਰਨਾ ਕੀਤੀ ਗਈ। ਨੌਜਵਾਨਾਂ ਨੂੰ ਸਾਬਤ ਸੂਰਤ ਹੋਣ, ਨਸ਼ਿਆਂ ਦਾ ਤਿਆਗ ਕਰਕੇ ਗੁਰਸਿੱਖ ਸੱਜਣ ਦੀ ਭਰਪੂਰ ਪ੍ਰੇਰਨਾ ਕੀਤੀ ਗਈ। ਸਮਾਗਮ ਵਿਖੇ ਜਥੇਦਾਰ ਤੀਰਥ ਸਿੰਘ ਮਾਹਲਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਮੋਗਾ, ਜਥੇਦਾਰ ਇੰਦਰਜੀਤ ਸਿੰਘ ਭੰਗੇਰੀਆਂ ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਗੁਰਦੀਪ ਸਿੰਘ (ਪ੍ਰਧਾਨ ਬਿਰਧ ਆਸ਼ਰਮ, ਚੰਦ ਪੁਰਾਣਾ), ਭਾਈ ਦਰਸ਼ਨ ਸਿੰਘ (ਮੀਤ ਪ੍ਰਧਾਨ) ਗੁਰਦੁਆਰਾ ਪਾਤਿਸ਼ਾਹੀ ਛੇਵੀਂ ਡਰੋਲੀ ਭਾਈ ਤੇ ਇਲਾਕੇ ਦੇ ਪੰਚ ਸਰਪੰਚ ਅਤੇ ਅਕਾਲੀ ਵਰਕਰ ਵਿਸ਼ੇਸ਼ ਤੌਰ ’ਤੇ ਹਾਜ਼ਰ ਹੋਏ।

# ਨਫ਼ਰਤ ਨਹੀਂ, ਪਿਆਰ!

*-ਸ. ਸਵਰਨ ਸਿੰਘ ਕੋਮਲ**

ਹਰ ਬੰਦਾ ਏ ਰੂਪ ਰੱਬ ਦਾ, ਹਰ ਇਕ ਨੂੰ ਗਲਵਕੜੀ ਪਾਈਏ।
ਨਫ਼ਰਤ ਵੈਰ ਦਿਲਾਂ 'ਚੋਂ ਕੱਢ ਕੇ, ਕੇਵਲ ਮਾਨਵਤਾ ਅਪਣਾਈਏ।
ਮਾਨਵਤਾ ਦੀ, ਰਾਹ ਦੇ ਅੰਦਰ, ਨਫ਼ਰਤ ਨੇ, ਜੋ ਸੂਲ ਨੇ ਬੀਜੇ,
ਜੜ੍ਹਾਂ ਤੋਂ ਕੱਟ ਕੇ, ਉਨ੍ਹਾਂ ਦੀ ਥਾਂ, ਪ੍ਰੇਮ ਪਿਆਰ ਦੇ ਬੂਟੇ ਲਾਈਏ।
ਮਾਰੇ ਗਏ ਬੇਦੋਸ਼ੇ ਲੱਖਾਂ, ਨਫ਼ਰਤ ਕਾਰਨ ਦੁਨੀਆਂ ਅੰਦਰ,
ਮੁੜ ਨਾ ਪੈਦਾ ਹੋਵੇ ਜੱਗ 'ਤੇ, ਪਿਆਰ ਦੀ ਇਸ ਨੂੰ ਪੇਂਦ ਲਗਾਈਏ।
ਜਾਤ ਮਜ਼੍ਹਬ ਜਾਂ ਧਰਮ ਦੇ ਨਾਂ 'ਤੇ, ਜੋ ਮਨਾਂ ਦੇ ਅੰਦਰ ਬਣੀ ਹੈ ਦੂਰੀ,
ਆਓ ਸਾਰੇ ਫ਼ਰਕ ਮਿਟਾ ਕੇ, ਹਰ ਇਕ ਨੂੰ ਮਿਲ ਗਲੇ ਲਗਾਈਏ।
ਬੋਲੀ, ਰੰਗ ਜਾਂ ਨਸਲ ਦੇ ਕਾਰਨ, ਬੰਦਿਆਂ ਵਿਚ ਜੋ ਵੰਡੀਆਂ ਪਈਆਂ,
ਇਕ ਨੂੰ ਜਾਣ ਕੇ, ਇੱਕੋ ਬਣ ਕੇ, ਸਭਨਾਂ ਨੂੰ ਇੱਕ ਥਾਂ ਬਿਠਾਈਏ।
ਨਾ ਗ਼ਮ, ਫ਼ਿਕਰ ਕੋਈ ਹੋਵੇ ਜਿੱਥੇ, ਨਾ ਹੋਵੇ ਡਰ ਖ਼ੌਫ ਦਾ ਸਾਇਆ।
ਦਇਆ, ਧਰਮ, ਸੁਖ, ਸ਼ਾਂਤੀ ਹੋਵੇ, ਮਿਲ ਐਸਾ ਸੰਸਾਰ ਵਸਾਈਏ।
ਪ੍ਰੇਮ, ਨਿਮਰਤਾ, ਭਾਈਚਾਰਾ, ਆਪਣੇ ਜੀਵਨ ਵਿਚ ਅਪਣਾ ਕੇ,
ਸਿੱਖਿਆ ਢਾਲ ਕੇ ਕਰਮ 'ਚ ਗੁਰ ਦੀ, ਜੀਵਨ ਗੁਰਮਤਿ ਨਾਲ ਸਜਾਈਏ।
ਅਗਿਆਨ ਅੰਧੇਰਾ ਦੁਨੀਆਂ ਉੱਤੇ, ਜੋ ਥਾਂ-ਥਾਂ ਬੈਠਾ ਪੈਰ ਪਸਾਰੇ,
ਗੁਰਮਤਿ ਗਿਆਨ ਦੀ ਲੋਅ ਜਗਾ ਕੇ, ਰੂਹਾਂ ਉਸ ਤੋਂ ਮੁਕਤ ਕਰਾਈਏ।
ਮਾਣ ਗਰੂਰ 'ਚ ਫਸ ਕੇ ਬੰਦਾ, ਮੂਲ ਨੂੰ ਜੋ ਹੈ ਭੁੱਲਿਆ ਬੈਠਾ,
ਗਫਲਤ ਦੀ ਨੀਂਦ 'ਚੋਂ ਕੱਢ ਕੇ, ਜੀਵਨ-ਮਕਸਦ ਯਾਦ ਦਿਲਾਈਏ।
ਪਿਆਰ ਹੀ ਰੱਬ ਏ, ਪਿਆਰ ਖੁਦਾ ਏ, 'ਕੋਮਲ' ਸਭਨਾਂ ਨੂੰ ਸਮਝਾਈਏ।
ਨਫ਼ਰਤ ਵੈਰ ਨੂੰ ਦਿਲਾਂ 'ਚੋਂ ਕੱਢ ਕੇ, ਕੇਵਲ ਮਾਨਵਤਾ ਅਪਣਾਈਏ।

** C-5/119 A, Lawrence Road, Delhi. Mob. 99585-59899*

ਖ਼ਬਰਨਾਮਾ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਮਹਾਨ ਨਗਰ ਕੀਰਤਨ ਤੇ ਹੋਰ ਧਾਰਮਿਕ ਕਾਰਗੁਜ਼ਾਰੀਆਂ ਆਯੋਜਿਤ

ਅੰਮ੍ਰਿਤਸਰ : ੪ ਜਨਵਰੀ- ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਸਿੰਘ ਸਭਾ (ਰਜਿ:) ਤੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਕ ਵਿਸ਼ਾਲ ਨਗਰ ਕੀਰਤਨ ਆਯੋਜਿਤ ਕੀਤਾ ਗਿਆ।

ਸੁਨਹਿਰੀ ਪਾਲਕੀ 'ਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਚੌਰ ਦੀ ਸੇਵਾ ਨਿਭਾ ਰਹੇ ਸਨ। ਨਗਰ ਕੀਰਤਨ 'ਚ ਗਤਕਾ ਪਾਰਟੀਆਂ ਗਤਕੇ ਦੇ ਜੌਹਰ ਅਤੇ ਅਨੇਕਾਂ ਹੀ ਬੈਂਡ ਪਾਰਟੀਆਂ ਵੱਖ-ਵੱਖ ਸ਼ਬਦਾਂ ਦੀਆਂ ਮਧੁਰ ਧੁਨਾਂ ਵਜਾਉਂਦੀਆਂ ਤੇ ਵੱਖ-ਵੱਖ ਸ਼ਬਦ ਪੜ੍ਹਨ ਤੇ ਗਾਇਨ ਕਰਨ ਵਾਲੇ ਜਥੇ ਸ਼ਾਮਿਲ ਸਨ। ਗੁਰੂ ਕੀ ਨਗਰੀ ਦੀਆਂ ਸਮੂਹ ਸਭਾ-ਸੁਸਾਇਟੀਆਂ, ਜਥੇਬੰਦੀਆਂ, ਵਿੱਦਿਅਕ ਸੰਸਥਾਵਾਂ ਦੇ ਸਟਾਫ਼ ਤੇ ਵਿਦਿਆਰਥੀ ਸੁੰਦਰ ਵਰਦੀਆਂ ਪਾ ਕੇ ਹੱਥਾਂ ਵਿਚ ਵੱਖ-ਵੱਖ ਸਮਾਜਿਕ ਬੁਰਾਈਆਂ ਸੰਬੰਧੀ ਚੇਤਨਤਾ ਪੈਦਾ ਕਰਦੇ ਬੈਨਰ ਫੜੀ ਅਤੇ ਇਲਾਕੇ ਦੀਆਂ ਪ੍ਰਤਿਸ਼ਠ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਸ਼ਖ਼ਸੀਅਤਾਂ ਸ਼ਰਧਾ ਤੇ ਸਤਿਕਾਰ ਸਹਿਤ ਸ਼ਾਮਿਲ ਹੋਈਆਂ। ਨਗਰ ਕੀਰਤਨ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਉਂਕਾਰ ਸਿੰਘ ਸ਼ਰੀਫਪੁਰਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ. ਹਰਦਲਬੀਰ ਸਿੰਘ ਸ਼ਾਹ, ਸਕੱਤਰ ਸ. ਦਲਮੇਘ ਸਿੰਘ ਤੇ ਸ. ਜੋਗਿੰਦਰ ਸਿੰਘ, ਕਾਰਪੋਰੇਸ਼ਨ ਦੇ ਮੇਅਰ ਸ੍ਰੀ ਸ਼ਵੇਤ ਮਲਿਕ, ਕੌਂਸਲਰ ਸ. ਕੰਵਲਨੈਨ ਸਿੰਘ ਗੁੱਲੂ, ਸਾਬਕਾ ਕੌਂਸਲਰ ਸ. ਜਰਨੈਲ ਸਿੰਘ ਮੀਤ ਸਕੱਤਰ ਸ. ਮਨਜੀਤ ਸਿੰਘ, ਸ. ਦਿਲਬਾਗ ਸਿੰਘ, ਸ. ਹਰਭਜਨ ਸਿੰਘ, ਸ. ਕੁਲਦੀਪ ਸਿੰਘ, ਸ. ਜਸਪਾਲ ਸਿੰਘ, ਸ. ਗੁਰਚਰਨ ਸਿੰਘ ਘਰਿੰਡਾ ਤੇ ਸ. ਬਲਕਾਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਸ਼ਹਿਰ ਦੇ ਪਤਵੰਤੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਰਮ ਪ੍ਰਚਾਰ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦਾ ਸਟਾਫ਼ ਮੌਜੂਦ ਸੀ।

## ੧੯੮੪ 'ਚ ਦਿੱਲੀ ਵਿਖੇ ਹੋਏ ਸਿੱਖ ਕਤਲੇਆਮ ਤੋਂ ਪੀੜਤ ਪਰਵਾਰਾਂ ਦੀ ਕਾਨੂੰਨੀ ਮਦਦ ਦੀ ਨਿਸ਼ਾਨਦੇਹੀ ਲਈ ਕਮੇਟੀ ਗਠਤ

ਅੰਮ੍ਰਿਤਸਰ: ੨੪ ਦਸੰਬਰ- ਨਵੰਬਰ ੧੯੮੪ 'ਚ ਦਿੱਲੀ ਵਿਖੇ ਹੋਏ ਸਿੱਖ ਕਤਲੇਆਮ ਤੋਂ ਪੀੜਤ ਪਰਵਾਰਾਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਵੱਲੋਂ ਕਾਨੂੰਨੀ ਮਦਦ ਲਈ ਪੰਜ-ਮੈਂਬਰੀ ਕਮੇਟੀ ਗਠਤ ਕੀਤੀ ਗਈ ਹੈ ਜੋ ਅਜਿਹੇ ਲੋੜਵੰਦ ਪਰਵਾਰਾਂ ਦੀ ਸਹਾਇਤਾ ਲਈ ਸ਼੍ਰੋਮਣੀ ਕਮੇਟੀ ਨੂੰ ਸਿਫਾਰਸ਼ ਕਰੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਥੋਂ ਜਾਰੀ ਇਕ ਪ੍ਰੈਸ ਰੀਲੀਜ਼ 'ਚ ਕੀਤਾ।

ਉਨ੍ਹਾਂ ਕਿਹਾ ਕਿ ਜਥੇਦਾਰ ਅਵਤਾਰ ਸਿੰਘ ਹਿੱਤ, ਸ. ਕੁਲਦੀਪ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਸ. ਮਨਜੀਤ ਸਿੰਘ ਜੀ.ਕੇ., ਸ. ਉਂਕਾਰ ਸਿੰਘ ਅਤੇ ਸ. ਮਨਜਿੰਦਰ ਸਿੰਘ ਸਿਰਸਾ 'ਤੇ ਅਧਾਰਿਤ ਇਸ ਪੰਜ-ਮੈਂਬਰੀ ਕਮੇਟੀ ਵੱਲੋਂ ਨਵੰਬਰ ੧੯੮੪ 'ਚ ਹੋਏ ਸਿੱਖ-ਕਤਲੇਆਮ ਤੋਂ ਪੀੜਤ ਅਜਿਹੇ ਲੋੜਵੰਦ ਪਰਵਾਰਾਂ ਦੇ ਕੇਸਾਂ 'ਚ ਕਾਨੂੰਨੀ ਜਾਂ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਆਦਿ ਲਈ ਸਹਾਇਤਾ ਸੰਬੰਧੀ ਸ਼੍ਰੋਮਣੀ ਕਮੇਟੀ ਨੂੰ ਕੀਤੀ ਸਿਫਾਰਸ਼ ਦੇ ਅਧਾਰ 'ਪੁਰ ਇਨ੍ਹਾਂ ਪਰਵਾਰਾਂ ਦੀ ਮਦਦ ਕੀਤੀ ਜਾਵੇਗੀ।

## ਸਿੱਖ ਵਕੀਲ ਦੇ ਕੇਸਾਂ ਦੀ ਬੇਅਦਬੀ ਨਾਲ ਸਿੱਖ ਭਾਈਚਾਰੇ 'ਚ ਭਾਰੀ ਰੋਸ- ਜਥੇ: ਅਵਤਾਰ ਸਿੰਘ

ਅੰਮ੍ਰਿਤਸਰ: ੩੦ ਨਵੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਪਾਕਿਸਤਾਨ ਵਿਚ ਇਸਲਾਮਾਬਾਦ ਵਿਖੇ ਸਿਵਲ ਕੋਰਟ ਦੇ ਸਿੱਖ ਵਕੀਲ ਸ. ਅਨੂਪ ਸਿੰਘ ਦੀ ਕੁੱਟਮਾਰ ਅਤੇ ਉਸ ਦੇ ਕੇਸਾਂ ਦੀ ਬੇਅਦਬੀ ਕੀਤੇ ਜਾਣ ਦੀ ਘਟਨਾ 'ਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੂੰ ਇਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਪਾਕਿਸਤਾਨ 'ਚ ਵੱਸਦੇ ਘੱਟ-ਗਿਣਤੀ ਸਿੱਖਾਂ ਦੇ ਨਾਲ ਨਸਲੀ ਵਿਤਕਰੇ ਰੋਕਣ ਅਤੇ ਉਨ੍ਹਾਂ ਦੇ ਜਾਨ-ਮਾਲ ਦੀ ਸੁਰੱਖਿਆ ਲਈ ਪਾਕਿਸਤਾਨ ਸਰਕਾਰ 'ਤੇ ਦਬਾਅ ਪਾਉਣ।

ਇਥੋਂ ਜਾਰੀ ਇਕ ਪ੍ਰੈਸ ਰੀਲੀਜ਼ 'ਚ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸ. ਅਨੂਪ ਸਿੰਘ 'ਤੇ ਤਸ਼ੱਦਦ ਕਰਨ ਉਪਰੰਤ ਉਸ ਦੇ ਕੇਸ ਕਤਲ ਕਰ ਦਿੱਤੇ ਜਾਣ ਕਾਰਨ ਸਿੱਖ ਹਿਰਦਿਆਂ ਨੂੰ ਭਾਰੀ ਠੇਸ ਪੁੱਜੀ ਹੈ ਅਤੇ ਸਮੁੱਚੇ ਸਿੱਖਾਂ 'ਚ ਭਾਰੀ ਰੋਸ ਤੇ ਰੋਹ ਪਾਇਆ ਜਾ ਰਿਹਾ ਹੈ। ਉਨ੍ਹਾਂ ਦਿੱਲੀ ਸਥਿਤ ਪਾਕਿਸਤਾਨ ਦੇ ਹਾਈ ਕਮਿਸ਼ਨ ਰਾਹੀਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜਨਾਬ ਯੂਸਫ ਰਜ਼ਾ ਗਿਲਾਨੀ ਨੂੰ ਵੀ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਇਸ ਘਟਨਾ ਦੇ ਦੋਸ਼ੀਆਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕਰਦਿਆਂ ਸ. ਅਨੂਪ ਸਿੰਘ ਨੂੰ ਇਨਸਾਫ ਅਤੇ ਪਾਕਿਸਤਾਨ 'ਚ ਵੱਸਦੇ ਸਮੂਹ ਸਿੱਖ ਭਾਈਚਾਰੇ ਦੀ ਧਾਰਮਿਕ ਆਜ਼ਾਦੀ ਤੇ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ■

# ਧਰਮ ਪ੍ਰਚਾਰ ਕਮੇਟੀ ਦੀਆਂ ਧਰਮ ਪ੍ਰਚਾਰ ਸਰਗਰਮੀਆਂ

## ਹਲਕਾ ਨਿਹਾਲ ਸਿੰਘ ਵਾਲਾ ਵਿਖੇ ਗੁਰਮਤਿ ਸਮਾਗਮ ਤੇ ਅੰਮ੍ਰਿਤ-ਸੰਚਾਰ

ਹਲਕਾ ਨਿਹਾਲ ਸਿੰਘ ਵਾਲਾ ਵਿਖੇ ਜਥੇਦਾਰ ਗੁਰਮੇਲ ਸਿੰਘ ਸੰਗਤਪੁਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਿਤੀ ੧੦ ਨਵੰਬਰ ੨੦੦੯ ਤੋਂ ੨੮ ਦਸੰਬਰ ੨੦੦੯ ਤਕ ਵੱਖ-ਵੱਖ ਨਗਰਾਂ ਵਿਖੇ ਅੰਮ੍ਰਿਤ-ਵੇਲੇ ਤੇ ਸ਼ਾਮ ਦੇ ਦੀਵਾਨ ਸਜਾਏ ਗਏ ਜਿਸ ਵਿਚ ਭਾਈ ਲਖਵੀਰ ਸਿੰਘ ਮੋਗਾ (ਕਥਾਵਾਚਕ), ਭਾਈ ਖਜ਼ਾਨ ਸਿੰਘ (ਪ੍ਰਚਾਰਕ), ਭਾਈ ਨਿਰੰਜਣ ਸਿੰਘ ਕਵੀਸ਼ਰ, ਭਾਈ ਜਸਵੀਰ ਸਿੰਘ ਦੇ ਢਾਡੀ ਜਥੇ ਵੱਲੋਂ ਸੰਗਤਾਂ ਨੂੰ ਗੁਰ-ਇਤਿਹਾਸ/ਗੁਰਬਾਣੀ ਨਾਲ ਜੋੜਿਆ ਗਿਆ। ਅੰਮ੍ਰਿਤ ਛਕਣ ਦੀ ਭਰਪੂਰ ਪ੍ਰੇਰਨਾ ਕੀਤੀ ਗਈ। ਧਾਰਮਿਕ ਫਿਲਮਾਂ ਵੀ ਦਿਖਾਈਆਂ ਗਈਆਂ। ੨੯-੧੨-੨੦੦੯ ਨੂੰ ਗੁਰਦੁਆਰਾ ਨਾਨਕਸਰ ਤਖਤੂਪੁਰਾ (ਮੋਗਾ) ਵਿਖੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਵੱਲੋਂ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ੭੧ ਪ੍ਰਾਣੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕੀਤੀ ਗਈ। ਅੰਮ੍ਰਿਤ-ਅਭਿਲਾਖੀਆਂ ਨੂੰ ਭੇਟਾ ਰਹਿਤ ਕਕਾਰ, ਫ੍ਰੀ ਲਿਟਰੇਚਰ ਵੀ ਦਿੱਤਾ ਗਿਆ। ਸਮਾਗਮ ਸਮੇਂ ਵਿਸ਼ੇਸ਼ ਤੌਰ ’ਤੇ ਜਥੇਦਾਰ ਤੋਤਾ ਸਿੰਘ ਸਾਬਕਾ ਸਿੱਖਿਆ ਮੰਤਰੀ, ਜਥੇਦਾਰ ਤੀਰਥ ਸਿੰਘ ਮਾਹਲਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਜਥੇਦਾਰ ਹਰਿੰਦਰ ਸਿੰਘ ਰਣੀਆ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬੀਬੀ ਕੁਲਵਿੰਦਰ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਵਰਕਰ ਵਿਸ਼ੇਸ਼ ਤੌਰ ’ਤੇ ਪੁੱਜੇ। ਜਥੇਦਾਰ ਗੁਰਮੇਲ ਸਿੰਘ ਜੀ ਵੱਲੋਂ ਪ੍ਰਚਾਰਕਾਂ, ਢਾਡੀ ਸਾਹਿਬਾਨ, ਕਵੀਸ਼ਰ ਸਾਹਿਬਾਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੁੱਜੇ ਸਮੂਹ ਸਟਾਫ ਦਾ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਹਰਜਿੰਦਰ ਸਿੰਘ, ਭਾਈ ਬਲਕਾਰ ਸਿੰਘ (ਹੈੱਡ ਗ੍ਰੰਥੀ) ਤੇ ਗੁਰਦੁਆਰਾ ਸਾਹਿਬ ਦੇ ਸਟਾਫ ਵੱਲੋਂ ਬਹੁਤ ਵਧੀਆ ਢੰਗ ਨਾਲ ਸਾਰੇ ਸਮਾਗਮ ਦਾ ਪ੍ਰਬੰਧ ਕੀਤਾ ਗਿਆ।

## ਗੁਰਦੁਆਰਾ ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਭਾਈ ਜੋਗਾ ਸਿੰਘ ਹੈੱਡ ਗ੍ਰੰਥੀ ਦੀ ਰਿਪੋਰਟ ਅਨੁਸਾਰ ਮਿਤੀ ੧੬-੧੨-੦੯ ਨੂੰ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮੇਂ ੬੮ ਪ੍ਰਾਣੀ ਅੰਮ੍ਰਿਤਪਾਨ ਕਰ ਗੁਰੂ ਦੇ ਲੜ ਲੱਗੇ।

## ਗੁਰਦੁਆਰਾ ਸਿੰਘ ਸਭਾ ਨੀਲੋਖੇੜੀ (ਕਰਨਾਲ) ਵਿਖੇ ਅੰਮ੍ਰਿਤ-ਸੰਚਾਰ ਅਤੇ ਕੀਰਤਨ ਸਮਾਗਮ

ਸਿੱਖ ਮਿਸ਼ਨ ਹਰਿਆਣਾ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਲਹਿਰ ਨੂੰ ਅੱਗੇ ਤੋਰਦਿਆਂ ਹੋਇਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਮਹਾਨ ਕੀਰਤਨ ਸਮਾਗਮ ਅਤੇ ਅੰਮ੍ਰਿਤ-ਸੰਚਾਰ ਸਮਾਗਮ ਮਿਤੀ ੨੦ ਦਸੰਬਰ

੨੦੦੯ ਦਿਨ ਐਤਵਾਰ ਨੂੰ ੧੧ ਵਜੇ ਤੋਂ ਦੁਪਹਿਰ ੨ ਵਜੇ ਤਕ ਗੁਰਦੁਆਰਾ ਸਿੰਘ ਸਭਾ ਨੀਲੋਖੇੜੀ (ਕਰਨਾਲ) ਵਿਖੇ ਕਰਵਾਇਆ ਗਿਆ ਜਿਸ ਵਿਚ ਭਾਈ ਲਖਵਿੰਦਰ ਸਿੰਘ, ਭਾਈ ਗੁਰਕੀਰਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਭਾਈ ਪਰਤਾਪ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਅਤੇ ਭਾਈ ਪਰਮਿੰਦਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸਿੰਘ ਸਭਾ, ਨੀਲੋਖੇੜੀ (ਕਰਨਾਲ) ਨੇ ਸੰਗਤਾਂ ਨੂੰ ਮਨੋਹਰ ਕੀਰਤਨ ਰਾਹੀਂ ਨਿਹਾਲ ਕੀਤਾ। ਸਿੱਖ ਮਿਸ਼ਨ ਹਰਿਆਣਾ ਵੱਲੋਂ ਗੁਰਦੁਆਰਾ ਸਿੰਘ ਸਭਾ ਨੀਲੋਖੇੜੀ ਵਿਖੇ ਅੰਮ੍ਰਿਤ-ਸੰਚਾਰ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿਚ ੩੩ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤੀ ਅਤੇ ਗੁਰੂ ਵਾਲੇ ਬਣੇ। ਅੰਮ੍ਰਿਤ ਅਭਿਲਾਖੀਆਂ ਨੂੰ ਸਿੱਖ ਮਿਸ਼ਨ ਹਰਿਆਣਾ ਵੱਲੋਂ ਕਕਾਰ ਭੇਟਾ ਰਹਿਤ ਦਿੱਤੇ ਗਏ। ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ) ਤੋਂ ਆਏ ਪੰਜ ਪਿਆਰੇ ਸਾਹਿਬਾਨ ਨੇ ਅੰਮ੍ਰਿਤ-ਅਭਿਲਾਖੀਆਂ ਨੂੰ ਅੰਮ੍ਰਿਤ ਛਕਾਇਆ ਅਤੇ ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦਿੱਤੀ।

ਇਸ ਮਹਾਨ ਕੀਰਤਨ ਸਮਾਗਮ ਦੇ ਪ੍ਰਚਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੧੫ ਦਿਨ ਲਗਾਤਾਰ ਭਾਈ ਜਰਨੈਲ ਸਿੰਘ ਡਰਾਈਵਰ ਅਤੇ ਭਾਈ ਦਿਲਬਾਗ ਸਿੰਘ ਫਿਲਮ ਉਪਰੇਟਰ ਦੀ ਡਿਊਟੀ ਵੀਡੀਓ ਵੈਨ ਰਾਹੀਂ ਆਸ-ਪਾਸ ਦੇ ਪਿੰਡਾਂ, ਨਗਰਾਂ ਵਿਚ ਜਾ ਕੇ ਸੰਗਤਾਂ ਨੂੰ ਧਾਰਮਿਕ ਫਿਲਮਾਂ ਦਿਖਾਉਣ ਹਿਤ ਅਤੇ ਸਿੱਖ ਧਰਮ ਦੇ ਪ੍ਰਚਾਰ ਕਰਨ ਲਈ ਲਗਾਈ ਗਈ। ਸਿੱਖ ਮਿਸ਼ਨ ਦੇ ਪ੍ਰਚਾਰਕ ਭਾਈ ਰਣਜੀਤ ਸਿੰਘ ਅਤੇ ਗੁਰਦੁਆਰਾ ਸਿੰਘ ਸਭਾ ਨੀਲੋਖੇੜੀ ਦੇ ਪ੍ਰਧਾਨ ਸ. ਰਜਿੰਦਰ ਸਿੰਘ, ਪ੍ਰਬੰਧਕ ਸ. ਗੁਰਦੇਵ ਸਿੰਘ, ਸ. ਕਰਤਾਰ ਸਿੰਘ, ਸ. ਪ੍ਰਸ਼ੋਤਮ ਸਿੰਘ ਨੇ ਵੀ ਇਨ੍ਹਾਂ ਨਾਲ ਮਿਲ ਕੇ ਕੀਰਤਨ ਸਮਾਗਮ ਅਤੇ ਗੁਰਮਤਿ ਦਾ ਪ੍ਰਚਾਰ ਕੀਤਾ। ਸ਼੍ਰੋਮਣੀ ਕਮੇਟੀ ਦੇ ਇਸ ਉਪਰਾਲੇ ਦਾ ਸੰਗਤਾਂ ਵਿਚ ਭਾਰੀ ਉਤਸ਼ਾਹ ਦੇਖਿਆ ਗਿਆ ਅਤੇ ਸੰਗਤਾਂ ਨੇ ਇਸ ਦਾ ਭਰਪੂਰ ਅਨੰਦ ਮਾਣਿਆ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਐਡਵੋਕੇਟ ਸ. ਸਤਵਿੰਦਰ ਸਿੰਘ ਤਰਾਰ ਦਾ ਖਾਸ ਸਨਮਾਨ ਕੀਤਾ ਗਿਆ ਜਿਨ੍ਹਾਂ ਨੇ ਪਿੰਡ ਟਕਾਲਾ (ਸ਼ਾਹਬਾਦ) ਦੇ ਗੁਰਦੁਆਰਾ ਸਾਹਿਬ ਵਿਖੇ ਕਿਸੇ ਸ਼ਰਾਰਤੀ ਅਨਸਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੇ ਦੋਸ਼ ਵਿਚ ਬਿਨਾਂ ਫੀਸ ਤੋਂ ਮੁਕੱਦਮਾ ਲੜਨ ਅਤੇ ਸਜ਼ਾ ਦਿਵਾਉਣ ਦਾ ਮਹਾਨ ਕਾਰਜ ਕੀਤਾ। ਇਸ ਤੋਂ ਇਲਾਵਾ ਤਿੰਨ ਬੱਚਿਆਂ ਨੂੰ ਵੀ ਸਿੱਖ ਮਿਸ਼ਨ ਹਰਿਆਣਾ ਵੱਲੋਂ ਸਿਰੋਪਾਉ ਅਤੇ ਵਿਸ਼ੇਸ਼ ਇਨਾਮ ਦਿੱਤੇ ਗਏ, ਜਿਨ੍ਹਾਂ ਨੂੰ ਸ਼ੁੱਧ ਗੁਰਬਾਣੀ ਕੰਠ ਸੀ। ਇਹ ਬੱਚੇ ਸਨ— ਭਾਈ ਅੰਮ੍ਰਿਤਜੀਤ ਸਿੰਘ, ਬੀਬਾ ਅਮਨਪ੍ਰੀਤ ਕੌਰ ਤੇ ਬੀਬਾ ਮਨਪ੍ਰੀਤ ਕੌਰ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਨੇ ਬੋਲਦਿਆਂ ਕਿਹਾ ਕਿ ਹਰਿਆਣਾ ਵਿਖੇ ਧਰਮ ਦੀ ਲਹਿਰ ਨੂੰ ਅੱਗੇ ਤੋਰਦਿਆਂ ਹੋਇਆਂ ਇਸ ਤਰ੍ਹਾਂ ਦੇ ਸਮਾਗਮ ਆਉਣ ਵਾਲੇ ਸਮੇਂ ਵਿਚ ਹੁੰਦੇ ਰਹਿਣਗੇ। ਸਮਾਗਮ ਦੀ ਸਮਾਪਤੀ ਮੌਕੇ ਸ. ਕਿਰਪਾਲ ਸਿੰਘ (ਇੰਚਾਰਜ, ਸਿੱਖ ਮਿਸ਼ਨ ਹਰਿਆਣਾ-ਹਿਮਾਚਲ) ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰ-ਇਤਿਹਾਸ ਬਾਰੇ ਚਾਨਣਾ ਪਾਇਆ ਤੇ ਦੱਸਿਆ ਕਿ ਸਿੱਖ ਮਿਸ਼ਨ ਦਾ ਮੁੱਖ ਉਦੇਸ਼ ਹੀ ਸਿੱਖ ਧਰਮ ਦਾ ਪ੍ਰਚਾਰ ਕਰਨਾ ਹੈ ਅਤੇ ਉਨ੍ਹਾਂ ਨੇ ਆਈਆਂ ਸੰਗਤਾਂ ਅਤੇ ਸਮੂਹ ਪ੍ਰਬੰਧਕਾਂ ਪ੍ਰਧਾਨ (ਗੁਰਦੁਆਰਾ ਸਿੰਘ ਸਭਾ, ਨੀਲੋਖੇੜੀ, ਕਰਨਾਲ), ਸ. ਰਜਿੰਦਰ ਸਿੰਘ, ਕੈਸ਼ੀਅਰ ਸ. ਬਲਬੀਰ ਸਿੰਘ ਆਤਿਸ਼, ਸ. ਗੁਰਚਰਨ ਸਿੰਘ, ਸ. ਸੁਖਵਿੰਦਰ ਸਿੰਘ, ਸ.

ਪ੍ਰਸ਼ੋਤਮ ਸਿੰਘ ਅਤੇ ਹੋਰ ਪ੍ਰਬੰਧਕਾਂ ਗੁਰਦੁਆਰਾ ਸਿੰਘ ਸਭਾ ਨੀਲੋਖੇੜੀ (ਕਰਨਾਲ) ਦਾ ਤਹਿ-ਦਿਲੋਂ ਧੰਨਵਾਦ ਕੀਤਾ। ਜਿਨ੍ਹਾਂ ਦੇ ਸਹਿਯੋਗ ਨਾਲ ਇਹ ਮਹਾਨ ਕੀਰਤਨ ਸਮਾਗਮ ਨੇਪਰੇ ਚੜ੍ਹ ਸਕਿਆ। ਇਸ ਤੋਂ ਉਪਰੰਤ ਭਾਈ ਅਮਨਦੀਪ ਸਿੰਘ (ਇਸਮਾਈਲਾਬਾਦ) ਜਿਸ ਨੇ ਮਿਸਟਰ ਸਿੰਘ ਇੰਟਰਨੈਸ਼ਨਲ ੨੦੦੯ ਮੁਕਾਬਲੇ ਵਿਚ ਟੈਲੇਂਟ ਐਵਾਰਡ ਅਤੇ ਸਟੀਲ ਮੈਨ ੨੦੦੯ ਦਾ ਖਿਤਾਬ ਹਾਸਲ ਕੀਤਾ ਹੈ ਉਸ ਨੇ ਸੰਗਤਾਂ ਨੂੰ ਆਪਣੇ ਜ਼ੌਹਰ ਵਿਖਾਏ ਅਤੇ ਬੱਚਿਆਂ ਨੇ ਗਤਕੇ ਦੀਆਂ ਕਈ ਖੇਡਾਂ ਵੀ ਵਿਖਾਈਆਂ। ਭਾਈ ਅਮਨਦੀਪ ਸਿੰਘ (ਇਸਮਾਈਲਾਬਾਦ) ਨੂੰ ਇਸ ਐਵਾਰਡ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ।

## ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵੱਖ-ਵੱਖ ਥਾਈਂ ਅੰਮ੍ਰਿਤ-ਸੰਚਾਰ

ਭਾਈ ਦਰਸ਼ਨ ਸਿੰਘ ਜੀ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਮਹੀਨਾ ਦਸੰਬਰ ੨੦੦੯ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਵੱਖ-ਵੱਖ ਥਾਵਾਂ 'ਤੇ ਹੋਏ ਅੰਮ੍ਰਿਤ-ਸੰਚਾਰ ਸਮਾਗਮਾਂ ਦੌਰਾਨ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਦਾ ਵੇਰਵਾ ਇਸ ਪ੍ਰਕਾਰ ਹੈ :

| ਮਿਤੀ | ਅਸਥਾਨ | ਪ੍ਰਾਣੀ |
|---|---|---|
| ੨-੧੨-੦੯ | ਸ੍ਰੀ ਗੋਇੰਦਵਾਲ ਸਾਹਿਬ (ਤਰਨਤਾਰਨ) | ੫੧ |
| ੨-੧੨-੦੯ | ਸ੍ਰੀ ਅਕਾਲ ਤਖ਼ਤ ਸਾਹਿਬ | ੧੪੧ |
| ੫-੧੨-੦੯ | ਪਿੰਡ ਕੂਟਾ, ਗੁਰਦਾਸਪੁਰ | ੨੭ |
| ੬-੧੨-੦੯ | ਸ੍ਰੀ ਅਕਾਲ ਤਖ਼ਤ ਸਾਹਿਬ | ੧੪੦ |
| ੯-੧੨-੦੯ | ਸ੍ਰੀ ਅਕਾਲ ਤਖ਼ਤ ਸਾਹਿਬ | ੧੨੭ |
| ੧੦-੧੨-੦੯ | ਪ੍ਰਚਾਰ ਵਹੀਰ ਹਲਕਾ ਫਿਰੋਜ਼ਪੁਰ | ੩੮ |
| ੧੧-੧੨-੦੯ | ਪਿੰਡ ਸੁਨਾਮ ਪੱਤਰਾ ਬਸਤੀ ਨੱਥੋਸ਼ਾਹ (ਫਿਰੋਜ਼ਪੁਰ) | ੩੦ |
| ੧੨-੧੨-੦੯ | ਪਿੰਡ ਨਸੀਰਾਂ ਖਿਲਚੀਆਂ (ਫਿਰੋਜ਼ਪੁਰ) | ੪੬ |
| ੧੩-੧੨-੦੯ | ਲੋਹੀਆਂ (ਜਲੰਧਰ) | ੨੫ |
| ੧੩-੧੨-੦੯ | ਸ੍ਰੀ ਅਕਾਲ ਤਖ਼ਤ ਸਾਹਿਬ | ੨੩੮ |
| ੧੩-੧੨-੦੯ | ਪਿੰਡ ਖੀਰਾ ਪੱਤਰਾ (ਫਿਰੋਜ਼ਪੁਰ) | ੪੦ |
| ੧੪-੧੨-੦੯ | ਗੁਰਦੁਆਰਾ ਬੀੜ ਬਾਬਾ ਬੁੱਢਾ ਜੀ, ਝਬਾਲ | ੭ |
| ੧੪-੧੨-੦੯ | ਪਿੰਡ ਬੁੱਕਣ ਖਾਵਣਾ (ਫਿਰੋਜ਼ਪੁਰ) | ੫੦ |
| ੧੫-੧੨-੦੯ | ਪਿੰਡ ਨੂਰਪੁਰ ਸੇਠਾ (ਫਿਰੋਜ਼ਪੁਰ) | ੨੭ |
| ੧੬-੧੨-੦੯ | ਗੁਰਦੁਆਰਾ ਬੇਰ ਸਾਹਿਬ, ਸੁਲਤਾਨਪੁਰ ਲੋਧੀ | ੬੮ |
| ੧੬-੧੨-੦੯ | ਸ੍ਰੀ ਅਕਾਲ ਤਖ਼ਤ ਸਾਹਿਬ | ੧੧੩ |
| ੧੬-੧੨-੦੯ | ਪਿੰਡ ਝੋਕਹਰੀਹਰ (ਫਿਰੋਜ਼ਪੁਰ) | ੮੫ |
| ੨੦-੧੨-੦੯ | ਸ੍ਰੀ ਅਕਾਲ ਤਖ਼ਤ ਸਾਹਿਬ | ੧੪੨ |
| ੨੦-੧੨-੦੯ | ਪਿੰਚ ਚੀਮਾ ਖੁੱਡੀ (ਗੁਰਦਾਸਪੁਰ) | ੫੮ |
| ੨੩-੧੨-੦੯ | ਪਿੰਡ ਸੈਦੋਲਹਿਲ, ਖਜ਼ਾਲਾ (ਅੰਮ੍ਰਿਤਸਰ) | ੬੭ |
| ੨੩-੧੨-੦੯ | ਸ੍ਰੀ ਅਕਾਲ ਤਖ਼ਤ ਸਾਹਿਬ | ੨੬੫ |

| | | |
|---|---|---|
| ੨੪-੧੨-੦੯ | ਦੇਵਪੁਰੀ ਧਨੰਤਰੀ ਰੋਡ, ਛੱਤੀਸਗੜ੍ਹ | ੮੦ |
| ੨੭-੧੨-੦੯ | ਸ੍ਰੀ ਅਕਾਲ ਤਖ਼ਤ ਸਾਹਿਬ | ੧੧੪ |
| ੨੮-੧੨-੦੯ | ਬਿਲਾਸਪੁਰ ਛੱਤੀਸਗੜ੍ਹ | ੧੯੩ |
| ੨੯-੧੨-੦੯ | ਬਿਰਧ ਬਾਬਾ ਡੋਨੇਗਾਉ | ੧੧੦ |
| ੩੦-੧੨-੦੯ | ਪਿੰਡ ਬੱਦੋਵਾਲ | ੬੫ |
| ੩੦-੧੨-੦੯ | ਰਾਇਕੋਟ, ਲੁਧਿਆਣਾ | ੪੭ |
| ੩੧-੧੨-੦੯ | ਧਾਰੀਵਾਲ ਬੁਰਜ ਸਾਹਿਬ, ਗੁਰਦਾਸਪੁਰ | ੪੭ |

## ਧਰਮ ਪ੍ਰਚਾਰ ਲਹਿਰ ਅਤੇ ਸਿੱਖ ਵਿਰਸਾ ਸੰਭਾਲ ਮੁਹਿੰਮ ਦੇ ੩੭ਵੇਂ ਗੇੜ ਦੇ ਸਮਾਗਮ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡਾਂ 'ਚ ਕਰਵਾਏ ਗਏ

ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿਸ਼ਾ-ਨਿਰਦੇਸ਼ਾਂ 'ਤੇ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਅਤੇ ਧਰਮ ਪ੍ਰਚਾਰ ਵਹੀਰ ਦੇ ਮੁਖੀ ਜਥੇਦਾਰ ਬਲਦੇਵ ਸਿੰਘ ਦੀ ਅਗਵਾਈ ਹੇਠ ਧਰਮ ਪ੍ਰਚਾਰ ਲਹਿਰ ਅਤੇ ਸਿੱਖ ਵਿਰਸਾ ਸੰਭਾਲ ਮੁਹਿੰਮ ਦੇ ੩੭ਵੇਂ ਗੇੜ ਦੇ ਸਮਾਗਮ ਮਿਤੀ ੯ ਤੋਂ ੧੭ ਦਸੰਬਰ ੨੦੧੦ ਤਕ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਕਰਵਾਏ ਗਏ। ੩੭ਵੇਂ ਗੇੜ ਦੀ ਧਰਮ ਪ੍ਰਚਾਰ ਵਹੀਰ ਦਾ ਪਹਿਲਾ ਸਮਾਗਮ ੧੦ ਦਸੰਬਰ ਨੂੰ ਪਿੰਡ ਗੁਲਾਬ ਪੱਤਰਾਂ ਵਿਖੇ ਕਰਵਾਇਆ ਗਿਆ। ਇਸ ਤੋਂ ਅਗਲੇ ਸਮਾਗਮ ਬਸਤੀ ਨੱਥੇ ਸ਼ਾਹ, ਨਸੀਰਾ ਖਲਚੀਆਂ, ਧੀਰਾਂ ਪੱਤਰਾਂ, ਬੁੱਕਣ ਖਾਂ ਵਾਲਾ, ਨੂਰਪੁਰ ਸੇਠਾ ਅਤੇ ੧੭ ਦਸੰਬਰ ਨੂੰ ਮੁੱਖ ਸਮਾਗਮ ਪਿੰਡ ਝੋਕ ਹਰਹਿਰ ਵਿਖੇ ਹੋਇਆ। ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇ: ਅਵਤਾਰ ਸਿੰਘ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਸੰਗਤਾਂ ਨਾਲ ਗੁਰਮਤਿ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿੱਖੀ ਪ੍ਰਚਾਰ ਨੂੰ ਘਰ-ਘਰ ਪਹੁੰਚਾਉਣ ਲਈ ਹਰ ਸਾਧਨ ਮੁਹੱਈਆ ਕਰਵਾਇਆ ਜਾ ਰਿਹਾ ਹੈ। ਸਮਾਗਮ ਦੌਰਾਨ ਪੁੱਜੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਸੰਗਤਾਂ ਨੂੰ ਬਾਣੀ ਬਾਣੇ ਦੇ ਧਾਰਨੀ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜਨ ਲਈ ਕਿਹਾ। ਇਨ੍ਹਾਂ ਦਸ-ਦਿਨਾਂ ਸਮਾਗਮਾਂ ਦੌਰਾਨ ਹਰ ਦਿਨ ਸਮਾਗਮ ਦੀ ਸ਼ੁਰੂਆਤ ਸਵੇਰੇ ੯ ਵਜੇ ਪਿੰਡ ਵਿਚ ਨਗਰ ਕੀਰਤਨ ਸਜਾ ਕੇ ਕੀਤੀ ਗਈ ਜਿਸ ਵਿਚ ਨਗਰ ਕੀਰਤਨ ਦੌਰਾਨ ਹਜਾਰਾਂ ਦੀ ਗਿਣਤੀ ਵਿਚ ਸੰਗਤਾਂ ਨਾਲ ਚਲਦੀਆਂ ਹੋਈਆਂ ਸ਼ਬਦ ਕੀਰਤਨ ਕਰਦੀਆਂ ਰਹੀਆਂ। ਨਗਰ ਕੀਰਤਨ ਦੌਰਾਨ ਹੀ ਜਥੇਦਾਰ ਬਲਦੇਵ ਸਿੰਘ ਵਲੋਂ ਘਰ-ਘਰ ਦੇ ਅਗੋਂ ਲੰਗਦਿਆਂ ਬਰੂਹਾਂ ਤੇ ਖੜੇ ਨੌਜਵਾਨਾਂ ਨੂੰ ਸਿੱਖੀ ਦਾ ਵਿਰਸਾ ਸੰਭਾਲਣ ਅਤੇ ਹਰਿਮੰਦਰ ਸਾਹਿਬ ਤੋਂ ਲਿਆਂਦੇ ਸਿਰੋਪਾਓ ਉਨ੍ਹਾਂ ਦੇ ਸਿਰਾਂ 'ਤੇ ਸਜਾਏ ਤਾਂ ਨੌਜਵਾਨਾਂ ਨੇ ਪੰਥ ਦੇ ਇਸ ਮਿਸ਼ਨ ਨੂੰ ਕਬੂਲਦਿਆਂ ਪ੍ਰਣ ਕੀਤਾ ਕਿ ਅੱਗੇ ਤੋਂ ਗੁਰੂ ਕੀ ਮੋਹਰ ਕੇਸਾਂ ਨੂੰ ਨਹੀਂ ਕਟਾਉਣਗੇ। ਇਸ ਮੌਕੇ ਪ੍ਰਚਾਰਕ ਭਾਈ ਸਰਬਜੀਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਕੁਲਰਾਜ ਸਿੰਘ ਵੱਲਾ, ਭਾਈ ਤਜਿੰਦਰ ਸਿੰਘ, ਭਾਈ ਮਨਜੀਤ ਸਿੰਘ ਕਾਦੀਆਂ, ਭਾਈ ਗੁਰਵਿੰਦਰ ਸਿੰਘ, ਭਾਈ ਗੁਰਮੇਲ ਸਿੰਘ ਕਾਲੇਕੇ ਅਤੇ ਹੋਰ ਆਗੂਆਂ ਦਾ ਜਥਾ ਪੂਰੇ ਪਿੰਡ ਵਿਚ ਗਿਆ ਅਤੇ ਲੋਕਾਂ ਨੂੰ ਕੇਸ ਕਤਲ ਨਾ ਕਰਵਾਉਣ ਅਤੇ ਅੰਮ੍ਰਿਤਪਾਨ ਕਰਨ ਅਤੇ ਸਮਾਜਿਕ

ਬੁਰਾਈਆਂ ਖਿਲਾਫ਼ ਲਾਮਬੰਦ ਹੋਣ ਲਈ ਪ੍ਰੇਰਿਤ ਕਰਦਾ ਰਿਹਾ। ਇਸ ਉਪੰਰਤ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸਮਾਗਮ ਆਰੰਭ ਕੀਤਾ ਗਿਆ ਜਿਥੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪੁੱਜੇ ਹਜ਼ੂਰੀ ਰਾਗੀਆਂ ਨੇ ਗੁਰਬਾਣੀ ਦਾ ਰਸ-ਭਿੰਨਾ ਕੀਰਤਨ ਕੀਤਾ। ਇਸ ਉਪਰੰਤ ਢਾਡੀ ਭਾਈ ਗੁਰਮੇਲ ਸਿੰਘ ਕਾਲੇਕੇ ਅਤੇ ਭਾਈ ਬਲਦੇਵ ਸਿੰਘ ਲੌਂਗੋਵਾਲ ਨੇ ਸੰਗਤਾਂ ਨੂੰ ਢਾਡੀ ਵਾਰਾਂ ਨਾਲ ਨਿਹਾਲ ਕੀਤਾ। ਇਨ੍ਹਾਂ ਦਸ-ਦਿਨਾ ਸਮਾਗਮਾਂ ਦੌਰਾਨ ੫੫੪ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ, ੧੭੩੦ ਨੌਜਵਾਨਾਂ ਨੇ ਕੇਸ ਰੱਖਣ ਦਾ ਪ੍ਰਣ ਲਿਆ ਅਤੇ ੯੦ ਨੌਜਵਾਨਾਂ ਨੂੰ ਨਸ਼ਾ ਛੱਡਣ ਲਈ ਮੁਫਤ ਇਲਾਜ ਕਰਵਾਉਣ ਦੀਆਂ ਚਿੱਠੀਆਂ ਦਿੱਤੀਆਂ ਗਈਆਂ ਜਿਨ੍ਹਾਂ ਦਾ ਇਲਾਜ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਅਧੀਨ ਸ੍ਰੀ ਗੁਰੂ ਰਾਮਦਾਸ ਮੈਡੀਕਲ ਹਸਪਤਾਲ ਵੱਲਾ (ਅੰਮ੍ਰਿਤਸਰ) ਵਿਖੇ ਖੁੱਲ੍ਹੇ ਨਸ਼ਾ- ਛੁਡਾਊ ਕੇਂਦਰ ਵਿਚ ਮੁਫ਼ਤ ਕੀਤਾ ਜਾਵੇਗਾ।

## ਪਿੰਡ ਮੁੱਲਾਂਪੁਰ (ਲੁਧਿਆਣਾ) ਵਿਖੇ ਅੰਮ੍ਰਿਤ ਸੰਚਾਰ ਸਮਾਗਮ

ਭਾਈ ਭਰਪੂਰ ਸਿੰਘ ਇੰਚਾਰਜ ਸਿੱਖ ਵਿਰਸਾ ਸੰਭਾਲ ਮੁਹਿੰਮ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਮਿਤੀ ੩੦ ਦਸੰਬਰ ੨੦੦੯ ਤੋਂ ੩ ਜਨਵਰੀ ੨੦੧੦ ਤੀਕ ਲੁਧਿਆਣਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚ ਧਰਮ ਪ੍ਰਚਾਰ ਕਮੇਟੀ ਵੱਲੋਂ ਭਾਈ ਬਲਦੇਵ ਸਿੰਘ ਮੁਖੀ ਅਖੰਡ ਕੀਰਤਨੀ ਜਥਾ ਨਾਲ ਡਿਊਟੀ ਦੌਰਾਨ ਪਿੰਡ ਬਦੋਵਾਲ, ਇਆਲੀ, ਹਸਨਪੁਰ, ਜਾਮਪੁਰ, ਗੁਰਦੁਆਰਾ ਮੁਸਕੀਆਣਾ, ਪਿੰਡ ਮੁੱਲਾਂਪੁਰ ਵਿਖੇ ਕਰਵਾਏ ਅੰਮ੍ਰਿਤ ਸੰਚਾਰ ਸਮਾਗਮ ਦੌਰਾਨ ੩੪੦ ਪ੍ਰਾਣੀਆਂ ਨੇ ਖੰਡੇ-ਬਾਟੇ ਦਾ ਅੰਮ੍ਰਿਤ ਛਕਿਆ।

## ਗੁਰਦੁਆਰਾ ਮਰਦੋਂ ਸਾਹਿਬ ਪਾਤਿ: ਨੌਵੀਂ ਅਤੇ ਦਸਵੀਂ ਅੰਬਾਲਾ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਸਿੱਖ ਮਿਸ਼ਨ ਹਰਿਆਣਾ ਵੱਲੋਂ ਗੁਰਦੁਆਰਾ ਮਰਦੋਂ ਸਾਹਿਬ ਪਾਤਿ: ਨੌਵੀਂ ਅਤੇ ਦਸਵੀਂ ਅੰਬਾਲਾ ਵਿਖੇ ਮਿਤੀ ੧੫-੦੧-੨੦੧੦ ਨੂੰ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ ਜਿਸ ਵਿਚ ੩੫ ਪ੍ਰਾਣੀ ਅੰਮ੍ਰਿਤਪਾਨ ਕਰ ਗੁਰੂ ਵਾਲੇ ਬਣੇ। ਅੰਮ੍ਰਿਤ ਅਭਿਲਾਖੀਆਂ ਨੂੰ ਸਿੱਖ ਮਿਸ਼ਨ ਹਰਿਆਣਾ ਵੱਲੋਂ ਕਕਾਰ ਭੇਟਾ ਰਹਿਤ ਦਿੱਤੇ ਗਏ। ਪੰਜਾਂ ਪਿਆਰਿਆਂ ਦੀ ਸੇਵਾ ਸਿੱਖ ਮਿਸ਼ਨ ਹਰਿਆਣਾ ਦੇ ਪ੍ਰਚਾਰਕਾਂ ਭਾਈ ਤਰਲੋਚਨ ਸਿੰਘ, ਭਾਈ ਸ਼ੇਰ ਸਿੰਘ, ਭਾਈ ਰਣਜੀਤ ਸਿੰਘ, ਭਾਈ ਮਲਕੀਤ ਸਿੰਘ ਅਤੇ ਗੁਰਦੁਆਰਾ ਸਾਹਿਬ ਛੇਵੀਂ ਪਾਤਿ: ਕੁਰੂਕਸ਼ੇਤਰ ਦੇ ਗ੍ਰੰਥੀ ਸਿੰਘ ਭਾਈ ਮੁਖਤਿਆਰ ਸਿੰਘ ਤੇ ਰਾਗੀ ਸਿੰਘ ਭਾਈ ਦਲਜੀਤ ਸਿੰਘ ਨੇ ਨਿਭਾਈ। ਪੰਜਾਂ ਪਿਆਰਿਆਂ ਨੇ ਆਏ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾਇਆ ਅਤੇ ਉਨ੍ਹਾਂ ਨੂੰ ਸਿੱਖ ਰਹਿਤ ਮਰਯਾਦਾ ਅਤੇ ਸਿੱਖੀ ਸਿਧਾਂਤਾਂ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਸਿੱਖ ਮਿਸ਼ਨ ਹਰਿਆਣਾ ਦੇ ਢਾਡੀ ਜਥੇ ਭਾਈ ਲਖਵਿੰਦਰ ਸਿੰਘ 'ਪਾਰਸ' ਨੇ ਸੰਗਤਾਂ ਨੂੰ ਗੁਰ ਇਤਿਹਾਸ ਅਤੇ ਵੀਰ ਰਸ ਦੀਆਂ ਵਾਰਾਂ ਸੁਣਾ ਕੇ ਨਿਹਾਲ ਕੀਤਾ। ■

ਗੋਲਡਨ ਆਫਸੈੱਟ ਪ੍ਰੈਸ, ਗੁਰਦੁਆਰਾ ਰਾਮਸਰ ਸਾਹਿਬ, ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਸ. ਹਰਬੇਅੰਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ। *ਮਿਤੀ ੫-੨-੨੦੧੦*